# ਪਰਵਾਸ ਦੇ ਸਰੋਕਾਰ

**ਇਸੇ ਕਲਮ ਤੋਂ :-**

- ਗ਼ੈਰਹਾਜ਼ਰ ਪੈੜਾਂ ਦੀ ਕਥਾ (ਕਵਿਤਾ) 2002
- ਕਾਇਆ ਦੇ ਹਰਫ਼ (ਕਵਿਤਾ) 2006, 2017
- ਬਿਨ ਸਿਰਲੇਖ (ਕਵਿਤਾ) 2011, 2014
- ਚਿੜੀਆਂ ਦਾ ਪਿੰਡ (ਹਾਇਕੂ) 2012, 2020
- ਸਵਾਲ ਨਾ ਕਰ (ਕਵਿਤਾ) 2014
- ਸੁਪਨਿਆਂ ਦਾ ਪਿੱਛਾ ਕਰਦਿਆਂ (ਕਵਿਤਾ) 2018
- ਫੁੱਲਝੜੀ (ਬਾਲ ਕਵਿਤਾ) 2019
- ਚੁੱਪ ਦੇ ਬਹਾਨੇ (ਕਵਿਤਾ) 2020
- ਚੁੱਪ ਦਾ ਮਰਮ ਪਛਾਣੀਏ (ਵਾਰਤਕ) 2023
- ਬਹਿਰ (ਕਵਿਤਾ) 2025

# ਪਰਵਾਸ ਦੇ ਸਰੋਕਾਰ

ਮਲਵਿੰਦਰ

ਸਪਤਰਿਸ਼ੀ ਪਬਲੀਕੇਸ਼ਨ

# Parvas De Sarokar

by
**MALWINDER**
*Mob: 97795-91344*
*Email: malwinderpoet@gmail.com*

**ISBN: 978-81-990850-9-1**

**Edition: 2025**

**© Author**

Published by
**Saptrishi Publication**
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
**Visit us at : www.saptrishipublication.com**
94638-36591, 77174-65715
*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author*
**Printed at Saptrishi Printers**

ਸਮਰਪਣ

**ਪਰਵਾਸ ਲਈ**

**ਤਾਂਘਦਿਆਂ**

**ਨੂੰ**

# ਤਤਕਰਾ


- ਪਰਵਾਸ ਦੇ ਸਰੋਕਾਰ ਵਿਚੋਂ ਲੰਘਦਿਆਂ 9
- ਕੈਨੇਡਾ ਦੇ ਸਿਸਟਮ ਨਾਲ਼ ਜੂਝਦੀਆਂ ਕਦਰਾਂ-ਕੀਮਤਾਂ 13
- ਸਾਡੇ ਰਹਿਣ-ਸਹਿਣ ਵਿਚ ਮੰਡੀ ਦਾ ਦਖ਼ਲ 17
- ਪਰਵਾਸ ਦੀਆਂ ਚੁਣੌਤੀਆਂ ਦੇ ਨਵੇਂ ਮੁਹਾਂਦਰੇ 22
- ਭਾਈਚਾਰਕ ਸਾਂਝ ਤੋੜਦੀਆਂ ਭੀੜਾਂ 25
- ਕੈਨੇਡਾ ਵਿਚ ਪੰਜਾਬੀ ਮਾਤ-ਭਾਸ਼ਾ ਦਾ ਵਰਤਮਾਨ ਅਤੇ ਭਵਿੱਖ 29
- ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਵਿਸ਼ਵ ਵਿਆਪੀ ਵਰਤਾਰਾ ਤੇ ਸਾਰਥਕਤਾ 34
- ਚੋਣ ਜ਼ਾਬਤੇ ਦੌਰਾਨ ਲੋਕ ਜ਼ਬਤ ਅਤੇ ਬਦਲਵੇਂ ਵਿਕਲਪ ਦੀ ਲੋੜ 40
- ਲਾਇਬ੍ਰੇਰੀ ਦੇ ਵਿਸਥਾਰ ਦੀਆਂ ਸੰਭਾਵਨਾਵਾਂ 44
- ਕੈਨੇਡਾ, ਪਰਵਾਸ ਤੇ ਪੰਜਾਬੀ ਭਾਈਚਾਰਾ 50
- ਫੁੱਲਾਂ ਦਾ ਸ਼ਹਿਰ ਬਰੈਂਪਟਨ 54
- ਮਾੜੇ ਦੌਰ ‘ਚੋਂ ਲੰਘ ਰਿਹਾ ਕੈਨੇਡਾ 57
- ਕੈਨੇਡਾ ਵਿੱਚ ਪਾਰਕਾਂ ਸੰਗ ਸੰਵਾਦ 61
- ਕੈਨੇਡਾ, ਪੂੰਜੀਵਾਦੀ ਸਿਸਟਮ, ਪਰਵਾਸ ਤੇ ਪੰਜਾਬੀ ਭਾਈਚਾਰਾ 64
- ਜ਼ਿੰਦਗੀ ਨੂੰ ਸੀਪ ਲਾਉਂਦੀਆਂ ਉਮਰਾਂ 69
- ਕੂੜਾ, ਕੈਨੇਡਾ ਤੇ ਕਵਿਤਾ 72
- ਕੈਨੇਡਾ ਤੇ ਪਰਵਾਸ ਦੇ ਸਰੋਕਾਰ 76
- ਸਟੱਡੀ ਵੀਜ਼ੇ ਤੋਂ ਇਨਕਾਰ ਦਾ ਫਿਕਰ 79
- ਤਾਂਘ ਵਿੱਚ ਸਾਹ ਲੈਂਦਾ ਕੈਨੇਡਾ 81
- ਮਾਪਿਆਂ ਦੀ ਅੱਖ ’ਚ ਰੜਕਦਾ ਕੈਨੇਡਾ 84
- ਪਾਰਕਾਂ ਨੂੰ ਦੁੱਖ ਦੱਸਦੇ 87
- ਕੈਲਸੋ ਬੀਚ ਪਾਰਕ ਦੀ ਕੁਦਰਤ ਨਾਲ ਬਿਤਾਏ ਕੁਝ ਪਲ 90
- ਡੂੰਘਾ ਵਾਹ ਲੈ ਹਲ਼ ਵੇ, ਤੇਰੀ ਘਰੇ ਨੌਕਰੀ 93

- ਓਨਟਾਰੀਓ ਝੀਲ ਦੇ ਕੰਢੇ ਵੱਸਿਆ ਖ਼ੂਬਸੂਰਤ ਸ਼ਹਿਰ ਟੋਰਾਂਟੋ 96
- ਹਵਾਈ ਸਫ਼ਰ ਦੌਰਾਨ ਕੋਰੋਨਾ ਦਾ ਪਰਛਾਵਾਂ ਅਤੇ ਹੋਰ ਦੁਸ਼ਵਾਰੀਆਂ 100
- ਸੁਪਨੇ ਅੰਦਰ ਬੈਠੇ ਡਰ 104
- ਟੋਰਾਂਟੋ (ਕੈਨੇਡਾ) ਵਿਚ ਸਾਹਿਤ ਸਭਾਵਾਂ, ਪੰਜਾਬੀ ਭਾਈਚਾਰਾ ਅਤੇ ਮੀਡੀਆ 107
- ਪਰਵਾਸ ਅਤੇ ਕਿਰਤ ਦੇ ਨਵੇਂ ਰੂਪ, ਸੰਭਾਵਨਾਵਾਂ 112

ਸਵੈ-ਕਥਨ

# ਪਰਵਾਸ ਦੇ ਸਰੋਕਾਰਾਂ ਵਿਚੋਂ ਲੰਘਦਿਆਂ

ਚੁੱਪ ਦਾ ਮਰਮ ਪਛਾਣੀਏ ਮੇਰੀ ਪਹਿਲੀ ਵਾਰਤਕ ਦੀ ਪੁਸਤਕ ਹੈ। ਇਸ ਤੋਂ ਪਹਿਲਾਂ ਕਵਿਤਾ ਦੀਆਂ ਅੱਠ ਕਿਤਾਬਾਂ ਛਪ ਚੁੱਕੀਆਂ ਹਨ। ਵਾਰਤਕ ਦੀ ਇਸ ਪੁਸਤਕ ਵਿਚ ਜਿੱਥੇ ਬਚਪਨ ਦਾ ਸੰਘਰਸ਼, ਅਧਿਆਪਨ ਕਾਰਜ ਕਰਦਿਆਂ ਦੇ ਕੁਝ ਤਜ਼ਰਬੇ ਅਤੇ ਕੁਝ ਸਮਾਜਕ ਵਿਸ਼ੇ ਸ਼ਾਮਲ ਹਨ ਉਥੇ ਕੈਨੇਡਾ ਵੱਸਦੇ ਆਪਣੇ ਪੁੱਤਰ ਕੋਲ਼ ਬਰੈਂਪਟਨ ਜਾਣ ਦਾ ਮੌਕਾ ਮਿਲਣ ਕਰਕੇ ਉਥੇ ਪਰਵਾਸ ਹੰਢਾ ਰਹੇ ਲੋਕਾਂ ਦੇ ਜੀਵਨ ਬਿਰਤਾਂਤ ਨਾਲ਼ ਸਬੰਧਤ ਵਿਸ਼ੇ ਵੀ ਸ਼ਾਮਲ ਹਨ। ਸਾਲ 2018 ਵਿਚ ਮੈਂ ਪਹਿਲੀ ਵਾਰ ਕੈਨੇਡਾ ਗਿਆ ਸਾਂ। ਕੈਨੇਡਾ ਮੇਰੇ ਲਈ ਹੋਰਨਾਂ ਪੰਜਾਬੀਆਂ ਵਾਂਗ ਇੱਕ ਸੁਪਨਾ ਸੀ। ਇਹੋ ਸੁਪਨਾ ਅੱਖਾਂ 'ਚ ਸਮਾਈ ਮੈਂ ਜਦ ਪਹਿਲੀ ਵਾਰ ਟੋਰਾਂਟੋ ਦੇ ਏਅਰਪੋਰਟ 'ਤੇ ਉਤਰਿਆ ਤਾਂ ਇਸ ਸ਼ਹਿਰ ਨੇ ਮੈਨੂੰ ਚਕ੍ਰਿਤ ਕੀਤਾ ਸੀ। ਰਾਤ ਦੇ ਹਨੇਰੇ ਵਿਚ ਸੜਕਾਂ 'ਤੇ ਟਰੈਫਿਕ ਦੀਆਂ ਲਾਈਟਾਂ ਦਾ ਵਗਦਾ ਹੜ੍ਹ ਤੁਹਾਨੂੰ ਆਚੰਭਿਤ ਕਰਦਾ ਹੈ। ਪੈਦਲ ਚੱਲਣ ਵਾਲਿਆਂ ਲਈ ਵੱਖਰਾ ਵਾਕਵੇਅ ਅਤੇ ਟਰੈਫਿਕ ਦੇ ਨਿਯਮਾਂ ਦਾ ਪਾਲਣ ਕਰਨਾ, ਦਫ਼ਤਰਾਂ, ਦੁਕਾਨਾਂ ਤੇ ਹੋਰ ਪਬਲਿਕ ਥਾਵਾਂ 'ਤੇ ਲਾਈਨ 'ਚ ਲੱਗ ਕੇ ਆਪਣੀ ਵਾਰੀ ਦੀ ਉਡੀਕ ਕਰਨ ਸਮੇਤ ਹੋਰ ਬਹੁਤ ਕੁਝ ਸਿਸਟਮ ਦਾ ਹਿੱਸਾ ਤੁਹਾਨੂੰ ਚੰਗਾ ਲੱਗਦਾ ਹੈ। ਆਰੰਭਿਕ ਵਰ੍ਹਿਆਂ ਦੌਰਾਨ ਇਹ ਸਭ ਚੰਗਾ ਲੱਗਦਾ ਤੁਹਾਡੀ ਲਿਖਤ ਦਾ ਹਿੱਸਾ ਬਣਦਾ ਹੈ। ਮੈਂ ਵੀ ਪਹਿਲੀ ਗੇੜੀ ਦੌਰਾਨ ਅਜਿਹੇ ਹੀ ਅਨੁਭਵ ਲਿਖੇ ਜੋ ਪੰਜਾਬ ਦੀਆਂ ਅਖ਼ਬਾਰਾਂ ਵਿਚ ਛਪਦੇ ਵੀ ਰਹੇ। ਦੂਜੀ ਫੇਰੀ ਵੇਲ਼ੇ ਮੈਂ ਸਹਿਜ ਸਾਂ। ਸਹਿਜ ਹੋਇਆਂ ਹੀ ਸੂਹਜ ਨਾਲ਼ ਯਥਾਰਥਿਕ ਸੰਵਾਦ ਰਚਾਉਣਾ ਸੰਭਵ ਹੁੰਦਾ ਹੈ। ਇਹਨਾਂ ਦੋ ਫੇਰੀਆਂ ਦੌਰਾਨ ਮੈਂ ਜਾਣਿਆਂ ਕਿ ਬਰੈਂਪਟਨ ਨਵਾਂ ਆਬਾਦ ਹੋ ਰਿਹਾ ਪੰਜਾਬ ਹੈ। ਦਰਜਨ ਤੋਂ ਵੱਧ ਹਫ਼ਤਾਵਾਰੀ ਪੰਜਾਬੀ ਅਖ਼ਬਾਰ ਇਥੇ ਛਪਦੇ ਹਨ। ਏਨੀਆਂ ਕੁ ਹੀ ਪੰਜਾਬੀ ਸਾਹਿਤ ਸਭਾਵਾਂ ਸਰਗਰਮ ਹਨ। ਇਹਨਾਂ ਸਾਹਿਤ ਸਭਾਵਾਂ ਦੀਆਂ ਮੀਟਿੰਗਾਂ ਵਿਚ ਜਾਣ ਦਾ ਅਰਥ ਸਾਹਿਤ ਨਾਲ਼ ਜੁੜਨਾ ਵੀ ਹੁੰਦਾ ਤੇ ਬਹੁਤ ਸਾਰੇ ਦੋਸਤਾਂ ਨੂੰ ਮਿਲਣ ਦਾ ਮੌਕਾ ਬਣਨਾ ਵੀ। ਇਨ੍ਹਾਂ ਸਾਹਿਤ ਸਭਾਵਾਂ ਦੇ ਸਮਾਗਮਾਂ 'ਚ ਸ਼ਾਮਲ ਹੋਣ ਨਾਲ਼ ਲਿਖਣ ਲਈ ਕਈ ਨਵੇਂ ਵਿਸ਼ੇ ਵੀ ਮਿਲਦੇ ਹਨ। ਇੰਝ ਪਰਵਾਸ ਦੇ ਸਰੋਕਾਰਾਂ ਬਾਰੇ ਹੋਰ ਲਿਖਤਾਂ ਹੋਂਦ ਵਿਚ ਆਉਂਦੀਆਂ ਰਹੀਆਂ। ਇਨ੍ਹਾਂ ਸਾਹਿਤ ਸਭਾਵਾਂ ਦੀ ਕਾਰਜ ਸ਼ੈਲੀ ਨੂੰ ਨੇੜਿਉਂ ਵੇਖਿਆਂ ਪਤਾ ਲੱਗਿਆ ਕਿ ਪੰਜਾਬ ਵਿਚ ਸਰਗਰਮ ਸਾਹਿਤ

ਸਭਾਵਾਂ ਵਾਲ਼ੀਆਂ ਧੜੇਬੰਦੀਆਂ ਤੇ ਹੋਰ ਵਿਗਾੜ ਇਥੇ ਵੀ ਵੇਖਣ ਨੂੰ ਮਿਲਦੇ ਹਨ। ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਨਾਂ 'ਤੇ ਹੁੰਦੇ ਕੁਝ ਸਮਾਗਮਾਂ ਵਿਚ ਪ੍ਰਬੰਧਕਾਂ ਦੇ ਗੁਣ-ਗਾਨ ਸੁਣਦਿਆਂ ਵਿਅਕਤੀ ਦੇ ਨਿੱਜ ਤੱਕ ਸੁੰਘੜਦਾ ਵਿਸ਼ਵ ਵੇਖਿਆ। ਭਾਸ਼ਾ, ਸਾਹਿਤ ਤੇ ਪਰਵਾਸ ਨਾਲ਼ ਜੁੜੇ ਸਰੋਕਾਰਾਂ ਦਾ ਗਲੋਬਲੀ ਦ੍ਰਿਸ਼ਟੀਕੋਣ ਕਿਸੇ ਵੀ ਬੁਲਾਰੇ ਦੇ ਭਾਸ਼ਣ ਵਿਚ ਸੁਣਨ ਨੂੰ ਨਹੀਂ ਮਿਲਿਆ। ਵਿਸ਼ਵ ਕਾਨਫਰੰਸਾਂ ਦੇ ਨਾਂ ਹੇਠ ਰਚਾਏ ਜਾਂਦੇ ਇਹ ਕੌਤਕ ਮੇਰੇ ਲਈ ਹੈਰਾਨੀ ਵਾਲ਼ੇ ਵਰਤਾਰੇ ਸਨ ਜਿੰਨ੍ਹਾਂ ਬਾਰੇ ਆਪਣੀ ਸੂਝ ਸਮਝ ਅਨੁਸਾਰ ਮੈਂ ਲਿਖਿਆ। ਸਕੂਲਾਂ ਤੀਕ ਪਹੁੰਚਿਆ ਡਰੱਗਜ਼ ਦਾ ਕਾਰੋਬਾਰ, ਬੁਲਿੰਗ, ਕਾਰਾਂ ਚੋਰੀ ਹੋਣ ਦੀਆਂ ਵਾਰਦਾਤਾਂ, ਤੁਹਾਡੇ ਨਾਂ 'ਤੇ ਕਿਸੇ ਅਣਜਾਣ ਵੱਲੋਂ ਬੈਂਕ ਲੋਨ ਕਢਵਾ ਲੈਣ ਸਮੇਤ ਬਹੁਤ ਸਾਰੇ ਵਿਗਾੜ ਹਨ ਜੋ ਇਹ ਸੰਕੇਤ ਦਿੰਦੇ ਹਨ ਕਿ ਹਰ ਸਿਸਟਮ ਵਿਚ ਕਮਜ਼ੋਰੀਆਂ ਹੁੰਦੀਆਂ ਹਨ। ਇਹ ਸਭ ਵੀ ਇੱਕ ਫ਼ਿਕਰ ਵਾਂਗ ਮੇਰੇ ਕੋਲ਼ ਆਏ ਜਿਹਨਾਂ ਬਾਰੇ ਮੈਂ ਲਿਖਿਆ ਤੇ ਪਾਠਕਾਂ ਨੇ ਪਸੰਦ ਵੀ ਕੀਤਾ। ਪਸੰਦ ਕਰਨ ਤੋਂ ਭਾਵ ਇਹ ਲਿਆ ਜਾ ਸਕਦਾ ਹੈ ਕਿ ਇਹ ਫ਼ਿਕਰ ਉਨ੍ਹਾਂ ਦੇ ਵੀ ਹਨ, ਸਾਡੇ ਸਭ ਦੇ ਹਨ।

ਕੁਝ ਲੋਕ ਦਹਾਕਿਆਂ ਤੋਂ ਇਥੇ ਪਰਵਾਸ ਹੰਢਾ ਰਹੇ ਹਨ। ਉਹਨਾਂ ਦਾ ਰਹਿਣ-ਸਹਿਣ ਤੇ ਸਮੱਸਿਆਵਾਂ ਵੱਖਰੀਆਂ ਹਨ। ਪਰ ਜਿਹੜੇ ਮਾਪੇ ਇਥੇ ਆਪਣੇ ਪੀ.ਆਰ. ਹੋ ਗਏ ਬੱਚਿਆਂ ਕੋਲ਼ ਰਹਿਣ ਆਉਂਦੇ ਹਨ, ਉਹਨਾਂ ਦਾ ਇਥੇ ਮਨ ਨਹੀਂ ਲੱਗਦਾ। ਜ਼ਿੰਦਗੀ ਦੇ ਛੇ ਦਹਾਕੇ ਉਹਨਾਂ ਜਿਸ ਭੋਇੰ ਤੇ ਬਿਤਾਏ ਹੁੰਦੇ ਹਨ, ਜਿਸ ਸਮਾਜ ਅਤੇ ਸਿਸਟਮ ਦਾ ਹਿੱਸਾ ਬਣਕੇ ਉਹ ਰਹੇ ਹੁੰਦੇ ਹਨ, ਉਹਨਾਂ ਨੂੰ ਭੁਲਾ ਕੇ ਇਸ ਨਵੀਂ ਧਰਤੀ 'ਤੇ ਆ ਕੇ ਵੱਸਣਾ ਗਵਾਰਾ ਨਹੀਂ ਹੁੰਦਾ। ਕੈਨੇਡਾ ਉਨ੍ਹਾਂ ਦੀਆਂ ਅੱਖਾਂ ਵਿਚ ਕੰਕਰ ਵਾਂਗ ਰੜਕਦਾ ਹੈ। ਉਹ ਜਿਸ ਮਾਨਸਿਕ ਤਣਾਅ 'ਚੋਂ ਗੁਜ਼ਰਦੇ ਹਨ, ਉਹ ਪਰਵਾਸ ਦਾ ਇੱਕ ਵੱਡਾ ਸਰੋਕਾਰ ਬਣਦਾ ਹੈ। ਉਹਨਾਂ ਵਿਚੋਂ ਬਹੁਤ ਸਾਰੇ ਮਨ ਹੀ ਮਨ ਇਹ ਫੈਸਲਾ ਵੀ ਕਰਦੇ ਹਨ ਕਿ ਦੁਬਾਰਾ ਇਥੇ ਨਹੀਂ ਆਉਣਗੇ। ਪਰ ਅਗਲੇਰੀ ਪੀੜ੍ਹੀ ਦੇ ਪਾਲਣ-ਪੋਸ਼ਣ ਦੀ ਜੁਮੇਵਾਰੀ ਨਿਭਾਉਣ ਲਈ ਮੂਲ ਨਾਲੋਂ ਵਿਆਜ ਪਿਆਰਾ ਲੱਗਣ ਲੱਗ ਜਾਂਦਾ ਹੈ। ਇਸ ਬਾਰੇ ਵੀ ਲਿਖਣਾ ਬਣਦਾ ਸੀ।

ਪਰਵਾਸ ਸਦੀਆਂ ਤੋਂ ਚਲਦਾ ਆ ਰਿਹਾ ਵਰਤਾਰਾ ਹੈ। ਰੋਟੀ-ਰੋਜ਼ੀ ਅਤੇ ਬਿਹਤਰ ਸੁਖ-ਸਹੂਲਤਾਂ ਦੀ ਤਲਾਸ਼ 'ਚ ਮਨੁੱਖ ਪਰਵਾਸ ਕਰਦਾ ਆ ਰਿਹਾ ਹੈ। ਪਰ ਹੁਣ ਦੇ ਸਮਿਆਂ ਵਿਚ ਪਰਵਾਸ ਦੇ ਅਰਥ ਬਦਲ ਗਏ ਹਨ। ਹੁਣ ਪਰਵਾਸ ਪਰਿਵਾਰ ਸਮੇਤ ਹੁੰਦਾ ਹੈ। ਪਰਵਾਸ ਹੁਣ ਪਰਿਵਾਰ ਦਾ ਪਰਤਾਇਆ ਪ੍ਰਤੀਕਰਮ ਹੈ। ਪਰਿਵਾਰ ਦਾ ਪਰਵਾਸ ਕਰਕੇ ਕਿਸੇ ਦੂਜੇ ਦੇਸ਼ ਵਿਚ ਵੱਸਣ ਨਾਲ਼ ਬਹੁਤ ਸਾਰੀਆਂ ਨਵੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਥੇ ਆ ਕੇ ਰਿਸ਼ਤੇ ਵਧੇਰੇ ਸੁਆਰਥੀ

ਹੁੰਦੇ ਵੀ ਵੇਖੇ ਹਨ। ਇਸ ਸੁਆਰਥ ਤੋਂ ਪੀੜ੍ਹਤ ਪਰਿਵਾਰ ਵੀ ਮਿਲਦੇ ਹਨ। ਉਹ ਚਣੌਤੀਆਂ ਵੀ ਮੇਰੀ ਲਿਖਤ ਦਾ ਹਿੱਸਾ ਬਣੀਆਂ ਹਨ। ਮਲਟੀਕਲਚਰਡ ਸਮਾਜ ਵਿਚ ਰਹਿਣ ਦਾ ਅਨੁਭਵ ਕਈ ਮਾਨਸਿਕ ਗੁੰਝਲਾਂ ਵੀ ਪੈਦਾ ਕਰਦਾ ਹੈ। ਇਸ ਬਾਰੇ ਬਹੁਤ ਸਾਰਾ ਸਾਹਿਤ ਲਿਖਿਆ ਜਾ ਚੁੱਕਾ ਹੈ ਅਤੇ ਲਿਖਿਆ ਜਾ ਰਿਹਾ ਹੈ। ਇਸ ਲਿਖੇ ਸਾਹਿਤ ਬਾਰੇ ਲਿਖਣਾ ਵੀ ਬਣਦਾ ਸੀ। ਇਸ ਖਿਤੇ ਦੀ ਖ਼ੂਬਸੂਰਤੀ ਬਾਰੇ ਲਿਖਣਾ ਕਿਵੇਂ ਛੱਡਿਆ ਜਾ ਸਕਦਾ ਸੀ। ਨਿਆਗਰਾ ਫ਼ਾਲਜ਼ ਇੱਕ ਵਿਸ਼ਾਲ ਦਰਿਆ ਵਿਚ ਅਮਰੀਕਾ ਵਾਲ਼ੇ ਪਾਸਿਉਂ ਡਿੱਗ ਰਹੇ ਪਾਣੀ ਦਾ ਤਲਿੱਸਮੀ ਜਲਵਾ ਹੈ। ਇੰਝ ਹੀ ਕੈਲਸੋ ਬੀਚ, ਸੀ.ਐਨ ਟਾਵਰ, ਟੋਰਾਂਟੋ ਆਈਲੈਂਡ, ਰਿਪਲੀ ਐਕੁਏਰੀਅਮ, ਬਲੱਫਰ ਪਾਰਕ ਆਦਿ ਸਮੇਤ ਬਹੁਤ ਸਾਰੀਆਂ ਅਜਿਹੀਆਂ ਥਾਵਾਂ ਹਨ ਜਿਹਨਾਂ ਦਾ ਜਿਕਰ ਪਰਵਾਸ ਦੇ ਹਵਾਲੇ ਨਾਲ਼ ਵੀ ਕਰਨਾ ਬਣਦਾ ਹੈ।

ਇਸ ਪੁਸਤਕ ਵਿਚ ਮੈਂ ਪਰਵਾਸ ਹੰਢਾ ਰਹੇ ਵੱਖ-ਵੱਖ ਉਮਰ ਵਰਗ ਦੇ ਲੋਕਾਂ ਦੀ ਮਾਨਸਿਕਤਾ ਨੂੰ ਫੜਨ ਦਾ ਯਤਨ ਕੀਤਾ ਹੈ। ਅਗਲੀਆਂ ਫੇਰੀਆਂ ਦੌਰਾਨ ਪਰਵਾਸ ਨਾਲ਼ ਜੁੜੇ ਹੋਰ ਬਹੁਤ ਸਾਰੇ ਅਨੁਭਵਾਂ ਬਾਰੇ ਲਿਖਿਆ ਹੈ। ਪਰਵਾਸ ਨਾਲ਼ ਸਬੰਧਤ ਆਪਣੀਆਂ ਹੁਣ ਤੱਕ ਦੀਆਂ ਸਮੁੱਚੀਆਂ ਲਿਖਤਾਂ ਨੂੰ ਇਸ ਪੁਸਤਕ ‘ਪਰਵਾਸ ਦੇ ਸਰੋਕਾਰ’ ਵਿੱਚ ਸ਼ਾਮਲ ਕੀਤਾ ਹੈ। ਬਹੁਤ ਸਾਰੀਆਂ ਗੱਲਾਂ ਰਹਿ ਗਈਆਂ ਹਨ। ਭਵਿੱਖ ਵਿਚ ਉਹਨਾਂ ਬਾਰੇ ਵੀ ਲਿਖਣ ਦੀ ਕੋਸ਼ਿਸ਼ ਰਹੇਗੀ। ਪਰਵਾਸ ਬਾਰੇ ਲਿਖਣਾ ਇੱਕ ਵਿਸ਼ਾਲ ਅਨੁਭਵੀ ਕਾਰਜ ਹੈ। ਇਹ ਕਾਰਜ ਨਵੇਂ ਅਰਥਾਂ ਵਾਲਾ ਸਾਹਿਤ ਸਿਰਜਣ ਦੀਆਂ ਨਵੀਆਂ ਤੇ ਨਿਵੇਕਲੀਆਂ ਹੱਦਾਂ ਨਿਸਚਿਤ ਕਰਦਾ ਹੈ। ਪਰਵਾਸੀ ਲੇਖਕਾਂ ਦੀਆਂ ਲਿਖਤਾਂ ਵਿਚ ਅਨੁਭਵ ਦੀ ਸ਼ਿਦਤ ਸਹਿਜੇ ਹੀ ਵੇਖੀ ਜਾ ਸਕਦੀ ਹੈ। ਅਜਿਹੇ ਅਨੁਭਵ ਵਾਲ਼ੇ ਸਾਹਿਤ ਦਾ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਤੌਰ ‘ਤੇ ਨੋਟਿਸ ਲਿਆ ਜਾਂਦਾ ਹੈ। ਇਸ ਸਾਹਿਤ ਦੀ ਵਿਲੱਖਣਤਾ ਨਵੀਆਂ ਕਦਰਾਂ ਕੀਮਤਾਂ ਵਿਚ ਜਜ਼ਬ ਹੋ ਰਹੇ ਮਨੁੱਖ ਦੀ ਗੁੰਝਲਦਾਰ ਮਾਨਸਿਕਤਾ ਨੂੰ ਫੜਨਾ ਹੈ। ਮੈਂ ਆਪਣੀ ਸਮਰੱਥਾ ਅਨੁਸਾਰ ਇਸ ਵਿੱਚ ਆਪਣਾ ਬਣਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਕਾਰਜ ਵਿਚ ਲੱਗੇ ਸਭ ਲੋਕਾਂ ਦਾ ਧੰਨਵਾਦ ਕਰਨਾ ਬਣਦਾ ਹੈ।

**ਮਲਵਿੰਦਰ**

# ਕੈਨੇਡਾ ਦੇ ਸਿਸਟਮ ਨਾਲ਼ ਜੂਝਦੀਆਂ ਕਦਰਾਂ-ਕੀਮਤਾਂ

ਸਮਾਜਿਕ ਕਦਰਾਂ ਕੀਮਤਾਂ ਦੇ ਸਮਕਾਲੀ ਸਮਿਆਂ ਅੰਦਰ ਕਈ ਅਰਥ ਹਨ। ਮਸਲਨ ਪਰਿਵਾਰਕ ਕੀਮਤਾਂ, ਜਿਹੜੀਆਂ ਵੱਖ-ਵੱਖ ਧਰਮਾਂ ਤੇ ਭਾਈਚਾਰਕ ਸਮੂੰਹਾਂ ਅੰਦਰ ਵੱਖਰੇ ਮਾਪਦੰਡਾਂ ਵਾਲੀਆਂ ਹੋ ਸਕਦੀਆਂ ਹਨ। ਬਹੁਤ ਵਾਰੀ ਇਹ ਕਦਰਾਂ ਕੀਮਤਾਂ ਕਿਸੇ ਪਰਿਵਾਰਕ ਢਾਚੇ ਅੰਦਰ ਮਿੱਥੇ ਹੋਏ ਰਾਹਾਂ ਦੀਆਂ ਪਾਬੰਦ ਹੁੰਦੀਆਂ ਹਨ। ਮੁੱਖ ਤੌਰ ‘ਤੇ ਇਹ ਕਦਰਾਂ ਕੀਮਤਾਂ ਸਾਡਾ ਰਹਿਣ-ਸਹਿਣ, ਖਾਣ-ਪੀਣ, ਕਿਰਤ ਕਰਨ, ਸਾਡਾ ਵਿਹਾਰ ਤੇ ਚਾਲ-ਚੱਲਣ ਤਹਿ ਕਰਦੀਆਂ ਹਨ। ਇਹ ਰਚਨਾਤਮਕ ਤੇ ਮੂਲ ਵਿਸ਼ਵਾਸ ਉਮਰ ਦੇ ਮੁੱਢਲੇ ਸਾਲਾਂ ਵਿਚ ਕਿਸੇ ਵਿਅਕਤੀ ਦਾ ਵਿਅਕਤੀਤਵ ਘੜਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਪਰ ਬਾਅਦ ਵਾਲੇ ਸਾਲਾਂ ਦੇ ਤਜ਼ਰਬੇ, ਪਰਿਵਾਰ ਤੋਂ ਬਾਹਰ ਦੇ ਰਿਸ਼ਤੇ, ਸਾਂਝਾਂ, ਮਿਲਵਰਤਣ, ਵਿਚਰਣ, ਘਟਨਾਵਾਂ ਤੇ ਵੱਖਰੇ ਵਿਚਾਰ ਵਧੇਰੇ ਪ੍ਰਭਾਵਤ ਕਰਦੇ ਹਨ। ਇੰਝ ਕਦਰਾਂ-ਕੀਮਤਾਂ ਆਪਣਾ ਰੂਪ ਬਦਲਦੀਆਂ ਰਹਿੰਦੀਆਂ ਹਨ। ਇਹ ਬਦਲਾਅ ਹਰ ਪਰਿਵਾਰ, ਭਾਈਚਾਰੇ ਲਈ ਸੁਖਾਵਾਂ ਨਹੀਂ ਹੁੰਦਾ। ਪਰਵਾਸ ਕਦਰਾਂ-ਕੀਮਤਾਂ ਦੇ ਟੁੱਟਣ ਅਤੇ ਨਵੇਂ ਆਕਾਰ ਗ੍ਰਹਿਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ।

ਪਰਵਾਸ, ਕੈਨੇਡਾ ਤੇ ਸਮੱਸਿਆਵਾਂ ਚਰਚਾ ਵਿਚ ਹਨ। ਵਿਦਿਆਰਥੀ ਵੀਜ਼ੇ ‘ਤੇ ਆਏ ਨੌਜਵਾਨਾਂ ਦੇ ਵਿਵਹਾਰ ਵਿਚਲੀਆਂ ਬੇ-ਤਰਤੀਬੀਆਂ ਤੇ ਕੈਨੇਡਾ ਸਰਕਾਰ ਵੱਲੋਂ ਲਏ ਗਏ ਕੁਝ ਸਖ਼ਤ ਫੈਸਲਿਆਂ ਤੋਂ ਵੱਖਰਾ ਵੀ ਬਹੁਤ ਕੁਝ ਹੈ ਜੋ ਏਸ਼ੀਅਨ ਤੇ ਖਾਸ ਕਰਕੇ ਪੰਜਾਬੀ ਭਾਈਚਾਰੇ ਲਈ ਚੁਣੌਤੀ ਬਣਿਆ ਹੈ। ਸਾਡਾ ਸੱਭਿਆਚਾਰ ਤੇ ਕਦਰਾਂ-ਕੀਮਤਾਂ, ਜਿਸ ਨੂੰ ਅਸੀਂ ਆਪਣਾ ਮਾਣ ਸਨਮਾਨ ਬਣਾ ਰੱਖਿਆ ਹੈ, ਸਾਡੇ ਘਰਾਂ ਵਿਚ, ਸੰਸਥਾਵਾਂ ਵਿਚ ਤੇ ਸਮਾਜ ਵਿਚ ਪ੍ਰੇਸ਼ਾਨੀਆਂ ਪੈਦਾ ਕਰ ਰਿਹਾ ਹੈ। ਸਾਡੇ ਘਰਾਂ ਵਿਚ ਘਰ ਦਾ ਮੁਖੀ ਮੋਹਤਬਰ ਬੰਦਾ ਹੁੰਦਾ ਹੈ ਜੋ ਬਾਹਰੀ ਤੌਰ ‘ਤੇ ਬਾਕੀ ਜੀਆਂ ਦਾ ਸਲਾਹਕਾਰ ਤੇ ਮਦਦਗਾਰ ਲੱਗਦਾ ਹੈ ਪਰ ਅਸਲ ਵਿਚ ਉਹ ਘਰ ਦੇ ਜੀਆਂ ਨੂੰ ਕੰਟਰੋਲ ਕਰ ਰਿਹਾ ਹੁੰਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਘਰ ਦੇ ਹੋਰ ਜੀਅ ਆਪਣੀ ਮਰਜੀ ਨਾਲ਼ ਕੁਝ ਨਹੀਂ ਕਰ ਸਕਦੇ। ਉਹਨਾਂ ਦੀ ਅਜ਼ਾਦ ਸੋਚ ਉੱਪਰ ਪਹਿਰਾ ਲੱਗਾ ਹੁੰਦਾ ਹੈ। ਅੱਜ ਤੋਂ ਪੰਜ ਛੇ

ਦਹਾਕੇ ਪਹਿਲਾਂ ਇਹ ਸਿਸਟਮ ਚਲਦਾ ਸੀ। ਘਰ ਇੱਕ ਅਨੁਸ਼ਾਸ਼ਨ ਵਿੱਚ ਬੱਝਾ ਆਪਣੇ ਹਿੱਸੇ ਦੇ ਕੰਮ ਜਾਂ ਜ਼ੁੰਮੇਵਾਰੀਆਂ ਨਿਭਾਉਂਦਾ ਸੀ। ਇਹ ਸਵੈ-ਸਾਂਝੀ ਨਿਰਭਰਤਾ ਸੀ ਜਿਸ ਦੇ ਬਹੁਤ ਸਾਰੇ ਦੂਰ ਪ੍ਰਭਾਵ ਹੁੰਦੇ ਸਨ। ਤਬਦੀਲੀ ਕੁਦਰਤ ਦਾ ਨੇਮ ਹੈ। ਵਕਤ ਨਾਲ ਬੜਾ ਕੁਝ ਬਦਲ ਗਿਆ ਹੈ। ਪਰਵਾਸ ਕਰਕੇ ਹੋਰਨਾਂ ਵਿਕਸਤ ਦੇਸ਼ਾਂ ਵਿਚ ਆ ਕੇ ਰਹਿ ਰਹੇ ਲੋਕਾਂ ਨੂੰ ਇਸ ਤਬਦੀਲੀ ਨੇ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ ਤੇ ਕਰ ਰਹੀ ਹੈ। ਅੱਜ ਤੋਂ ਸੱਤ ਅੱਠ ਦਹਾਕੇ ਪਹਿਲਾਂ ਜਨਮੇ ਤੇ ਪਰਵਾਸ ਕਰਕੇ ਇਥੇ ਕੈਨੇਡਾ ਵਿਚ ਆ ਗਏ ਲੋਕਾਂ ਨੂੰ ਇਹ ਤਬਦੀਲੀ ਪਚ ਨਹੀਂ ਰਹੀ। ਉਹ ਘਰ ਦੇ ਕਿਸੇ ਮਸਲੇ ਵਿਚ ਸਲਾਹ ਨਹੀਂ ਦੇ ਸਕਦੇ। ਕਿਸੇ ਨਿਆਣੇ ਨੂੰ ਝਿੜਕ ਨਹੀਂ ਸਕਦੇ। ਸਖ਼ਤ ਬਾਪ ਦੀ ਕੁੱਟ ਤੇ ਅਧਿਆਪਕਾਂ ਦੇ ਡੰਡਿਆਂ ਦੀ ਚੀਸ ਦੇ ਸੋਹਲੇ ਗਾਉਣ ਵਾਲੇ ਵੇਲ਼ੇ ਵਿਹਾ ਗਏ ਹਨ। ਰਾਤ ਵੇਲ਼ੇ ਤੁਹਾਡਾ ਕੋਈ ਜਵਾਨ ਧੀ ਪੁੱਤ ਘਰੋਂ ਬਾਹਰ ਜਾਣ ਲੱਗਦਾ ਹੈ ਤਾਂ ਤੁਸੀਂ ਉਸਨੂੰ ਵਰਜ ਨਹੀਂ ਸਕਦੇ। ਜੇ ਕੋਸ਼ਿਸ਼ ਕਰੋਗੇ ਤਾਂ ਉਹ ਤੁਹਾਨੂੰ ਦਲੀਲ ਨਾਲ਼ ਸਮਝਾਉਣਗੇ ਕਿ ਤੁਸੀਂ ਉਹਨਾਂ ਨੂੰ ਨਹੀਂ ਰੋਕ ਸਕਦੇ। ਕੈਨੇਡਾ ਦਾ ਕਾਨੂੰਨ ਉਨ੍ਹਾਂ ਨੂੰ ਘੁੰਮਣ ਫਿਰਨ ਦੀ ਆਜ਼ਾਦੀ ਦਿੰਦਾ ਹੈ। ਤੁਹਾਡੀਆਂ ਕਦਰਾਂ-ਕੀਮਤਾਂ ਉਸ ਕਾਨੂੰਨ ਸਾਹਮਣੇ ਬੇਵੱਸ ਹਨ। ਕਿੱਲੇ ਨਾਲ ਬੱਧਾ ਸਭਿਆਚਾਰ ਤੇ ਕਦਰਾਂ-ਕੀਮਤਾਂ ਨੂੰ ਖੋਲ੍ਹਣਾ ਪੈਣਾ ਹੈ। ਕਦਰਾਂ-ਕੀਮਤਾਂ ਨੂੰ ਲਚਕਦਾਰ ਬਣਾਉਣਾ ਪੈਣਾ ਹੈ।

**ਹੋਰਾਂ ਉਪਰ ਨਿਰਭਰਤਾ ਦੇ ਨੁਕਸਾਨ:** ਸਾਡਾ ਸਮਾਜ, ਸਾਡਾ ਸੱਭਿਆਚਾਰ ਬੱਚਿਆਂ ਨੂੰ ਆਪਣੀ ਮਨ ਮਰਜੀ ਕਰਨ ਦੀ ਆਗਿਆ ਨਹੀਂ ਦਿੰਦਾ। ਇੰਝ ਹੀ ਘਰ ਦੀਆਂ ਔਰਤਾਂ ਨਾਲ ਵਾਪਰਦਾ ਹੈ। ਸਾਡਾ ਮਾਡਲ ਬੱਚਿਆਂ ਤੇ ਔਰਤਾਂ ਨੂੰ ਘਰ ਦੇ ਮਰਦ ਮੁਖੀ ਉੱਪਰ ਨਿਰਭਰ ਕਰਨ ਦੇ ਦਹਾਕਿਆਂ ਪੁਰਾਣੇ ਸਿਧਾਂਤ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ। ਇੰਝ ਕਰਦਿਆਂ ਉਹ ਸਮੁੱਚੇ ਘਰ ਦੀ ਜ਼ੁੰਮੇਵਾਰੀ ਆਪਣੇ ਸਿਰ ਲੈ ਰਿਹਾ ਹੁੰਦਾ ਹੈ। ਹੋਰਾਂ ਨੂੰ ਉਹਨਾਂ ਦੀ ਸਮਰੱਥਾ ਅਤੇ ਸੋਚ ਤੋਂ ਮਹਿਰੂਮ ਕਰ ਰਿਹਾ ਹੁੰਦਾ ਹੈ। ਇਸ ਦੇ ਮਨੋਵਿਗਿਆਨਕ ਅਸਰ ਹੁੰਦੇ ਹਨ। ਘਰ ਵਿਚ ਕਲੇਸ਼ ਰਹਿੰਦਾ ਹੈ। ਕੋਈ ਆਪਣੇ ਮਨ ਦੀ ਗੱਲ ਖੁੱਲ੍ਹੇ ਦਿਲ ਨਾਲ਼ ਨਹੀਂ ਕਰਦਾ। ਪਰ ਮਰਦ ਠੰਡੇ ਦਿਮਾਗ ਨਾਲ਼ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਘਰ ਦੀ ਇਸ ਬੇ-ਤਰਤੀਬੀ ਲਈ ਮੇਰੀ ਕੀ ਭੂਮਿਕਾ ਹੈ। ਘਰ ਦੇ ਜੀਆਂ ਦੀ ਆਜ਼ਾਦ ਸੋਚ ਨੂੰ ਦਬਾਉਣ ਦਾ ਕਾਰਨ ਤੁਹਾਡੀ ਇਥੋਂ ਦੇ ਸਿਸਟਮ ਪ੍ਰਤੀ ਬੇਸਮਝੀ ਹੈ। ਇਸ ਬੇਸਮਝੀ ਕਰਕੇ ਹੀ ਸਮੱਸਿਆਵਾਂ ਹਨ। ਜਿਹਨਾਂ ਲੋਕਾਂ ਨੇ ਕੈਨੇਡਾ ਦੇ ਸਿਸਟਮ ਨੂੰ ਸਮਝ ਲਿਆ ਹੈ, ਉਹ ਜਾਣਦੇ ਹਨ ਕਿ ਇਸ ਸਿਸਟਮ ਦੇ ਦਾਇਰੇ ਦੀ ਸਮਝ ਵਿਚ ਵੀ ਸਮੱਸਿਆਵਾਂ ਦਾ ਹੱਲ ਸੰਭਵ ਹੈ।

**ਸਾਡੇ ਰਿਸ਼ਤੇ**: ਘਰ ਦੇ ਜੀਆਂ ਤੇ ਖਾਸ ਕਰਕੇ ਬੱਚਿਆਂ ਨਾਲ਼ ਸਾਡਾ ਰਿਸ਼ਤਾ ਸੁਖਾਵਾਂ ਹੋਣਾ ਚਾਹੀਦਾ ਹੈ। ਉਸ ਲਈ ਈਮਾਨਦਾਰੀ, ਵਿਸ਼ਵਾਸ, ਸਤਿਕਾਰ ਅਤੇ ਖੁੱਲ੍ਹੇ ਸੰਵਾਦ ਦੀ ਲੋੜ ਹੁੰਦੀ ਹੈ। ਸਾਡੀਆਂ ਕਦਰਾਂ-ਕੀਮਤਾਂ ਵਿਚ ਇਹਨਾਂ ਗੱਲਾਂ ਦੀ ਅਣਹੋਂਦ ਹੈ। ਗੁੱਸਾ, ਕਰੋਧ, ਸਖਤੀ ਹਰ ਸਮੱਸਿਆ ਲਈ ਸਾਡੇ ਫੌਰੀ ਹੱਲ ਹਨ। ਆਪਣੇ ਉਪਰ ਨਿਅੰਤਰਣ ਨਾ ਰੱਖ ਸਕਣਾ ਸਾਡੀ ਕਮਜ਼ੋਰੀ ਹੁੰਦੀ ਹੈ। ਪਰ ਅਸੀਂ ਇਸ ਨੂੰ ਵਡੱਤਣ ਸਮਝਦੇ ਹਾਂ। ਸੁਖਾਵਾਂ ਰਿਸ਼ਤਾ ਰੱਖਣ ਲਈ ਇਹਨਾਂ ਕਮਜ਼ੋਰੀਆਂ 'ਤੇ ਕਾਬੂ ਪਾਉਣਾ ਪਵੇਗਾ। ਸੁਖਾਵਾਂ ਰਿਸ਼ਤਾ ਬੱਚਿਆਂ ਅੰਦਰ ਵਿਸ਼ਵਾਸ ਪੈਦਾ ਕਰਦਾ ਹੈ। ਅਸੀਂ ਬੱਚੇ ਦੀ ਗਲਤੀ ਦਾ ਫੌਰੀ ਹੱਲ ਉਸਨੂੰ ਡਾਂਟਣਾ ਸਮਝਦੇ ਹਾਂ। ਲੋੜ ਤਾਂ ਸਹਿਜ, ਸਬਰ ਤੇ ਉਡੀਕ ਕਰਨ ਦੀ ਹੁੰਦੀ ਹੈ। ਉਸ ਗਲਤੀ ਨਾਲ਼ ਜੁੜੀਆਂ ਹੋਰ ਗੁੰਝਲਾਂ ਦਾ ਪਤਾ ਲਗਾਉਣ ਲਈ ਕਿਸੇ ਸ਼ਾਂਤ ਤੇ ਖ਼ੁਸ਼ਗਵਾਰ ਮਾਹੌਲ ਦੀ ਉਡੀਕ ਕਰਨੀ ਪੈਂਦੀ ਹੈ। ਉਸ ਮਾਹੌਲ ਵਿਚ ਰਚਾਏ ਗਏ ਸੰਵਾਦ ਨਾਲ ਸੁਖਾਵੇਂ ਨਤੀਜੇ ਸਾਹਮਣੇ ਆਉਣਗੇ। ਕੈਨੇਡਾ ਦੇ ਸਿਸਟਮ ਵਿਚ ਕਿਸੇ ਮਾਮੂਲੀ ਮਦਦ ਲਈ ਵੀ ਅਗਲੇ ਦਾ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਸਾਨੂੰ ਵੀ ਆਪਣੇ ਘਰਾਂ ਵਿਚ ਜੀਆਂ ਨੂੰ ਪਿਆਰ ਕਰਨਾ, ਉਹਨਾਂ ਦੀ ਦੇਖ-ਭਾਲ ਕਰਨੀ, ਸਤਿਕਾਰ ਕਰਨਾ, ਜ਼ਿੰਮੇਵਾਰੀ ਸਮਝਣੀ, ਸਭ ਨੂੰ ਖ਼ੁਸ਼ ਰੱਖਣਾ ਤੇ ਆਨੰਦ ਦੀ ਅਵੱਸਥਾ ਵਿਚ ਰਹਿਣ ਦੀ ਆਦਤ ਪਾਉਣੀ ਚਾਹੀਦੀ ਹੈ। ਭਾਈਚਾਰਾ ਜੋ ਅਸੀਂ ਆਪਣੇ ਵਤਨ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚ ਛੱਡ ਆਏ ਹਾਂ, ਇਥੇ ਕੈਨੇਡਾ ਵਿਚ ਰਹਿੰਦਿਆਂ ਉਸ ਦੀ ਪੁਨਰ ਸਿਰਜਣਾ ਕਰਨੀ ਪਵੇਗੀ। ਇਸ ਭਾਈਚਾਰਕ ਸਾਂਝ ਦੇ ਦਾਇਰੇ ਅੰਦਰ ਜਦ ਧਾਰਮਿਕ, ਸਮਾਜਿਕ ਤੇ ਹੋਰ ਕਾਰਜਾਂ ਲਈ ਇਕੱਠੇ ਹੋਵਾਂਗੇ ਤਾਂ ਸਹਿਜ ਸੁਭਾ ਹੀ ਅਗਲੀ ਪੀੜ੍ਹੀ ਸਾਡੀਆਂ ਕਦਰਾਂ ਕੀਮਤਾਂ ਤੋਂ ਜਾਣੂ ਹੋਵੇਗੀ, ਰਿਸ਼ਤਿਆਂ ਦੀ ਪਛਾਣ ਕਰਕੇ ਸਤਿਕਾਰ ਕਰਨਾ ਸਿੱਖੇਗੀ। ਇਥੇ ਕੈਨੇਡਾ ਵਿਚ ਆ ਕੇ ਵੀ ਜੇਕਰ ਅਸੀਂ ਧਨ ਦੌਲਤ ਇਕੱਠੀ ਕਰਨ, ਜਾਇਦਾਦ ਬਣਾਉਣ ਵਿਚ ਵਿਅਸਤ ਰਹਾਂਗੇ ਤਾਂ ਬੱਚਿਆਂ ਲਈ ਸਾਡੇ ਕੋਲ਼ ਸਮਾਂ ਨਹੀਂ ਹੋਵੇਗਾ। ਰਾਤ-ਦਿਨ ਮਿਹਨਤ ਕਰਕੇ ਜੋੜਿਆ ਸਾਡਾ ਧਨ ਬੱਚਿਆਂ ਨੂੰ ਸਾਡੀਆਂ ਕਦਰਾਂ-ਕੀਮਤਾਂ ਤੋਂ ਦੂਰ ਤੇ ਬੁਰਾਈਆਂ ਦੇ ਨੇੜੇ ਲੈ ਕੇ ਜਾਵੇਗੀ। ਬੱਚਿਆਂ ਸਮੇਤ ਕੈਨੇਡਾ ਆਉਣ ਦਾ ਸਾਡਾ ਸੁਪਨਾ ਚੀਸ ਨਾਲ਼ ਭਰ ਜਾਵੇਗਾ। ਭਾਸ਼ਾ ਵੀ ਕਦਰਾਂ-ਕੀਮਤਾਂ ਸਿਖਾਉਣ ਵਿਚ ਸਹਾਈ ਹੁੰਦੀ ਹੈ। ਸਾਨੂੰ ਘਰ ਵਿਚ ਆਪਣੀ ਮਾਂ-ਬੋਲੀ ਵਿਚ ਹੀ ਗੱਲ ਕਰਨੀ ਚਾਹੀਦੀ ਹੈ। ਹੋਰ ਭਾਸ਼ਾਵਾਂ ਤਾਂ ਬੱਚਿਆਂ ਨੇ ਸਿੱਖ ਹੀ ਜਾਣੀਆਂ ਹਨ। ਉਸ ਦੀ ਚਿੰਤਾ ਸਾਨੂੰ ਨਹੀਂ ਕਰਨੀ ਚਾਹੀਦੀ। ਪੰਜਾਬੀ ਬੋਲੀ ਅੰਦਰ ਪੰਜਾਬੀਅਤ ਸਾਂਭੀ ਹੁੰਦੀ ਹੈ। ਪੰਜਾਬੀਅਤ ਪੰਜਾਬੀਆਂ ਦਾ ਜੀਵਨ ਵਿਹਾਰ ਹੈ। ਇਸ ਵਿਹਾਰ ਵਿਚ ਹੀ ਸਾਡਾ ਸਭਿਆਚਾਰ ਪਿਆ ਹੈ। ਮਾਂ-ਬੋਲੀ ਦੀ ਅਹਿਮੀਅਤ ਨੂੰ ਕਦੀ ਵੀ ਘਟਾ ਕੇ ਨਹੀਂ ਵੇਖਣਾ ਚਾਹੀਦਾ।

**ਕੈਨੇਡਾ ਮਲਟੀਕਲਚਰਡ ਮੁਲਕ**: ਕੈਨੇਡਾ ਬਹੁਤ ਸਾਰੇ ਸੱਭਿਆਚਾਰਾਂ ਦਾ ਦੇਸ਼ ਹੈ। ਇਸ ਵਿਚ ਦੋ ਸੌ ਦੇ ਕਰੀਬ ਦੇਸ਼ਾਂ ਵਿਚੋਂ ਪਰਵਾਸ ਕਰਕੇ ਆਏ ਲੋਕ ਵੱਸਦੇ ਹਨ। ਨਵੀਂ ਪੀੜ੍ਹੀ ਇਸ ਮਲਟੀ ਕਲਚਰ ਵਿਚ ਪਲ਼ ਰਹੀ ਹੈ। ਸਕੂਲਾਂ ਵਿਚ, ਖੇਡ ਮੈਦਾਨਾਂ ਵਿਚ ਤੇ ਹੋਰ ਬਹੁਤ ਥਾਈਂ ਵੱਖ-ਵੱਖ ਧਰਮਾਂ, ਕਦਰਾਂ ਕੀਮਤਾਂ, ਵਿਸ਼ਵਾਸਾਂ ਤੇ ਭਾਵਨਾਵਾਂ ਵਾਲੇ ਬੱਚੇ ਇਕੱਠੇ ਵਿਚਰਦੇ, ਖੇਡਦੇ, ਪੜ੍ਹਦੇ ਤੇ ਦੋਸਤੀ ਕਰਦੇ ਹਨ। ਅਜਿਹੇ ਸਿਸਟਮ ਦੇ ਹਾਣ ਦਾ ਹੋਣ ਲਈ ਸਾਨੂੰ ਲਚਕਦਾਰ ਸੱਭਿਆਚਾਰ ਦੀ ਲੋੜ ਹੈ। ਸਦੀਆਂ ਪੁਰਾਣੀਆਂ ਕਦਰਾਂ-ਕੀਮਤਾਂ ਵਿਚ ਤਬਦੀਲੀ ਆਉਣੀ ਹੁੰਦੀ ਹੈ। ਇਸ ਪੀੜ੍ਹੀ ਦੇ ਅੰਤਰ ਜਾਤੀ, ਅੰਤਰ ਨਸਲੀ ਰਿਸ਼ਤੇ ਬਣਨੇ ਹੁੰਦੇ ਹਨ। ਜਾਤਾਂ, ਧਰਮਾਂ, ਰੰਗਾਂ, ਨਸਲਾਂ ਨੂੰ ਇਹ ਪੀੜ੍ਹੀ ਤਿਲਾਂਜਲੀ ਦੇ ਰਹੀ ਹੈ। ਗੁਰਬਾਣੀ ਵੀ ਕਹਿੰਦੀ ਹੈ "ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ"। ਜਿਸ ਪੀੜੀ ਨੇ ਫ਼ਲੇ ਵਗਦੇ ਵੀ ਵੇਖੇ ਹਨ ਤੇ ਚਲਦੇ ਖੂਹਾਂ ਦੀ ਟਿੱਕ-ਟਿੱਕ ਵੀ ਸੁਣੀ ਹੈ, ਉਹਨਾਂ ਲਈ ਇਹ ਤਬਦੀਲੀ ਤੇ ਨਵੇਂ ਸੱਭਿਆਚਾਰ ਨੂੰ ਸਵੀਕਾਰ ਕਰਨਾ ਕਠਿਨ ਹੈ। ਪਰ ਨਵੀਆਂ ਸੋਚਾਂ ਦੇ ਵਿਗਸਣ ਤੇ ਨਵੇਂ ਵਿਚਾਰਾਂ ਦੇ ਪਨਪਣ ਲਈ ਇਹ ਕੌੜਾ ਘੁੱਟ ਭਰਨਾ ਹੀ ਪੈਣਾ ਹੈ। ਨਹੀਂ ਤਾਂ ਕੈਨੇਡਾ ਦੇ ਇਸ ਸਿਸਟਮ ਮੂਹਰੇ ਸਾਡੀਆਂ ਕਦਰਾਂ-ਕੀਮਤਾਂ ਢਹਿ-ਢੇਰੀ ਹੁੰਦੀਆਂ ਲੱਗਣਗੀਆਂ। ਹੁਣ ਤਾਂ ਕੈਨੇਡਾ ਦੇ ਸਕੂਲਾਂ ਵਿਚ ਜੈਂਡਰ ਪਹਿਚਾਣ ਵੀ ਖਤਮ ਕਰਨ ਜਾ ਰਹੇ ਹਨ। ਬਾਕੀ ਪਰਿਵਾਰਕ ਢਾਂਚੇ ਅੰਦਰ ਇਹ ਤਬਦੀਲੀ ਕਿਧਰੇ ਸਹਿਜ ਵੀ ਹੋ ਸਕਦੀ ਹੈ ਤੇ ਕਿਧਰੇ ਕਲੇਸ਼ ਤੇ ਪ੍ਰੇਸ਼ਾਨੀਆਂ ਨਾਲ਼ ਭਰੀ ਵੀ। ਆਪਣੇ ਪਰਿਵਾਰ ਨੂੰ ਵਕਤ ਦੇਣਾ ਤੇ ਭਾਈਚਾਰੇ ਨਾਲ਼ ਮਿਲ ਕੇ ਰੀਤੀ ਰਿਵਾਜਾਂ, ਤਿਉਹਾਰਾਂ ਨੂੰ ਮਨਾਉਣਾ ਤੇ ਧਾਰਮਿਕ ਅਕੀਦਿਆਂ ਦਾ ਸਹਿਜ ਪਾਲਣ ਕਰਨਾ ਬਿਨ੍ਹਾਂ ਉਚੇਚ ਕੀਤਿਆਂ ਬਹੁਤ ਸਾਰੇ ਮਸਲਿਆਂ ਦਾ ਸ਼ੋਰ-ਰਹਿਤ ਸਮਾਧਾਨ ਬਣ ਸਕਦਾ ਹੈ। ਇਸ ਸਭ ਕਾਸੇ ਦੇ ਦਾਇਰੇ ਅੰਦਰ ਵੀ ਸੁਤੰਤਰ ਸੋਚ ਦੇ ਪਨਪਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਹਰ ਸੋਚ, ਵਿਚਾਰ, ਵਿਹਾਰ ਦਾ ਸਤਿਕਾਰ ਕਰਨਾ ਤੇ ਬੇਲੋੜੀਆਂ ਬੰਦਸ਼ਾਂ ਨਾ ਲਾਉਣੀਆਂ ਮਹੀਨ ਜਿਹੀ ਖੁੱਲ੍ਹ ਹੁੰਦੀ ਹੈ। ਸਾਡੀਆਂ ਕਦਰਾਂ-ਕੀਮਤਾਂ ਵਿਚ ਬਹੁਤ ਕੁਝ ਚੰਗਾ ਹੈ। ਇਸ ਮਲਟੀਕਲਚਰਡ ਸਿਸਟਮ ਵਿਚ ਵੀ ਕੁਝ ਗੱਲਾਂ ਚੰਗੀਆਂ ਹਨ। ਚੰਗੀਆਂ ਗੱਲਾਂ, ਚੀਜ਼ਾਂ ਨੂੰ ਅਪਨਾ ਲੈਣਾ ਤੇ ਬਾਕੀਆਂ ਨੂੰ ਵਿਸਾਰ ਦੇਣਾ ਵਕਤ ਦੀ ਲੋੜ ਹੈ। ਅਸੀਂ, ਸਾਡਾ ਘਰ, ਭਾਈਚਾਰਾ ਤੇ ਸਮਾਜ ਕਿੰਝ ਸਹਿਜ, ਸੰਤੁਲਤ ਤੇ ਖ਼ੁਸ਼ ਰਹਿ ਸਕਦਾ ਹੈ, ਉਸ ਲਈ ਕੁਝ ਸਮਝੌਤੇ ਤਾਂ ਕਰਨੇ ਹੀ ਪੈਣਗੇ। ਚਿੰਤਾ ਮੁਕਤ ਕਰਦੇ ਸਮਝੌਤਿਆਂ ਦਾ ਸਵਾਗਤ ਕਰਨਾ ਬਣਦਾ ਹੈ।

# ਸਾਡੇ ਰਹਿਣ-ਸਹਿਣ ਵਿਚ ਮੰਡੀ ਦਾ ਦਖ਼ਲ

ਇਹ ਗੱਲ ਕੋਈ ਅੱਠ ਹਜ਼ਾਰ ਸਾਲ ਪੁਰਾਣੀ ਹੈ ਜਦੋਂ ਮਨੁੱਖ ਜੰਗਲਾਂ ਵਿਚ ਛੋਟੇ-ਛੋਟੇ ਕਬੀਲਿਆਂ ਵਿਚ ਰਹਿੰਦਾ ਸੀ। ਔਰਤ ਉਸ ਕਬੀਲੇ ਦੀ ਮੁਖੀ ਹੁੰਦੀ ਸੀ। ਸ਼ਿਕਾਰ ਕਰਕੇ ਕੱਚਾ ਜਾਂ ਅੱਧ ਪੱਕਾ ਮਾਸ ਖਾਂਦੇ ਸਨ। ਰਿਸ਼ਤੇ ਸਰੀਰਕ ਲੋੜਾਂ ਦੇ ਸਨ। ਵਸਤਰ ਅਜੇ ਹੋਂਦ ਵਿਚ ਨਹੀਂ ਸਨ ਆਏ। ਘਣੇ ਜੰਗਲ ਦੀ ਸੰਘਣੀ ਛੱਤ ਹੀ ਘਰ ਹੁੰਦੇ ਸਨ। ਨੇੜੇ ਕਿਸੇ ਪਾਣੀ ਦਾ ਸਰੋਤ ਪਿਆਸ ਅਤੇ ਜੀਵਨ ਦੀਆਂ ਹੋਰ ਲੋੜਾਂ ਪੂਰੀਆਂ ਕਰਦਾ ਸੀ। ਹੌਲੀ-ਹੌਲੀ ਜਦ ਦਹਾਕੇ ਤੇ ਫਿਰ ਸਦੀਆਂ ਬੀਤੀਆਂ, ਮਨੁੱਖੀ ਸੂਝ ਵਿਕਸਤ ਹੋਈ। ਜੀਵਨ ਦਾ ਰਹਿਣ-ਸਹਿਣ ਬਦਲਿਆ। ਇਸ ਬਦਲੇ ਜੀਵਨ ਦੀਆਂ ਲੋੜਾਂ ਨੇ ਨਵੀਆਂ ਖੋਜਾਂ ਨੂੰ ਜਨਮ ਦਿੱਤਾ। ਸਮਾਜਿਕ ਵਿਕਾਸ ਹੋਇਆ। ਕਬਜੇ ਦੀ ਭਾਵਨਾ ਨੇ ਵੱਖ-ਵੱਖ ਕਬੀਲਿਆਂ ਅੰਦਰ ਵਿਰੋਧ ਪੈਦਾ ਕੀਤਾ। ਲੜਾਈਆਂ ਹੋਈਆਂ। ਕਬੀਲਿਆਂ ਅੰਦਰ ਵੀ ਸੱਤਾ ਦੀ ਲਾਲਸਾ ਨੇ ਦੁਸ਼ਮਣੀਆਂ ਪੈਦਾ ਕੀਤੀਆਂ। ਕਬੀਲੇ ਦਾ ਮੁਖੀ ਬਣਨਾ ਤੇ ਵੱਧ ਤੋਂ ਵੱਧ ਥਾਵਾਂ ‘ਤੇ ਕਬਜਾ ਕਰਨਾ ਮਾਨਵੀ ਸੋਚ ਅੰਦਰ ਰੁਤਬੇ ਦਾ ਚਿੰਨ੍ਹ ਬਣ ਗਿਆ। ਪਰ ਮਨੁੱਖ ਅਜੇ ਆਪਣੀ ਹੀ ਸੂਝ ਸਮਝ ਦਾ ਗੁਲਾਮ ਸੀ। ਕਿਸੇ ਬਾਹਰੀ ਸੱਤਾ, ਪੂੰਜੀ, ਜਾਂ ਰਣਨੀਤੀ ਦਾ ਪ੍ਰਭਾਵ ਨਹੀਂ ਸੀ। ਆਪਣੇ ਹੀ ਹੱਥਾਂ ਨਾਲ਼ ਈਜ਼ਾਦ ਕੀਤੀਆਂ ਵਸਤਾਂ ਦੀ ਵਰਤੋਂ ਕਰਦਾ ਸੀ ਮਨੁੱਖ ਅਤੇ ਆਪਣੇ ਹੀ ਸਰੀਰਕ ਬਲ਼-ਬਲਬੂਤੇ ਜਿੱਤਾਂ ਹਾਰਾਂ ਦੇ ਬਿਰਤਾਂਤ ਸਿਰਜਦਾ ਸੀ। ਕਿਸੇ ਇੱਕ ਖਿੱਤੇ ਦੇ ਲੋਕਾਂ ਵੱਲੋਂ ਬਣਾਈਆਂ ਵਸਤਾਂ ਖਰੀਦਣੀਆਂ ਤੇ ਵਰਤਣੀਆਂ ਦਾ ਵਪਾਰਕ ਨੁਮਾ ਵਰਤਾਰਾ ਅਜੇ ਹੋਂਦ ਵਿਚ ਨਹੀਂ ਸੀ ਆਇਆ। ਫਿਰ ਹੌਲੀ-ਹੌਲੀ ਵਸਤਾਂ ਦਾ ਆਦਾਨ-ਪ੍ਰਦਾਨ ਜੀਵਨ ਨਿਰਬਾਹ ਦਾ ਅੰਗ ਬਣ ਗਿਆ। ਆਪਣੀਆਂ ਬਣਾਈਆਂ ਵਸਤਾਂ ਦਾ ਹੋਰਨਾਂ ਦੁਆਰਾ ਬਣਾਈਆਂ ਵਸਤਾਂ ਨਾਲ਼ ਵਟਾਂਦਰਾ ਕਰਨਾ ਮਨੁੱਖੀ ਇਤਿਹਾਸ ਅੰਦਰ ਵਪਾਰੀਕਰਨ ਦਾ ਆਰੰਭ ਕਿਹਾ ਜਾ ਸਕਦਾ ਹੈ। ਹੌਲ਼ੀ-ਹੌਲ਼ੀ ਦੁਕਾਨਾਂ ਹੋਂਦ ਵਿਚ ਆਈਆਂ ਹੋਣਗੀਆਂ। ਇਸ ਤੋਂ ਅਗਲਾ ਪੜਾਅ ਬਾਜ਼ਾਰ ਦਾ ਸੰਕਲਪ ਹੋਵੇਗਾ। ਇਹ ਬਜ਼ਾਰ ਮਨੁੱਖ ਦੀਆਂ ਬਹੁਤ ਸਾਰੀਆਂ ਲੋੜਾਂ ਦੀ ਪੂਰਤੀ ਇੱਕੋ ਥਾਂ ਕਰਦਾ ਰਿਹਾ ਹੈ। ਖਾਣ-ਪੀਣ ਦੀਆਂ ਵਸਤਾਂ ਅਤੇ ਹੋਰ ਲੋੜੀਂਦਾ ਸਮਾਨ ਖਰੀਦਣ ਲਈ ਬੰਦਾ ਬਾਜ਼ਾਰ ਜਾਂਦਾ ਹੈ। ਅੱਜ ਤੋਂ ਪੰਜ ਛੇ ਦਹਾਕੇ ਪਹਿਲਾਂ ਮਨੁੱਖ ਅਨਾਜ ਵੇਚ ਕੇ ਹੋਰ ਸਮਾਨ ਖਰੀਦਦਾ ਸੀ। ਪੈਸੇ ਦੀ ਅਜੇ ਤੋਟ ਸੀ। ਵਪਾਰੀ ਆਮ

ਖਰੀਦਦਾਰ ਨੂੰ ਉਧਾਰ ਵੀ ਸਮਾਨ ਵੇਚਦਾ ਸੀ ਜਿਸ ਦਾ ਭੁਗਤਾਨ ਮਹੀਨੇ ਬਾਅਦ ਜਾਂ ਫਿਰ ਹਾੜੀ-ਸਾਉਣੀ 'ਤੇ ਕੀਤਾ ਜਾਂਦਾ ਸੀ। ਇਹ ਵਿਸ਼ਵਾਸ ਕਰਨ ਦਾ ਸਮਾਂ ਸੀ। ਵਿਸ਼ਵਾਸ ਦੇ ਸਿਰ 'ਤੇ ਹੀ ਵਪਾਰ ਹੁੰਦਾ ਸੀ, ਜੀਵਨ ਚਲਦਾ ਸੀ। ਵਪਾਰੀ ਖਰੀਦਦਾਰ ਦੀਆਂ ਮਜਬੂਰੀਆਂ ਸਮਝਦਾ ਸੀ। ਇਹ ਬਜ਼ਾਰ ਦਾ ਸੁਹਿਰਦ ਰੂਪ ਸੀ। ਫਿਰ ਇਹ ਬਜ਼ਾਰ ਕੁਝ ਧਨਾਡਾਂ ਦੇ ਹੱਥ ਆ ਗਿਆ ਤੇ ਅੱਜ ਪੂਰੀ ਦੁਨੀਆਂ ਵਿਚ ਇਸ ਬਜ਼ਾਰ ਉਪਰ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੈ। ਸੱਤਾ 'ਤੇ ਕਾਬਜ਼ ਧਿਰਾਂ ਇਸ ਕਬਜ਼ੇ ਵਿਚ ਭਾਈਵਾਲ ਹਨ। ਕਾਰਪੋਰੇਟ ਧਿਰਾਂ ਦੇ ਹੱਕ ਵਿਚ ਭੁਗਤਦੇ ਅਤੇ ਵੱਧ ਤੋਂ ਵੱਧ ਵਸੀਲਿਆਂ 'ਤੇ ਕਬਜ਼ਾ ਕਰਨ ਵਾਲੇ ਕਾਨੂੰਨ ਬਣਾਏ ਤੇ ਲਾਗੂ ਕੀਤੇ ਜਾਂਦੇ ਹਨ। ਇਸ ਵਰਤਾਰੇ ਦੇ ਕੇਂਦਰ ਵਿਚ ਮੁਨਾਫ਼ਾ ਹੈ। ਇਸ ਕਬਜ਼ੇ ਵਿਚੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਹੋੜ ਨੇ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਤੋਂ ਪਾਰ ਜਾ ਕੇ ਮੰਡੀ ਨੇ ਕੁਝ ਅਜਿਹੀਆਂ ਵਸਤਾਂ ਦਾ ਉਤਪਾਦਨ ਵੀ ਕੀਤਾ ਜਿਹੜੀਆਂ ਮਨੁੱਖ ਦੇ ਰਹਿਣ-ਸਹਿਣ ਵਿਚ ਅਣਕਿਆਸੀਆਂ ਸੁਖ-ਸਹੂਲਤਾਂ ਪੈਦਾ ਕਰਦੀਆਂ ਹਨ। ਮਨੁੱਖੀ ਜਿਸਮ 'ਤੇ ਪਹਿਨੇ ਜਾਣ ਵਾਲ਼ੇ ਕੱਪੜਿਆਂ ਤੇ ਹੋਰ ਵਸਤਾਂ ਤੋਂ ਇਲਾਵਾ ਘਰ ਅੰਦਰ ਪਏ ਸੋਫ਼ੇ, ਫ਼ਰਨੀਚਰ, ਫਰਿੱਜਾਂ, ਕੰਪਿਊਟਰ, ਲੈਪਟਾਪ, ਐਲ.ਸੀ.ਡੀ ਦੇ ਵੱਖ-ਵੱਖ ਆਕਾਰ ੳ ਐੱਲ ਈ ਡੀ, ਪੱਖੇ, ਏ.ਸੀ., ਦੋ-ਪਹੀਆ ਵਾਹਨ, ਕਾਰਾਂ, ਵਾਟਰ ਫਿਲਟਰ ਅਤੇ ਅਨੇਕ-ਅਨੇਕ ਹੋਰ ਵਸਤਾਂ ਬਜ਼ਾਰ ਵਿਚ ਧੜਾ-ਧੜ ਆ ਰਹੀਆਂ ਤੇ ਵਿਕ ਰਹੀਆਂ ਹਨ। ਬਹੁਤੀ ਵਾਰੀ ਘਰਾਂ ਵਿਚ ਇਹਨਾਂ ਵਸਤਾਂ ਦਾ ਹੋਣਾ ਸਮਾਜ ਅੰਦਰ ਆਪਣੇ ਸਟੇਟਸ ਅਤੇ ਸਮਰੱਥਾ ਦਾ ਵਿਖਾਵਾ ਮਾਤਰ ਹੀ ਹੁੰਦਾ ਹੈ। ਕਿਸੇ ਨਵੇਂ ਪਰੋਡਕਟ ਦੇ ਨਵੇਂ ਮਾਡਲ ਬਹੁਤੀ ਵਾਰ ਸਿਰਫ਼ ਖਰੀਦੇ ਜਾਂਦੇ ਹਨ, ਵਰਤੇ ਨਹੀਂ ਜਾਂਦੇ। ਘਰਾਂ ਅੰਦਰ ਬਹੁਤ ਸਾਰੀਆਂ ਚੀਜ਼ਾਂ ਸਾਲਾਂ ਬੱਧੀ ਅਣਵਰਤੀਆਂ ਪਈਆਂ ਰਹਿੰਦੀਆਂ ਹਨ। ਸਮਕਾਲੀ ਸਮਿਆਂ ਅੰਦਰ ਇਹ ਭਾਵਨਾ ਵਿਖਾਵੇ ਦੀ ਹੱਦ ਤੱਕ ਵਧ-ਫੁੱਲ ਗਈ ਹੈ। ਚੰਗੀਆਂ ਜੀਵਨ ਹਾਲਤਾਂ ਪਰੋਸਣ ਦੀ ਤਲਾਸ਼ ਵਿਚ ਮੰਡੀ ਨੇ ਵੱਧ ਤੋਂ ਵੱਧ ਸੁਖ ਸਹੂਲਤਾ ਈਜ਼ਾਦ ਕੀਤੀਆਂ। ਜਿਵੇਂ ਕਿ ਪਹਿਲਾਂ ਵੀ ਗੱਲ ਕੀਤੀ ਹੈ ਕਿ ਵਕਤ ਨਾਲ ਇਹਨਾਂ ਸਹੂਲਤਾਂ ਦੀ ਪ੍ਰਾਪਤੀ ਲਈ ਹੋੜ ਲੱਗ ਗਈ। ਇਹਨਾਂ ਸੁਖ-ਸਹੂਲਤਾਂ ਦੀ ਮੰਗ ਨੇ ਮੰਡੀ ਦੇ ਕਈ ਰੂਪਾਂ ਦਾ ਨਿਰਮਾਣ ਕੀਤਾ। ਮੰਡੀ ਦੀ ਵਸਤ ਬਣ ਗਈ ਹਰ ਵਸਤ ਨੂੰ ਖਰੀਦਣ ਦੀ ਹਰ ਵਰਗ ਦੀ ਸਮਰੱਥਾ ਨਹੀਂ ਹੁੰਦੀ। ਇਨ੍ਹਾਂ ਵਸਤਾਂ ਦੀ ਆਮਦ ਨੇ ਸਾਡਾ ਜੀਵਨ ਨਿਰਬਾਹ ਮਹਿੰਗਾ ਕਰ ਦਿੱਤਾ। ਮੰਡੀ ਸਾਡੇ ਘਰਾਂ ਅੰਦਰ ਪ੍ਰਵੇਸ਼ ਕਰ ਗਈ। ਆਨਲਾਈਨ ਆਰਡਰ ਕਰਨ 'ਤੇ ਹਰ ਚੀਜ਼ ਤੁਹਾਡੇ ਦਰਾਂ ਤੱਕ ਪਹੁੰਚਦੀ। ਕੁਝ ਲੋਕਾਂ ਨੇ ਆਪਣੇ ਘਰਾਂ ਵਿਚ ਇਹਨਾਂ ਸੁਖ-ਸਹੂਲਤਾਂ ਦੇ ਅੰਬਾਰ ਲਾ ਲਏ। ਘਰ ਵਿਚ ਇਹਨਾਂ ਵਸਤਾਂ ਦੀ ਮੌਜੂਦਗੀ ਪਰਿਵਾਰ ਦਾ ਸਟੇਟਸ ਸਿੰਬਲ

ਬਣ ਗਿਆ। ਇਸ ਭਾਵਨਾ ਨੇ ਸਾਡੇ ਜੀਵਨ ਦੀ ਸਰਲਤਾ ਵੀ ਖੋਹ ਲਈ ਹੈ ਤੇ ਸਾਨੂੰ ਪੂੰਜੀ ਦੇ ਮੱਕੜਜਾਲ਼ ਵਿਚ ਅਜਿਹਾ ਫਸਾ ਦਿੱਤਾ ਹੈ ਕਿ ਅਸੀਂ ਹਰ ਕਰਮ 'ਚੋਂ ਮੁਨਾਫਾ ਭਾਲਣ ਲੱਗ ਪਏ ਹਾਂ। ਅਧਿਆਪਕ ਸ਼ਿੱਸ਼ ਦਾ ਪਵਿੱਤਰ ਰਿਸ਼ਤਾ ਤੇ ਮਰੀਜ਼ ਦਾ ਡਾਕਟਰ ਉਪਰ ਰੱਬ ਵਰਗਾ ਭਰੋਸਾ ਖਤਮ ਹੋ ਗਿਆ ਹੈ। ਖ਼ੂਨ ਦੇ ਰਿਸ਼ਤਿਆਂ ਅੰਦਰ ਵੀ ਪੂੰਜੀ ਤੇ ਮੁਨਾਫਾ ਘੁਸਪੈਠ ਕਰ ਗਏ ਹਨ। ਇਸ ਡਿਜੀਟਲ ਯੁੱਗ ਅੰਦਰ ਸਮਾਜ ਵਿਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਗਏ ਹਨ। ਰੁਤਬੇ ਦਾ ਚਿੰਨ੍ਹ ਯਾਨੀ ਸਟੇਟਸ ਸਿੰਬਲ ਉਹ ਵਸਤੂ ਜਾਂ ਵਰਤਾਰਾ ਹੈ ਜਿਹੜਾ ਆਪਣੇ ਮਾਲਕ ਦੇ ਉੱਚੇ ਆਰਥਿਕ ਤੇ ਸਮਾਜਕ ਰੁਤਬੇ ਨੂੰ ਦਰਸਾਉਂਦਾ ਹੈ। ਸਾਡੇ ਸੱਭਿਆਚਾਰ ਵਿਚ ਚੀਜ਼ਾਂ ਦਾ ਰੂਪ ਅਤੇ ਵਰਤੋਂ ਬਦਲ ਜਾਂਦੀ ਹੈ। ਕਿਸੇ ਦਾ ਰਹਿਣ-ਸਹਿਣ, ਖਾਣ-ਪੀਣ ਤੇ ਪਹਿਰਾਵਾ ਵੀ ਉਸ ਦਾ ਸਟੇਟਸ ਸਿੰਬਲ ਬਣ ਜਾਂਦਾ ਹੈ। ਬਜ਼ਾਰ ਵਿਚੋਂ ਖਰੀਦੀ ਮਹਿੰਗੀ ਵਸਤੂ ਮਾਲਕ ਦਾ ਸਟੇਟਸ ਸਿੰਬਲ ਬਣ ਜਾਂਦੀ ਹੈ। ਜੇ ਪੰਜ ਦਹਾਕੇ ਪੁਰਾਣੇ ਦਿਨਾਂ ਵੱਲ ਝਾਤ ਮਾਰੀਏ ਤਾਂ ਮੌਜੂਦਾ ਰਹਿਣ-ਸਹਿਣ ਵਿਚ ਬਹੁਤ ਕੁਝ ਨਕਲੀ ਵਿਖਾਵੇ ਨਾਲ ਭਰਿਆ ਪ੍ਰਤੀਤ ਹੁੰਦਾ ਹੈ। ਘਰਾਂ ਅੰਦਰ ਬਹੁਤ ਸਾਰੇ ਮਹਿੰਗੇ ਕੱਪੜੇ, ਜੁੱਤੀਆਂ, ਕਰਾਕਰੀ ਤੇ ਹੋਰ ਸਮਾਨ ਅਣਵਰਤਿਆ ਪਿਆ ਰਹਿੰਦਾ ਹੈ। ਖਰੀਦਣ ਵੇਲ਼ੇ ਉਸ ਵਸਤੂ ਦੇ ਨਵਾਂ ਤੇ ਮਹਿੰਗਾ ਹੋਣ ਨੂੰ ਹੀ ਧਿਆਨ ਵਿਚ ਰੱਖਿਆ ਜਾਂਦਾ ਹੈ। ਇਸ ਦੀ ਘਰ ਨੂੰ ਕਿੰਨੀ ਕੁ ਲੋੜ ਹੈ, ਇਸ ਗੱਲ ਦਾ ਧਿਆਨ ਬਿਲਕੁਲ ਨਹੀਂ ਰੱਖਿਆ ਜਾਂਦਾ। ਮੰਡੀ ਕੋਲ਼ ਇਹਨਾਂ ਚੀਜ਼ਾਂ ਨੂੰ ਵੇਚਣ ਦਾ ਹੁਨਰ ਹੁੰਦਾ ਹੈ। ਨਵੇਂ-ਨਵੇਂ ਤੇ ਲੁਭਾਉਣੇ ਡਿਜ਼ਾਇਨ, ਨਵੀਆਂ ਸੁਵਿਧਾਵਾਂ ਨਾਲ਼ ਭਰਪੂਰ ਵਸਤੂਆਂ ਉਪਰ ਚੇਪੀ ਸੇਲ ਦੀ ਤਖਤੀ ਅਤੇ ਡਿਸਕਾਊਂਟ ਦੀ ਪ੍ਰਤੀਸ਼ਤ ਗਾਹਕ ਨੂੰ ਪ੍ਰਭਾਵਤ ਕਰਨ ਅਤੇ ਦੁਕਾਨਦਾਰ ਦੁਆਰਾ ਸਿਰਜੇ ਬਿਰਤਾਂਤ ਨਾਲ਼ ਸਹਿਮਤ ਹੋਣ ਲਈ ਕਾਫ਼ੀ ਹੁੰਦੇ ਹਨ। ਅਮਰੀਕਾ ਦੀ ਇੱਕ ਕੰਪਨੀ ਦੁਆਰਾ ਬਾਰਬੀ ਡੌਲ ਦਾ ਤਜ਼ਰਬਾ ਮੰਡੀ ਦੇ ਹਵਾਲੇ ਨਾਲ਼ ਬੇਹੱਦ ਕਾਮਯਾਬ ਰਿਹਾ ਹੈ। ਪਹਿਲਾਂ ਕਿਸੇ ਖ਼ੂਬਸੂਰਤ ਲੜਕੀ ਦੀ ਡੌਲ਼ ਤਿਆਰ ਕਰਨੀ। ਫਿਰ ਉਸ ਦੇ ਕੱਪੜੇ, ਖਿਡਾਉਣੇ, ਸੋਫ਼ਾ ਤੇ ਘਰ ਡਿਜ਼ਾਇਨ ਕਰਨਾ। ਗਾਹਕਾਂ ਦੀ ਲਾਈਨ ਲੱਗ ਗਈ। ਇਹਨਾਂ ਵਸਤਾਂ ਲਈ ਨਿੱਤ ਨਵੇਂ ਤਜ਼ਰਬੇ ਹੋਣ ਲੱਗੇ। ਖਰੀਦਦਾਰ ਨਵੀਂ ਖਰੀਦੀ ਵਸਤੂ ਦਾ ਜ਼ਿਕਰ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਦਾਇਰੇ ਨਾਲ ਇੰਝ ਕਰਦਾ ਹੈ ਜਿਵੇਂ ਕਿਸੇ ਵੱਡੀ ਪ੍ਰਾਪਤੀ ਦਾ ਮਾਣ ਸਾਂਝਾ ਕਰ ਰਿਹਾ ਹੋਵੇ। ਘਰ ਵਿਚ ਬਿਨ੍ਹਾਂ ਲੋੜ ਤੋਂ ਇੱਕ ਤੋਂ ਵੱਧ ਕਾਰਾਂ ਅਤੇ ਬਾਈਕਾਂ ਦੀ ਮੌਜੂਦਗੀ ਇਸੇ ਰੁਤਬੇ ਦੇ ਚਿੰਨ੍ਹ ਹਨ। ਕੱਪੜਿਆਂ ਨਾਲ਼ ਤੂਸੀਆਂ ਅਲਮਾਰੀਆਂ, ਜੁੱਤੀਆਂ ਨਾਲ਼ ਆਫਰੇ ਸ਼ੂ ਰੈਕ, ਸਜਾਵਟੀ ਵਸਤੂਆਂ ਦੁਆਰਾ ਕੀਤਾ ਘਰ 'ਤੇ ਕਬਜ਼ਾ, ਖ਼ੂਬਸੂਰਤ ਪੈਕਿੰਗ ਵਿਚ ਬੰਦ ਖਾਣ-ਪੀਣ

ਦੀਆਂ ਵਸਤੂਆਂ ਦੀ ਬਹੁਤਾਤ ਅਤੇ ਅਨੇਕਾਂ ਹੋਰ ਵਸਤੂਆਂ ਦੀ ਮੌਜੂਦਗੀ ਜਿਹਨਾਂ ਦੀ ਵਰਤੋਂ ਸ਼ਾਇਦ ਕਦੀ ਵੀ ਨਹੀਂ ਹੋਣੀ, ਸਭ ਸਟੇਟਸ ਸਿੰਬਲ ਨੂੰ ਦਰਸਾਉਂਦੇ ਪ੍ਰਤੀਕ ਹਨ। ਨਵੇਂ ਉਸਰ ਰਹੇ ਮਕਾਨਾਂ ਵੱਲ ਵੇਖੀਦਾ ਹੈ ਤਾਂ ਹੈਰਾਨੀ ਹੁੰਦੀ ਹੈ ਕਿ ਇਸ ਮਹਿਲ-ਨੁਮਾ ਘਰ ਵਿਚ ਕਿੰਨ੍ਹਾਂ ਲੋਕਾਂ ਨੇ ਵੱਸਣਾ ਹੈ? ਪਰਵਾਸ ਦੇ ਬੇਮੁਹਾਰੇ ਵਹਿਣ ਨੇ ਤਾਂ ਇਹਨਾਂ ਘਰਾਂ ਦੇ ਅਰਥ ਬਦਲ ਦਿੱਤੇ ਹਨ। ਬਹੁ-ਮੰਜ਼ਲੀ ਇਨ੍ਹਾਂ ਖ਼ਾਲੀ ਪਈਆਂ ਕੋਠੀਆਂ ਦੀ ਰਾਖੀ ਕੈਮਰੇ ਕਰਦੇ ਹਨ। ਪਰਵਾਸੀ ਮਜ਼ਦੂਰ ਜਾਂ ਕੋਈ ਲੋੜਵੰਦ ਪਰਿਵਾਰ ਇਹਨਾਂ ਘਰਾਂ ਵਿਚ ਚੌਕੀਦਾਰਾ ਕਰਦੇ ਹਨ ਬਦਲੇ ਵਿਚ ਘਰ ਦੀ ਰਾਖੀ ਕਰਦੇ ਲੋਕਾਂ ਨੂੰ ਮੋਟੀ ਰਕਮ ਵੀ ਤਾਰਨੀ ਪੈਂਦੀ ਹੈ। ਰੀਝਾਂ ਤੇ ਚਾਅ ਨਾਲ ਬਣਾਏ ਇਹਨਾਂ ਘਰਾਂ ਦੇ ਬਾਹਰ ਲਟਕੀਆਂ ਸੇਲ ਦੀਆਂ ਤਖ਼ਤੀਆਂ ਮਾਲਕ ਦੇ ਸਟੇਟਸ ਸਿੰਬਲ ਨੂੰ ਮਿੱਟੀ ਵਿਚ ਰੋਲ਼ ਰਹੀਆਂ ਪ੍ਰਤੀਤ ਹੁੰਦੀਆਂ ਹਨ।

ਸਾਡੇ ਘਰਾਂ 'ਚ ਖ਼ਾਲੀ ਥਾਂ ਨਹੀਂ ਲੱਭਦੀ। ਕੰਧਾਂ ਤਸਵੀਰਾਂ ਨਾਲ਼ ਭਰੀਆਂ ਹਨ। ਕੋਨਿਆਂ 'ਚ ਫ਼ੁੱਲਦਾਨ ਪਏ ਹਨ। ਸੋਫਿਆਂ 'ਤੇ ਕਵਰ ਦਾ ਕਬਜ਼ਾ ਹੈ। ਬਹੁਤ ਸਾਰੀ ਮੰਡੀ ਅਜੇ ਸਟੋਰ ਵਿਚ ਪਈ ਹੈ। ਖ਼ਾਲੀ ਥਾਂ ਦੀ ਉਡੀਕ ਕਰ ਰਹੀ। ਕਦੀ-ਕਦੀ ਤਾਂ ਲੱਗਦਾ ਮੰਡੀ ਦੇ ਬੋਝ ਹੇਠ ਦਬ ਕੇ ਮਰ ਜਾਵਾਂਗੇ ਅਸੀਂ। ਸਾਡੇ ਰਹਿਣ-ਸਹਿਣ ਤੇ ਖਾਣ-ਪੀਣ ਦੇ ਸਮਕਾਲੀ ਰੁਝਾਨ ਵੀ ਇਸ ਵਰਤਾਰੇ ਦਾ ਹਿੱਸਾ ਹਨ। ਦੇਰ ਰਾਤ ਤੱਕ ਰੈਸਟੋਰੈਂਟ ਤੇ ਹੋਰ ਖਾਣ-ਪੀਣ ਤੇ ਮੌਜ ਮਸਤੀ ਕਰਨ ਦੀਆਂ ਦੁਕਾਨਾਂ ਖੁੱਲੀਆਂ ਰਹਿੰਦੀਆਂ ਹਨ। ਰਾਤ ਨੂੰ ਘਰੋਂ ਬਾਹਰ ਘੁੰਮਣ ਜਾਣਾ, ਬਾਹਰੋਂ ਖਾਣਾ ਖਾਣਾ, ਰਾਤ ਦੇਰ ਨਾਲ਼ ਘਰ ਆਉਣਾ ਤੇ ਲੇਟ ਸੌਣਾ ਤੇ ਸਵੇਰੇ ਦੇਰ ਨਾਲ ਉੱਠਣਾ ਵੀ ਮੰਡੀ ਨੇ ਸਮਾਜ ਦੇ ਇੱਕ ਵਰਗ ਦਾ ਸਟੇਟਸ ਸਿੰਬਲ ਬਣਾ ਦਿੱਤਾ ਹੈ। ਕਿਸੇ ਮਹਿਮਾਨ ਦੇ ਘਰ ਆਉਣ 'ਤੇ ਮਹਿੰਗੀ ਕਰੌਕਰੀ ਵਿਚ ਖਾਣਾ ਪਰੋਸਣਾ, ਖਾਣੇ ਤੋਂ ਪਹਿਲਾਂ ਸਨੈਕਸ ਖੁਆਉਣੇ ਤੇ ਖਾਣੇ ਵਿਚ ਕਿੰਨੀਆਂ ਸਾਰੀਆਂ ਡਿਸ਼ਾਂ ਪਰੋਸਣੀਆਂ ਤੇ ਅਖੀਰ ਵਿਚ ਭਰੇ ਢਿੱਡਾਂ ਅੰਦਰ ਸਵੀਟ ਡਿਸ਼ ਤੁੰਨਣ ਲਈ ਮਜ਼ਬੂਰ ਕਰਨਾ ਵੀ ਤੁਹਾਡੇ ਰੁਤਬੇ ਦੀ ਅਮੀਰੀ ਦਾ ਦਿਖਾਵਾ ਮਾਤਰ ਹਨ। ਬਿਨਾਂ ਕਿਸੇ ਉਚੇਚ ਦੇ ਘਰ ਆਏ ਮਹਿਮਾਨ ਦਾ ਸਵਾਗਤ ਕਰਨ ਅਤੇ ਬਹੁਤ ਸਾਰੀਆਂ ਪਰਿਵਾਰਕ ਗੱਲ਼ਾਂ ਸਾਂਝੀਆਂ ਕਰਨ ਦਾ ਲੁਤਫ਼ ਤਾਂ ਸਾਡੇ ਜੀਵਨ ਵਿਚੋਂ ਜਿਵੇਂ ਅਲੋਪ ਹੀ ਹੋ ਗਿਆ ਹੋਵੇ। ਜਿੱਥੇ ਕਿਤੇ ਵੀ ਕੋਈ ਘਰ, ਪਰਿਵਾਰ ਇਸ ਵਿਖਾਵੇ ਤੋਂ ਬਚਿਆ ਹੈ, ਉਥੇ ਜਾਣ ਦਾ ਆਪਣਾ ਹੀ ਸਹਿਜ ਤੇ ਸੁਹਜ ਹੈ ਜਿਸ ਵਿਚ ਸ਼ਾਮਲ ਹੋ ਕੇ ਮਨ ਨੂੰ ਸਕੂਨ ਮਿਲਦਾ ਹੈ। ਗੱਲ ਤਾਂ ਕੱਠਿਆਂ ਬੈਠਣ ਦੀ ਹੁੰਦੀ ਹੈ। ਅਤੀਤ ਦੇ ਬਹੁਤ ਸਾਰੇ ਅਮੀਰ ਚੇਤਿਆਂ ਨੂੰ ਸਾਂਝਾ ਕਰਨ ਦੀ ਹੁੰਦੀ ਹੈ। ਕੁਝ ਦਹਾਕੇ ਪਿਛਾਂਹ ਜਾਈਏ ਤਾਂ ਲੱਗਦਾ ਹੈ ਕਿ ਚੌਂਕੇ ਵਿਚ ਬੈਠ ਕੇ ਰੋਟੀ ਖਾਣ ਦੇ ਆਨੰਦ ਦਾ ਅਹਿਸਾਸ ਹੁਣ ਦੀ ਪੀੜ੍ਹੀ ਕੋਲ਼ ਕਿੱਥੇ ਹੈ। ਇਹ ਵਿਕਸਤ ਸਮਾਜ ਦੀ ਅਵਿਕਸਿਤ

ਜੀਵਨ ਜਾਚ ਹੈ। ਇਸ ਜੀਵਨ-ਜਾਚ ਨੂੰ ਬਦਲਣ ਦੀ ਲੋੜ ਹੈ। ਇਸ ਜੀਵਨ-ਜਾਚ ਵਿਚ ਖਾਣ-ਪੀਣ ਸਮੇਤ ਬਹੁਤ ਸਾਰਾ ਅਜਿਹਾ ਸ਼ਾਮਲ ਹੋ ਗਿਆ ਹੈ ਜੋ ਸਾਡੀ ਸਿਹਤ ਲਈ ਹਾਨੀਕਾਰਕ ਹੈ। ਅਜਿਹੀਆਂ ਵਸਤਾਂ ਖਾ ਕੇ ਬਿਮਾਰ ਹੋਣਾ ਤੇ ਫਿਰ ਡਾ. ਕੋਲ਼ ਜਾ ਕੇ ਮਹਿੰਗਾ ਇਲਾਜ ਕਰਵਾਉਣਾ ਵੀ ਸ਼ਾਇਦ ਮੰਡੀ ਦੀ ਦੇਣ ਹੀ ਹੈ। ਕੁਝ ਲੋਕਾਂ ਦਾ ਇਹ ਕਥਨ ਵੀ ਸ਼ਾਇਦ ਸੱਚ ਹੀ ਹੈ ਕਿ ਅੱਜ ਬਜ਼ਾਰ ਗਿਆ ਮਨੁੱਖ ਖ਼ੁਦ ਵਿਕ ਕੇ ਘਰ ਪਰਤਦਾ ਹੈ। ਸ਼ੌਪਿੰਗ ਹੁਣ ਵਿਹਲ ਤੋਂ ਉਕਤਾ ਗਏ ਬੰਦੇ ਦਾ ਆਹਰ ਵੀ ਹੈ। ਸ਼ੌਪਿੰਗ ਕਰਨ ਗਿਆ ਬੰਦਾ ਸ਼ੌਪਿੰਗ ਮਾਲ ਦੇ ਵਿਸਥਾਰ ਵਿਚ ਭਟਕਦਾ ਹੈ। ਵੱਖ-ਵੱਖ ਵਸਤਾਂ ਦੇ ਪੈਕਿੰਗ ਦੇ ਆਕਾਰ ਉਸ ਦੀ ਲੋੜ ਤੋਂ ਕਿਤੇ ਵੱਧ ਹਨ। ਮੰਡੀ ਦਾ ਇਹ ਸਰਮਾਏਦਾਰੀ ਨਿਜ਼ਾਮ ਹੈ ਕਿ ਆਪਣੀ ਲੋੜ ਨਹੀਂ, ਸਾਡੀ ਜੁਗਤ ਦਾ ਸਤਿਕਾਰ ਕਰੋ। ਇਸ ਜੁਗਤ 'ਚ ਬੰਦਾ ਖ਼ਪਤ ਹੋ ਰਿਹਾ ਹੈ। ਉਹ ਚਾਹੁੰਦਾ ਹੈ ਕਿ ਆਪਣੀਆਂ ਲੋੜਾਂ ਦੇ ਹਾਣ ਦੀ ਖਰੀਦਦਾਰੀ ਕਰਾਂ। ਅਜਿਹੇ ਵਿਸ਼ਵ ਵਿਆਪੀ ਬਰਾਂਡਡ ਸੌਪਿੰਗ ਮਾਲਾਂ ਤੋਂ ਬਾਹਰ ਨਿਕਲੀਏ। ਘਰਾਂ ਅੰਦਰ ਵਾਧੂ ਵਸਤਾਂ ਦੇ ਅੰਬਾਰ ਲਾਉਣੇ ਛੱਡੀਏ। ਆਪਣੀ ਸਮਰੱਥਾ ਦੇ ਅੰਦਰ ਰਹਿ ਕੇ ਜੀਵਨ ਜੀਣ ਦਾ ਵਲ ਸਿੱਖੀਏ ਤੇ ਅਪਣਾਈਏ। ਸਾਦੀ ਜੀਵਨ-ਜਾਚ ਵਿਚ ਵੀ ਸੁਖ-ਸਹੂਲਤਾਂ ਨੂੰ ਮਾਣਨ ਦੀ ਸਪੇਸ ਹੁੰਦੀ ਹੈ। ਇਸ ਸਾਰੇ ਕੁਝ ਤੋਂ ਮੁਕਤ ਤਾਂ ਸ਼ਾਇਦ ਨਹੀਂ ਹੋਇਆ ਜਾ ਸਕਦਾ, ਪਰ ਜਿੰਨਾਂ ਕੁ ਹੋ ਸਕੇ, ਸਾਨੂੰ ਬਚਣਾ ਚਾਹੀਦਾ ਹੈ। ਸੋਚਿਆ ਜਾਵੇ ਤਾਂ ਇਹ ਮੁਸ਼ਕਿਲ ਵੀ ਨਹੀਂ ਹੈ। ਮੁਸ਼ਕਿਲ ਸਾਰੇ ਪਰਿਵਾਰ ਦੀ ਸਹਿਮਤੀ ਬਣਨੀ ਹੈ। ਕੋਸ਼ਿਸ਼ ਕਰੀਏ। ਇਹ ਮੇਰਾ ਵਿਚਾਰ ਹੈ।

# ਪਰਵਾਸ ਦੀਆਂ ਚੁਣੌਤੀਆਂ ਦੇ ਨਵੇਂ ਮੁਹਾਂਦਰੇ

**ਪਰਵਾਸ ਦੀਆਂ ਚੁਣੌਤੀਆਂ**: ਪਰਵਾਸ ਕੋਈ ਸਿੱਧ ਪੱਧਰਾ ਵਰਤਾਰਾ ਨਹੀਂ ਹੈ। ਇਸ ਵਿਚ ਬਹੁਤ ਸਾਰੀਆਂ ਚੁਣੌਤੀਆਂ ਦਰਕਾਰ ਹਨ। ਆਪਣੀਆਂ ਜੜ੍ਹਾਂ ਤੋਂ ਉੱਖੜ ਕਿਸੇ ਪਰਾਈ ਧਰਤੀ ਦੀ ਬੇਗਾਨੀ ਮਿੱਟੀ ਵਿਚ ਆਪਣੀਆਂ ਜੜ੍ਹਾਂ ਲਾਉਣੀਆਂ ਤੇ ਵਿਗਸਣਾ, ਫੈਲਣਾ ਜਟਿਲ ਪ੍ਰਕ੍ਰਿਆ ਹੈ। ਜ਼ਰੂਰੀ ਨਹੀਂ ਹੁੰਦਾ ਹਰ ਮਿੱਟੀ ਤੁਹਾਨੂੰ ਮਾਂ ਵਾਂਗ ਗਲ਼ ਨਾਲ਼ ਲਾ ਲਵੇ ਤੇ ਹਨੇਰੀਆਂ ਤੂਫ਼ਾਨਾਂ ਤੋਂ ਤੁਹਾਡੀ ਰੱਖਿਆ ਕਰੇ। ਪਰਵਾਸੀ ਬੰਦੇ ਨੂੰ ਬਹੁਤੇ ਝੱਖੜ ਆਪਣੇ ਨੰਗੇ ਪਿੰਡੇ 'ਤੇ ਆਪ ਹੀ ਝੱਲਣੇ ਪੈਂਦੇ ਹਨ। ਸਮੇਂ ਸਮੇਂ 'ਤੇ ਚਣੌਤੀਆਂ ਆਪਣਾ ਰੂਪ ਬਦਲਦੀਆਂ ਰਹਿੰਦੀਆਂ ਹਨ। ਉਸ ਖਿੱਤੇ ਦੇ ਲੋਕਾਂ ਦੀ ਅੱਖ ਵਿਚ ਤੁਸੀਂ ਕੰਕਰ ਬਣ ਰੜਕ ਵੀ ਸਕਦੇ ਹੋ। ਉਸ ਦੇਸ਼ ਦੀ ਸੱਤਾ 'ਤੇ ਕਾਬਜ਼ ਧਿਰ ਤੁਹਾਡੀ ਕਿਰਤ ਕਮਾਈ ਵਿਚੋਂ ਆਪਣੇ ਮੁਨਾਫ਼ੇ ਨੂੰ ਜ਼ਰਬ ਦੇਣ ਲਈ ਨਵੀਆਂ ਨੀਤੀਆਂ ਨੂੰ ਤੁਹਾਡੇ ਉਪਰ ਠੋਸ ਵੀ ਸਕਦੀ ਹੈ। ਤੁਹਾਡੇ ਉਸ ਦੇਸ਼ ਵਿਚ ਦਾਖ਼ਲ ਹੋਣ ਅਤੇ ਵੱਸਣ ਦੀ ਪ੍ਰਕਿਰਿਆ ਨੂੰ ਕਠਿਨ ਤੇ ਮਹਿੰਗੀ ਵੀ ਕਰ ਸਕਦੀ ਹੈ। ਪਰਵਾਸ ਲਈ ਘਰੋਂ ਪੈਰ ਪੁੱਟਣ ਲੱਗਿਆਂ ਇਹ ਸਭ ਗੱਲਾਂ ਪੱਲੇ ਬੰਨ੍ਹ ਕੇ ਤੁਰਨਾ ਚਾਹੀਦਾ ਹੈ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਤੁਸੀਂ ਕਠਿਨ ਹਾਲਾਤਾਂ ਵਿਚ ਬਿਹਤਰ ਸੁਖ-ਸਹੂਲਤਾਂ, ਵਣਜ ਕਰਨ ਜਾ ਰਹੇ ਹੋ। ਉਥੇ ਕੁਝ ਵੀ ਥਾਲੀ ਵਿਚ ਪਰੋਸਿਆ ਨਹੀਂ ਮਿਲਣਾ। ਕਿਰਤ ਕਰਨੀ ਪੈਣੀ ਹੈ। ਸੰਘਰਸ਼ ਕਰਨਾ ਪੈਣਾ ਹੈ। ਜੀਵਨ ਸਿਫ਼ਰ ਤੋਂ ਸ਼ੁਰੂ ਕਰਨਾ ਪੈਣਾ ਹੈ। ਤੰਗੀਆਂ ਤੁਰਸ਼ੀਆਂ ਸਹਿਣੀਆਂ ਪੈਣੀਆਂ ਹਨ। ਵਿਹਲੜ ਅੰਗਾਂ ਤੇ ਪਸਤ ਇਰਾਦਿਆਂ ਅੰਦਰ ਸੇਕ ਪੈਦਾ ਕਰਨਾ ਪੈਣਾ ਹੈ। ਮਹਿੰਗੇ ਸ਼ੌਂਕ ਤੇ ਫੁਕਰੀਆਂ ਆਦਤਾਂ ਤਿਆਗਣੀਆਂ ਪੈਣੀਆਂ ਹਨ। ਇੱਕ ਨਵਾਂ ਭਾਈਚਾਰਾ ਸਿਰਜਣਾ ਪੈਣਾ ਹੈ। ਨਵੀਆਂ ਤੇ ਬਿਹਤਰ ਜੀਵਨ ਹਾਲਤਾਂ ਪੈਦਾ ਕਰਨੀਆਂ ਪੈਣੀਆਂ ਹਨ। ਇਹ ਤੇ ਅਜਿਹੇ ਕਈ ਹੋਰ ਸਚਿਆਰੇ ਉਪਰਾਲੇ ਕਰਨ ਤੇ ਪਰਚਾਰਨ ਨਾਲ਼ ਅਸੀਂ ਪਰਵਾਸ ਨੂੰ ਕਲਪਿਤ ਸਵਰਗ ਵਰਗਾ ਸੁਖਦਾਇਕ ਤੇ ਮਨਮੋਹਕ ਬਣਾ ਸਕਦੇ ਹਾਂ। ਹਿੰਸਾ ਬਾਹਰੀ ਵੀ ਹੁੰਦੀ ਹੈ ਤੇ ਸਾਡੇ ਅੰਦਰ ਵੀ। ਆਪਣੇ ਅੰਦਰਲੀ ਹਿੰਸਾ 'ਤੇ ਕਾਬੂ ਪਾਉਣਾ ਨਿਰਸੰਦੇਹ ਕਠਿਨ ਕਾਰਜ ਹੈ। ਪਰ ਇਸ 'ਤੇ ਕਾਬੂ ਪਾਏ ਬਿਨਾਂ ਮਨੁੱਖੀ ਵਿਕਾਸ ਸੰਭਵ ਨਹੀਂ ਹੈ। ਇਸ ਹਿੰਸਾ 'ਤੇ ਕਾਬੂ ਪਾਉਣ ਲਈ ਸਾਨੂੰ ਸ਼ੁੱਧ ਤੇ

ਪਵਿੱਤਰ ਵਿਚਾਰਾਂ ਦੇ ਹਥਿਆਰਾਂ ਨਾਲ ਲੈਸ ਹੋਣਾ ਪਵੇਗਾ। ਅਜਿਹੇ ਵਿਚਾਰ ਤੁਹਾਡੀ ਪਰਵਾਸ ਵਿਚ ਤੁਹਾਡੀ ਢਾਲ਼ ਬਣਨਗੇ।

**ਨਵੀਆਂ ਸਮੱਸਿਆਵਾਂ**: ਪਰਵਾਸ ਦੇ ਮੌਜੂਦਾ ਵਰਤਾਰੇ ਨੇ ਇਥੇ ਕੈਨੇਡਾ ਵਿਚ ਕੁਝ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਪਿੱਛਲੇ ਬਾਰਾਂ ਮਹੀਨਿਆਂ ਵਿਚ ਬਾਰਾਂ ਲੱਖ ਲੋਕਾਂ ਦੇ ਕੈਨੇਡਾ ਵਿਚ ਪੁੱਜਣ ਦੇ ਅੰਕੜੇ ਤੋਂ ਸਰਕਾਰ ਵੀ ਹੈਰਾਨ ਹੈ। ਚਾਰ ਕਰੋੜ ਤੋਂ ਵੱਧ ਵਸੋਂ ਵਾਲੇ ਇਸ ਮੁਲਕ ਵਿਚ ਇਹ ਵਾਧਾ ਅੰਤਰਰਾਸ਼ਟਰੀ ਪਰਵਾਸ ਕਾਰਨ ਹੋਇਆ ਹੈ। ਸਟੱਡੀ ਵੀਜ਼ੇ ‘ਤੇ ਕੈਨੇਡਾ ਆ ਰਹੇ ਵਿਦਿਆਰਥੀਆਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ। ਕਿਰਾਏ ‘ਤੇ ਘਰ ਨਹੀਂ ਮਿਲ ਰਹੇ। ਮਹਿੰਗਾਈ ਨੇ ਘੱਟ ਆਮਦਨ ਵਾਲੇ ਲੋਕਾਂ ਦਾ ਜੀਵਨ ਮੁਸ਼ਕਿਲ ਕਰ ਦਿੱਤਾ ਹੈ। ਕੈਨੇਡਾ ਵਿਚ ਘਰਾਂ ਦੀ ਮੰਗ ਬਾਰੇ ਹਾਊਸਿੰਗ ਐਂਡ ਮੌਰਗੇਜ ਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਇਸ ਵੇਲ਼ੇ 35 ਲੱਖ ਮਕਾਨਾਂ ਦੀ ਕਮੀ ਹੈ। ਫਿਕਰ ਇਹ ਵੀ ਹੈ ਕਿ ਜੇਕਰ ਆਉਂਦੇ ਪੰਜਾਂ ਸਾਲਾਂ ਵਿਚ ਮਕਾਨਾਂ ਦੀ ਉਸਾਰੀ ਦੁੱਗਣੀ ਨਾ ਕੀਤੀ ਗਈ ਤਾਂ ਮਕਾਨਾਂ ਦੀਆਂ ਕੀਮਤਾਂ ਅਤੇ ਕਿਰਾਇਆ ਹੋਰ ਉਪਰ ਚਲਾ ਜਾਵੇਗਾ। ਪਰਵਾਸੀਆਂ ਦੇ ਵੱਡੀ ਗਿਣਤੀ ਵਿਚ ਆਉਣ ਦਾ ਸਭ ਤੋਂ ਵੱਧ ਪ੍ਰਭਾਵ ਭਾਰਤ ਖਾਸ ਕਰਕੇ ਪੰਜਾਬ ਵਿਚੋਂ ਆ ਰਹੇ ਵਿਦਿਆਰਥੀਆਂ ਉਪਰ ਪੈ ਰਿਹਾ ਹੈ। ਸਟੱਡੀ ਵੀਜ਼ੇ ‘ਤੇ ਕੈਨੇਡਾ ਆ ਰਹੇ ਪੰਜਾਬੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਟੋਰਾਂਟੋ ਤੇ ਇਸ ਦੇ ਨਾਲ਼ ਲੱਗਦੇ ਸ਼ਹਿਰ ਮਿਸੀਸਾਗਾ, ਬਰੈਂਪਟਨ, ਕਿਚਨਰ ਆਦਿ ਹਨ। ਨਤੀਜਾ ਇਹ ਹੋਇਆ ਹੈ ਕਿ ਇਸ ਖਿੱਤੇ ਵਿਚ ਮਕਾਨਾਂ ਦੀ ਘਾਟ, ਬੇਰੁਜ਼ਗਾਰੀ ਤੇ ਮਹਿੰਗਾਈ ਦਾ ਅਸਰ ਸਭ ਤੋਂ ਵੱਧ ਵੇਖਣ ਨੂੰ ਮਿਲ ਰਿਹਾ ਹੈ। ਸਰਕਾਰ ਦੀ ਨਕਾਮੀ ਇਹ ਹੈ ਕਿ ਵੱਡੀ ਗਿਣਤੀ ਵਿਚ ਆ ਰਹੇ ਪਰਵਾਸੀਆਂ ਦਾ ਸਵਾਗਤ ਕਰ ਰਹੀ ਕੈਨੇਡਾ ਸਰਕਾਰ ਉਹਨਾਂ ਦੇ ਰਹਿਣ-ਸਹਿਣ, ਰੁਜ਼ਗਾਰ, ਹੈਲਥ ਤੇ ਜ਼ਰੂਰੀ ਵਸਤਾਂ ਦੀ ਉਪਲੱਭਤਾ ਦਾ ਲੋੜੀਂਦਾ ਪ੍ਰਬੰਧ ਨਹੀਂ ਕਰ ਰਹੀ। ਉਲਟਾ ਸਟੱਡੀ ਵੀਜ਼ੇ ‘ਤੇ ਆ ਰਹੇ ਵਿਦਿਆਰਥੀਆਂ ਦੀਆਂ ਫੀਸਾਂ ਵਿਚ ਵਾਧਾ ਕਰਕੇ ਉਹਨਾਂ ਦੀਆਂ ਤੇ ਉਹਨਾਂ ਦੇ ਮਾਪਿਆਂ ਦੀਆਂ ਮੁਸ਼ਕਿਲਾਂ ਵਧਾ ਰਹੀ ਹੈ। ਸੱਚਾਈ ਇਹ ਹੈ ਕਿ ਕੈਨੇਡਾ ਦੀ ਆਰਥਿਕਤਾ ਵਿਚ ਕੌਮਾਂਤਰੀ ਵਿਦਿਆਰਥੀਆਂ ਦਾ ਵੱਡਾ ਯੋਗਦਾਨ ਹੈ। ਇਹਨਾਂ ਦੀ ਗਿਣਤੀ ਘਟਾਉਣ ਬਾਰੇ ਸਰਕਾਰ ਦੇ ਇੱਕ ਮੰਤਰੀ ਦਾ ਕਹਿਣਾ ਹੈ ਕਿ ਇਹ ਹਥੌੜੇ ਨਾਲ ਸਰਜਰੀ ਕਰਨ ਵਾਂਗ ਹੋਵੇਗਾ। ਮਤਲਬ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਆਮਦ ਦਾ ਮਹੱਤਵ ਸਮਝਦੇ ਵੀ ਹਨ ਤੇ ਉਹਨਾਂ ਦੀਆਂ ਦੁਸ਼ਵਾਰੀਆਂ ਦਾ ਕੋਈ ਢੁੱਕਵਾਂ ਹੱਲ ਲੱਭਣ ਲਈ ਸੁਹਿਰਦ ਵੀ ਨਹੀਂ ਹਨ। ਅਸਲ ਵਿਚ ਨੇੜੇ ਢੁੱਕ ਰਹੀਆਂ ਚੋਣਾਂ ਦਾ ਅਸਰ ਹਰ ਲੋਕਤੰਤਰ ਦੀ ਕਮਜ਼ੋਰੀ ਹਨ। ਲੋਕਤੰਤਰ ਕਿਉਂਕਿ ਹੁਣ ਲੋਕਾਂ

ਦੁਆਰਾ, ਲੋਕਾਂ ਦਾ, ਲੋਕਾਂ ਲਈ ਰਾਜ ਨਹੀਂ ਰਿਹਾ। ਲੋਕਤੰਤਰ ਹੁਣ ਸਰਮਾਏਦਾਰੀ ਨਿਜ਼ਾਮ ਜਾਂ ਕਾਰਪੋਰਟ ਘਰਾਣਿਆਂ ਦਾ ਹੱਥ ਠੋਕਾ ਬਣਕੇ ਰਹਿ ਗਿਆ ਹੈ। ਇਸ ਲਈ ਪਰਵਾਸ ਉਪਰ ਵੀ ਇਸ ਨਿਜ਼ਾਮ ਜਾਂ ਘਰਾਣਿਆਂ ਦਾ ਅਸਰ ਹੋਣਾ ਸੁਭਾਵਿਕ ਹੈ।

**ਨਵੀਆਂ ਨੀਤੀਆਂ**: ਪਰਵਾਸ ਦਾ ਸੁਪਨਾ ਸਜਾਈਆਂ ਅੱਖਾਂ ਵਿਚ ਇੱਕ ਹੋਰ ਰੜਕ ਪੈਣ ਵਾਲੀ ਹੈ। ਕੈਨੇਡੀਅਨ ਇਮੀਗਰੇਸ਼ਨ ਮੰਤਰੀ ਮਾਰਕ ਮਿਲਰ ਨਾਲ ਮੇਰੀ ਕੋਈ ਗੱਲ ਨਹੀਂ ਹੋਈ ਨਾ ਟਰੂਡੋ ਭਾਅ ਨਾਲ ਇਸ ਵਿਸ਼ੇ 'ਤੇ ਮੇਰੀ ਕੋਈ ਚਰਚਾ ਹੋਈ ਹੈ। ਪਰ ਮੀਡੀਆ ਦੀਆਂ ਖ਼ਬਰਾਂ ਹਨ ਕਿ ਕੈਨੇਡੀਅਨ ਸਰਕਾਰ ਨੇ ਪੋਸਟ ਗ੍ਰੈਜੂਏਟ ਵਰਕ ਪਰਮਿਟ ਧਾਰਕਾਂ ਨੂੰ ਵਾਧੂ ਅਠਾਰਾਂ ਮਹੀਨੇ ਦੇ ਵਰਕ ਪਰਮਿਟ ਜਾਰੀ ਕਰਨ ਦੀ ਅਸਥਾਈ ਨੀਤੀ ਨੂੰ ਨਾ ਵਧਾਉਣ ਦਾ ਫੈਸਲਾ ਕੀਤਾ ਹੈ। ਇਹ ਨੀਤੀ ਨਵੇਂ ਵਰ੍ਹੇ ਦੀ ਪਹਿਲੀ ਤਰੀਕ ਨੂੰ ਜਾਂ ਇਸ ਤੋਂ ਬਾਅਦ ਖਤਮ ਹੋਣ ਵਾਲੇ ਵਰਕ ਪਰਮਿਟ ਧਾਰਕਾਂ ਉਪਰ ਲਾਗੂ ਹੋਵੇਗੀ। ਕਹਿਣ ਤੋਂ ਭਾਵ ਹੈ ਕਿ ਜਿਹਨਾਂ ਦੇ ਵਰਕ ਪਰਮਿਟ ਆਉਂਦੇ ਮਹੀਨਿਆਂ ਵਿਚ ਖਤਮ ਹੋਣ ਵਾਲੇ ਹਨ, ਉਹਨਾਂ ਨੂੰ ਵਾਪਸ ਜਾਣਾ ਪੈ ਸਕਦਾ ਹੈ। ਇੱਕ ਹੋਰ ਖ਼ਬਰ ਮੁਤਾਬਿਕ ਕੈਨੇਡਾ ਨੇ ਪਿਛਲੇ ਛੇ ਮਹੀਨਿਆਂ ਵਿਚ ਨਜ਼ਾਇਜ ਤਰੀਕਿਆਂ ਨਾਲ਼ ਰਹਿ ਰਹੇ ਸੱਤ ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਹੈ।

ਉਪਰੋਕਤ ਸਾਰੀਆਂ ਗੱਲਾਂ ਸਾਂਝੀਆਂ ਕਰਨ ਦਾ ਮਤਲਬ ਡਰ ਪੈਦਾ ਕਰਨਾ ਨਹੀਂ ਹੈ। ਇਹ ਫ਼ਿਕਰ ਤਾਂ ਉਨ੍ਹਾਂ ਪੰਜਾਬੀਆਂ ਤੇ ਭਾਰਤੀਆਂ ਲਈ ਹੈ ਜਿਹੜੇ ਹਰ ਹਾਲਤ ਵਿਚ ਕੈਨੇਡਾ ਪਹੁੰਚਣਾ ਚਾਹੁੰਦੇ ਹਨ। ਪੰਜਾਬ ਵਿਚ ਚੰਗੀਆਂ ਨੌਕਰੀਆਂ ਕਰ ਰਹੇ, ਸੌਖੀ ਰੋਟੀ ਖਾ ਰਹੇ, ਕਾਰੋਬਾਰ ਕਰ ਰਹੇ, ਖੇਤੀਬਾੜੀ ਕਰ ਰਹੇ ਅਤੇ ਬਿਹਤਰ ਜੀਵਨ ਹਾਲਾਤਾਂ ਜੀਅ ਰਹੇ ਲੋਕਾਂ ਨੂੰ ਆਪਣੇ ਘਰਾਂ ਨੂੰ ਜ਼ਿੰਦਰੇ ਮਾਰ ਕੇ ਜਹਾਜ਼ੇ ਚੜ੍ਹਨ ਤੋਂ ਪਹਿਲਾਂ ਠੰਡੇ ਦਿਮਾਗ ਨਾਲ਼ ਸੋਚਣਾ ਜ਼ਰੂਰ ਚਾਹੀਦਾ ਹੈ। ਭਾਰਤੀ ਸਿਸਟਮ ਸਾਡੀਆਂ ਭਾਵਨਾਵਾਂ ਦੀ ਤਰਜ਼ਮਾਨੀ ਨਹੀਂ ਕਰਦਾ। ਪਰ ਇਸ ਸਿਸਟਮ ਕੋਲੋਂ ਭੱਜ ਜਾਣ ਨਾਲ਼ ਵੀ ਕੋਈ ਮਸਲਾ ਹੱਲ ਨਹੀਂ ਹੋਣਾ। ਪਰਵਾਸ ਨੂੰ ਨਿੱਜੀ ਹਿੱਤਾਂ ਤੋਂ ਬਾਹਰ ਜਾ ਕੇ ਸੋਚਣ ਦੀ ਲੋੜ ਹੈ।

# ਭਾਈਚਾਰਕ ਸਾਂਝ ਤੋੜਦੀਆਂ ਭੀੜਾਂ

ਇਹ ਘਟਨਾ ਤਿੰਨ ਨਵੰਬਰ ਦੀ ਹੈ। ਕੈਨੇਡਾ ਦਾ ਸ਼ਹਿਰ ਬਰੈਂਪਟਨ ਜਿਸ ਨੂੰ ਮਿੰਨੀ ਪੰਜਾਬ ਵੀ ਕਿਹਾ ਜਾਂਦਾ ਹੈ। ਪੰਜਾਬੀਆਂ ਦੀ ਘਣੀ ਵਸੋਂ ਹੈ ਇਸ ਸ਼ਹਿਰ ਵਿਚ। ਬਹੁਤ ਸਾਰੇ ਗੁਰਦੁਆਰੇ ਤੇ ਮੰਦਰ ਵੀ ਹਨ। ਨਵੰਬਰ ਦੇ ਮਹੀਨੇ ਹਰ ਸਾਲ ਇੱਥੇ ਵਸਦੇ ਪੈਨਸ਼ਨਰਾਂ ਲਈ ਭਾਰਤੀ ਕੌਂਸਲੇਟ ਵੱਲੋਂ ਕੈਂਪ ਲੱਗਦੇ ਹਨ ਜਿੱਥੋਂ ਪੈਨਸ਼ਨੀਏ ਆਪਣੇ ਜਿਊਂਦੇ ਹੋਣ ਦਾ ਸਬੂਤ ਯਾਨੀ ਲਾਈਫ ਸਰਟੀਫੀਕੇਟ ਤਸਦੀਕ ਕਰਵਾਉਂਦੇ ਹਨ। ਇਹ ਸਰਟੀਫ਼ਿਕੇਟ ਉਹ ਭਾਰਤ ਵਿਚਲੇ ਆਪਣੇ ਬੈਂਕਾਂ ਨੂੰ ਭੇਜਦੇ ਹਨ ਜਿਸ ਨੂੰ ਭਾਰਤੀ ਬੈਂਕ ਸਵੀਕਾਰ ਕਰ ਲੈਂਦੇ ਹਨ। ਇਹ ਕੈਂਪ ਵੱਖ-ਵੱਖ ਮੰਦਰਾਂ, ਗੁਰਦੁਆਰਿਆਂ ਤੇ ਹੋਰ ਪਬਲਿਕ ਥਾਵਾਂ 'ਤੇ ਲਗਾਏ ਜਾਂਦੇ ਹਨ। ਉਸ ਦਿਨ ਇਹ ਕੈਂਪ ਬਰੈਂਪਟਨ ਸ਼ਹਿਰ ਦੀ ਗੋਰ ਰੋਡ 'ਤੇ ਸਥਿਤ ਹਿੰਦੂ ਸਭਾ ਟੈਂਪਲ ਵਿਚ ਲਗਾਇਆ ਗਿਆ ਸੀ। ਕੋਈ ਇੱਕ ਹਜ਼ਾਰ ਤੋਂ ਵੱਧ ਲੋਕਾਂ ਦੇ ਉਸ ਦਿਨ ਸਰਟੀਫੀਕੇਟ ਤਸਦੀਕ ਕੀਤੇ ਗਏ। ਮੈਂ ਵੀ ਆਪਣਾ ਲਾਈਫ ਸਰਟੀਫਿਕੇਟ ਤਸਦੀਕ ਕਰਵਾਉਣ ਲਈ ਉਥੇ ਹਾਜ਼ਿਰ ਸੀ। ਮੰਦਰ ਦੇ ਗੇਟ ਤੋਂ ਬਾਹਰ ਕੁਝ ਲੋਕ ਭਾਰਤ ਸਰਕਾਰ ਦੇ ਖ਼ਿਲਾਫ਼ ਪ੍ਰੋਟੈਸਟ ਕਰ ਰਹੇ ਸਨ। ਨਿਰਸੰਦੇਹ ਉਹ ਖਾਲਿਸਤਾਨ ਦੀ ਮੰਗ ਕਰਨ ਵਾਲੇ ਲੋਕ ਸਨ। ਇਹਨਾਂ ਲੋਕਾਂ ਦੀ ਗਿਣਤੀ ਦੋ ਦਰਜਨ ਤੋਂ ਘੱਟ ਸੀ। ਗੇਟ ਦੇ ਦੂਜੇ ਕਿਨਾਰੇ ਵੀ ਇਹਨਾਂ ਦਾ ਵਿਰੋਧ ਕਰਨ ਵਾਲੇ ਲੋਕ ਜੁੜਨੇ ਸ਼ੁਰੂ ਹੋ ਗਏ। ਦੋਹਾਂ ਪਾਸਿਆਂ ਤੋਂ ਨਾਅਰਿਆਂ ਦੀਆਂ ਅਵਾਜ਼ਾਂ ਉੱਚੀਆਂ ਹੋਣ ਲੱਗ ਪਈਆਂ। ਗੇਟ 'ਤੇ ਦੋਹਾਂ ਧਿਰਾਂ ਦੀ ਝੜਪ ਵੀ ਹੋਈ। ਮਾਹੌਲ ਗਰਮ ਹੋਣ ਲੱਗ ਪਿਆ। ਕਿਸੇ ਵੱਡੀ ਤ੍ਰਾਸਦੀ ਦੇ ਵਾਪਰਨ ਦਾ ਡਰ ਵੀ ਪੈਦਾ ਹੋ ਗਿਆ। ਕੈਨੇਡਾ ਪੁਲਿਸ ਨੇ ਵੀ ਇਹ ਡਰ ਮਹਿਸੂਸ ਕੀਤਾ ਤੇ ਪੁਲਿਸ ਦੀਆਂ ਹੋਰ ਗੱਡੀਆਂ ਬੁਲਾ ਲਈਆਂ ਗਈਆਂ। ਪੁਲਿਸ ਨੇ ਕਿਸੇ ਤਰ੍ਹਾਂ ਪ੍ਰੋਟੈਸਟ ਕਰ ਰਹੇ ਲੋਕਾਂ ਨੂੰ ਉਥੋਂ ਭੇਜ ਦਿੱਤਾ। ਦੂਜੇ ਧੜ੍ਹੇ ਦੇ ਲੋਕਾਂ ਨੇ ਮੰਦਰ ਦੇ ਅੰਦਰ ਜਾ ਕੇ ਮੀਟਿੰਗ ਕੀਤੀ। ਲੱਗਦਾ ਸੀ ਸਭ ਕੁਝ ਨਿੱਬੜ ਗਿਆ ਹੈ। ਪਰ ਉਸੇ ਰਾਤ ਉਸ ਧੜ੍ਹੇ ਦੇ ਵੱਡੇ ਹਜੂਮ ਨੇ ਇੱਕ ਗੁਰਦੂਆਰੇ ਦੇ ਸਾਹਮਣੇ ਜਾ ਕੇ ਪ੍ਰੋਟੈਸਟ ਕੀਤਾ। ਅਗਲੇ ਦਿਨ ਵੀ ਇਹ ਵਾਪਰਿਆ। ਲੱਗਦਾ ਸੀ ਉਹਨਾਂ ਦੇ ਸਿਰਾਂ ਅੰਦਰ ਸੁੱਤਾ ਧਰਮ ਜਾਗ ਪਿਆ ਹੈ। ਧਰਮ ਜਦ ਜਾਗਦਾ ਹੈ ਤਾਂ ਹਿੰਸਕ ਹੋ ਜਾਂਦਾ ਹੈ। ਮੈਨੂੰ ਬੀਤੇ ਵਿਚ ਹੋਈਆਂ ਸੁਣੀਆਂ, ਪੜ੍ਹੀਆਂ ਤ੍ਰਾਸਦੀਆਂ ਯਾਦ ਆਈਆਂ। ਜ਼ਰੂਰ ਉਹ ਵੀ ਅਜਿਹੀ ਹੀ ਕਿਸੇ ਮਾਮੂਲੀ ਘਟਨਾ ਤੋਂ ਪੈਦਾ ਹੋਈਆਂ ਹੋਣਗੀਆਂ। ਸੱਤ ਸਮੁੰਦਰ ਪਾਰ ਕਰਕੇ ਬਿਹਤਰ ਸੁੱਖ ਸਹੂਲਤਾਂ ਲਈ ਕੈਨੇਡਾ ਆਏ ਸ਼ਾਂਤੀਪੂਰਨ ਜੀਵਨ ਜੀਅ

ਰਹੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਜਿਵੇਂ ਧਰਮਾਂ ਦੀ ਨਜ਼ਰ ਲੱਗ ਗਈ ਹੋਵੇ। ਸੜਕਾਂ 'ਤੇ ਨਿਕਲਦੇ ਹਿੰਸਕ ਬਿਰਤੀ ਵਾਲੇ ਹਜ਼ੂਮ ਸੰਵੇਦਨਸ਼ੀਲ ਬੰਦੇ ਦੇ ਸੁਖ-ਚੈਨ ਨੂੰ ਵਲੂੰਦਰ ਰਹੇ ਸਨ। ਧਾਰਮਿਕ ਸਥਾਨਾਂ ਵਿਚ ਤਾਂ ਅਸੀਂ ਸੁਖ-ਸ਼ਾਂਤੀ ਮੰਗਣ ਜਾਂਦੇ ਹਾਂ। ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹਾਂ। ਫਿਰ ਅਚਾਨਕ ਵਾਪਰੇ ਇਸ ਘਟਨਾ ਕ੍ਰਮ ਲਈ ਅਤੇ ਲੋਕਾਂ ਦੇ ਇਸ ਵਿਵਹਾਰ ਲਈ ਕੌਣ ਜ਼ਿੰਮੇਵਾਰ ਹੈ? ਪਰਵਾਸ ਹੰਢਾ ਰਹੇ ਲੋਕਾਂ ਦੀ ਮਾਨਸਿਕਤਾ ਪੜ੍ਹਨ ਦੀ ਕੋਸ਼ਿਸ਼ ਕਰਦੇ ਹਾਂ।

**ਪਰਵਾਸ ਦਾ ਅਗਲੇਰਾ ਪੜਾਅ:** ਮੁੱਢਲੇ ਵਰਿਆਂ ਦੌਰਾਨ ਪਰਵਾਸੀ ਵਿਚਾਰਗੀ ਹੰਢਾਉਂਦੇ ਹਨ। ਨਵਾਂ ਸਿਸਟਮ, ਨਵੇਂ ਲੋਕ, ਨਵੀਂ ਭਾਸ਼ਾ ਤੇ ਪਰਾਈ ਮਿੱਟੀ ਵਿਚ ਪੈਰ ਲਾਉਣੇ ਸੁਖਾਲੇ ਨਹੀਂ ਹੁੰਦੇ। ਫਿਰ ਹੌਲੀ-ਹੌਲੀ ਉਹ ਬੇਸਮੈਂਟ ਦੀ ਕਾਲ-ਕੋਠੜੀ 'ਚੋਂ ਨਿਕਲ ਪਰਾਈ ਧਰਤੀ 'ਤੇ ਆਪਣਾ ਘਰ ਹੋਣ ਦਾ ਸੁਪਨਾ ਲੈਂਦਾ ਹੈ। ਆਪਣੇ ਘਰ ਵਿਚ ਆਪਣਾ ਪਰਿਵਾਰ ਵਸਾਉਂਦਾ ਹੈ। ਸਮਾਜ ਵਿਚ ਪਹਿਚਾਣ ਬਣਦੀ ਹੈ। ਰਾਜਨੀਤਕ ਸੂਝ ਪੈਦਾ ਹੁੰਦੀ ਹੈ। ਧਾਰਮਿਕ ਅਸਥਾਨਾਂ ਅਤੇ ਪਾਰਕਾਂ ਵਿਚ ਭਾਈਚਾਰਕ ਵਿਸਥਾਰ ਦੇ ਨਾਲ਼ ਰਾਜਨੀਤਕ ਖੰਭ ਵੀ ਫੈਲਦੇ ਹਨ। ਇਹਨਾਂ ਖੰਭਾਂ 'ਤੇ ਸਵਾਰ ਬੰਦਾ ਆਪਣਾ ਜ਼ਬਤ ਉਲੰਘਦਾ ਹੈ। ਧਰਮ ਦੀ ਨਿਰਮਾਣਤਾ ਹਿੰਸਕ ਹੋ ਕੇ ਸਿਰ ਨੂੰ ਚੜ੍ਹ ਜਾਂਦੀ ਹੈ। ਬੰਦਾ ਆਪਣੇ ਭਾਈਚਾਰੇ ਵਿਚਲੇ ਆਪਣੀ ਸੋਚ ਵਾਲੇ ਰਾਜਨੀਤਕ ਬੰਦਿਆਂ ਦੇ ਸੱਦੇ 'ਤੇ ਸੜਕਾਂ 'ਤੇ ਨਿਕਲ ਤੁਰਦਾ ਹੈ। ਇੰਝ ਕੁਝ ਲੋਕਾਂ ਦੇ ਬਹਿਕਾਵੇ ਵਿਚ ਆ ਕੇ ਉਪਰੋਕਤ ਵਰਗੀਆਂ ਘਟਨਾਵਾਂ ਵਾਪਰਦੀਆਂ ਹਨ। ਇਹ ਦਲੀਲ ਦਾ ਇੱਕ ਪੱਖ ਹੋ ਸਕਦਾ ਹੈ। ਲੋਕਾਂ ਦੇ ਪ੍ਰਤੀਕਰਮ ਵਿਚ ਹੋਰ ਵੀ ਬੜਾ ਕੁਝ ਸੁਣਨ ਨੂੰ ਮਿਲਦਾ ਹੈ।

**ਮੀਡੀਆ ਦੀ ਭੂਮਿਕਾ:** ਮੀਡੀਆ ਦੀ ਭੂਮਿਕਾ ਬਾਰੇ ਹੁਣ ਬਹੁਤਾ ਸੰਦੇਹ ਨਹੀਂ ਰਿਹਾ। ਲੋਕ ਜਾਣਦੇ ਹਨ ਕਿ ਵੱਖ-ਵੱਖ ਟੀ.ਵੀ. ਚੈਨਲ ਸੱਤਾ ਦੇ ਹੱਕ ਵਿਚ ਭੁਗਤਦੇ ਹਨ। ਉਸ ਦਿਨ ਦੀ ਘਟਨਾ ਵਿਚ ਇੱਕ ਧਿਰ ਭਾਰਤ ਸਰਕਾਰ ਵਿਰੁੱਧ ਪ੍ਰੋਟੈਸਟ ਕਰ ਰਹੀ ਸੀ ਤੇ ਦੂਸਰੀ ਪ੍ਰੋਟੈਸਟ ਕਰ ਰਿਹਾਂ ਦੇ ਵਿਰੋਧ ਵਿਚ ਤੇ ਭਾਰਤ ਸਰਕਾਰ ਦੇ ਹੱਕ ਵਿਚ ਨਾਅਰੇ ਲਗਾ ਰਹੀ ਸੀ। ਭਾਰਤ ਵਿਚਲੇ ਕੌਮੀ ਚੈਨਲਾਂ 'ਤੇ ਜੋ ਦੱਸਿਆ ਵਿਖਾਇਆ ਜਾ ਰਿਹਾ ਸੀ, ਉਹ ਘੱਟੋ-ਘੱਟ ਘਟਨਾ ਦੇ ਮੌਕੇ ਹਾਜ਼ਰ ਲੋਕਾਂ ਲਈ ਇੱਕ ਸਦਮੇਂ ਵਾਂਗ ਸੀ। ਅਜਿਹਾ ਅਕਸਰ ਹੁੰਦਾ ਹੈ। ਮੀਡੀਆ ਦੀ ਵੱਡੀ ਜ਼ੁੰਮੇਵਾਰੀ ਹੁੰਦੀ ਹੈ। ਮੀਡੀਆ ਨੇ ਦੇਸ਼ ਦੁਨੀਆਂ ਦੀ ਰਾਏ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨਾ ਹੁੰਦਾ ਹੈ। ਗਲਤ ਸੂਚਨਾਵਾਂ ਬਲਦੀ ਅੱਗ 'ਤੇ ਤੇਲ ਪਾਉਣ ਦਾ ਕੰਮ ਕਰਦੀਆਂ ਹਨ। ਕਰੋੜਾਂ ਦੀ ਸੰਪਤੀ ਬਰਬਾਦ ਹੁੰਦੀ ਹੈ। ਹਜ਼ਾਰਾਂ ਲੋਕਾਂ ਦੀ ਜਾਨ ਜਾਂਦੀ ਹੈ। ਪਰ ਵਰਤਮਾਨ ਵਿਸ਼ਵ ਵਰਤਾਰੇ ਵਿਚ ਹਰ ਥਾਂ, ਹਰ ਵਰਤਾਰੇ ਵਿਚ ਮੁਨਾਫ਼ੇ ਨੂੰ ਕੇਂਦਰ ਵਿਚ ਰੱਖਿਆ ਜਾਂਦਾ ਹੈ। ਸੱਤਾ ਨੂੰ ਖ਼ੁਸ਼ ਕਰਨ ਲਈ ਝੂਠੇ

ਬਿਰਤਾਂਤ ਸਿਰਜੇ ਜਾਂਦੇ ਹਨ। ਸੋਸ਼ਲ ਮੀਡੀਆ ਵੀ ਜ਼ਰੂਰੀ ਤੇ ਮਹੱਤਵਪੂਰਨ ਖ਼ਬਰਾਂ ਨੂੰ ਛੱਡ ਕੇ ਅਜਿਹੀਆਂ ਖ਼ਬਰਾਂ ਅਤੇ ਸਬੰਧਤ ਵੀਡੀਓਜ਼ ਨੂੰ ਵਾਰ-ਵਾਰ ਵਿਖਾਉਂਦਾ ਹੈ। ਧਰਮ ਦਾ ਮੁੱਦਾ ਭਾਵਕ ਮਸਲਾ ਹੁੰਦਾ ਹੈ। ਸਿਆਣੀ, ਸੂਝਭਰੀ ਤੇ ਸੁਹਿਰਦ ਪੱਤਰਕਾਰੀ ਅਜਿਹੇ ਵੇਲ਼ੇ ਬੜੇ ਤਹੱਮਲ ਤੋਂ ਕੰਮ ਲੈਂਦੀ ਹੈ। ਪਰ ਵਿਕਾਊ ਮੀਡੀਆ ਨੂੰ ਆਪਣੇ ਜ਼ਹਿਰੀਲੇ ਪ੍ਰਤੀਕਰਮ ਦੇ ਖ਼ੂਨੀ ਨਤੀਜਿਆਂ ਦੀ ਭੋਰਾ ਪ੍ਰਵਾਹ ਨਹੀਂ ਹੁੰਦੀ। ਉਹ ਤਾਂ ਕਿਸੇ ਸੁਆਰਥ ਅਤੇ ਹੁਕਮ ਦੇ ਬੱਝੇ ਹੁੰਦੇ ਹਨ। ਪਰ ਉਹਨਾਂ ਦੀ ਇਸ ਦੰਭੀ ਪੇਸ਼ਕਾਰੀ ਲਈ ਨਿਖੇਧੀ ਕਰਨੀ ਬਣਦੀ ਹੈ।

**ਨਵੀਂ ਆਮਦ ਦੀ ਹੁੱਲੜਬਾਜੀ**: ਕੈਨੇਡਾ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਲਈ ਸਵਰਗ ਦਾ ਸੁਪਨਾ ਸੀ ਤੇ ਸ਼ਾਇਦ ਅਜੇ ਹੀ ਹੈ। ਇਥੇ ਸਟੱਡੀ ਵੀਜ਼ਾ, ਵਰਕ ਪਰਮਿਟ, ਐੱਲ ਐੱਮ ਆਈ ਏ, ਵਿਜ਼ਟਰ ਵੀਜ਼ਾ, ਟੂਰਿਸਟ ਵੀਜ਼ਾ ਅਤੇ ਕਈ ਤਰ੍ਹਾਂ ਦੇ ਹੋਰ ਜੁਗਾੜ ਲਾ ਕੇ ਲੋਕ ਆ ਰਹੇ ਹਨ। ਇਨ੍ਹਾਂ ਵਿਚ ਨੌਜਵਾਨ ਪੀੜ੍ਹੀ ਵੀ ਵੱਡੀ ਗਿਣਤੀ ਵਿਚ ਆ ਰਹੀ ਹੈ। ਕੈਨੇਡਾ ਵਿਚ ਪੱਕਿਆਂ ਹੋਣ ਲਈ ਇਹਨਾਂ ਕੋਲ਼ ਹੋਰ ਜੁਗਤਾਂ ਦੇ ਨਾਲ਼ ਸ਼ਰਨਾਰਥੀ ਸਟੇਟਸ ਵੀ ਵਰਤਿਆ ਜਾਂਦਾ ਹੈ। ਸ਼ਰਨਾਰਥੀ ਬਣਨ ਲਈ ਅਜਿਹੇ ਵਿਵਾਦਤ ਇਕੱਠਾਂ ਵਿਚ ਜਾ ਕੇ ਹੁੱਲੜਬਾਜੀ ਕਰਨੀ ਇਹਨਾਂ ਲੋਕਾਂ ਦੀ ਮਜਬੂਰੀ ਵੀ ਹੈ, ਲੁਤਫ਼ ਵੀ। ਸੱਤਾ ਵੱਲੋਂ ਵੀ ਅਜਿਹੇ ਲੋਕਾਂ ਨੂੰ ਵਰਤਿਆ ਜਾਂਦਾ ਹੈ। ਪਿਛਲੇ ਦਿਨੀਂ ਬਰੈਂਪਟਨ ਦੀਆਂ ਸੜਕਾਂ 'ਤੇ ਨਿਕਲੇ ਹਜੂਮਾਂ ਵਿਚ ਅਜਿਹੇ ਲੋਕਾਂ ਦੀ ਬਹੁਗਿਣਤੀ ਵੇਖੀ ਜਾ ਸਕਦੀ ਹੈ। ਇਹ ਨਾ ਸਮਝ ਵੀ ਕਹੇ ਜਾ ਸਕਦੇ ਹਨ ਅਤੇ ਵਰਗਲਾਏ ਗਏ ਵੀ। ਜੋ ਵੀ ਹੋਵੇ ਇਸ ਘਟਨਾ ਕ੍ਰਮ ਦੇ ਖ਼ੌਫ਼ਨਾਕ ਨਤੀਜਿਆਂ ਤੋਂ ਇਹ ਲੋਕ ਅਣਜਾਣ ਕਹੇ ਜਾ ਸਕਦੇ ਹਨ।

**ਏਜੰਸੀਆਂ ਦਾ ਹੱਥ**: ਅਜਿਹੀ ਕਿਸੇ ਵੀ ਘਟਨਾ ਜਾਂ ਵਾਰਦਾਤ ਤੋਂ ਬਾਅਦ ਕੁਝ ਲੋਕ ਬੜੇ ਵਿਸਵਾਸ਼ ਨਾਲ ਕਹਿੰਦੇ ਹਨ ਕਿ ਇਸ ਪਿੱਛੇ ਏਜੰਸੀਆਂ ਦਾ ਹੱਥ ਹੈ। ਮੈਨੂੰ ਅੱਜ ਤੱਕ ਨਾ ਤਾਂ ਏਜੰਸੀਆਂ ਦੀ ਸਮਝ ਪਈ ਹੈ ਨਾ ਇਹਨਾਂ ਦਾ ਹੱਥ ਵਿਖਾਈ ਦਿੱਤਾ ਹੈ। ਅਜਿਹਾ ਮੇਰੀ ਪੇਤਲੀ ਸੂਝ ਕਾਰਣ ਵੀ ਹੋ ਸਕਦਾ ਹੈ। ਪਰ ਜਾਣਦਿਆਂ ਹੋਇਆਂ ਵੀ ਕਿ ਏਜੰਸੀਆਂ ਦਾ ਹੱਥ ਹੈ ਅਸੀਂ ਅਜਿਹੀਆਂ ਘਟਨਾਵਾਂ ਨੂੰ ਵਾਪਰਨ ਕਿਉਂ ਦਿੰਦੇ ਹਾਂ? ਇਸ ਵਿਚ ਇੱਕ ਧਿਰ ਕਿਉਂ ਬਣਦੇ ਹਾਂ। ਇਹ ਤਾਂ 'ਮੈਨੂੰ ਤਾਂ ਪਹਿਲਾਂ ਹੀ ਪਤਾ ਸੀ' ਵਾਲੀ ਧਾਰਣਾ ਹੈ। ਥੋੜ੍ਹਾ ਬਹੁਤਾ ਸੱਚ ਤਾਂ ਸ਼ਾਇਦ ਸੱਤਾ ਦੁਆਰਾ ਸਾਡੇ ਅੰਦਰ ਭਰੀ ਨਫ਼ਰਤ ਵੀ ਹੈ। ਇੱਕ ਧਰਮ ਵਿਸ਼ੇਸ਼ ਨੂੰ ਸੱਤਾ ਦਾ ਇੱਕ ਸਰੂਪ ਉਹਨਾਂ ਦੀ ਹੋਂਦ ਦਾ ਸਭ ਤੋਂ ਮਜ਼ਬੂਤ ਰੱਖਿਅਕ ਲੱਗਦਾ ਹੈ। ਇਸ ਭਰਮ ਦੇ ਭੁਲੇਖੇ ਵਿਚ ਹੀ ਉਹ ਦੂਜੇ ਧਰਮ ਬਾਰੇ ਸੋਚਦਿਆਂ ਹੀ ਨਫ਼ਰਤ ਨਾਲ਼ ਭਰ ਜਾਂਦੇ ਹਨ। ਸੰਸਾਰ ਭਰ ਵਿਚ ਵਾਪਰੇ ਸਮੂੰਹਕ ਕਤਲਾਂ ਵਿਚ ਇਸ ਨਫ਼ਰਤ ਦਾ ਵੱਡਾ ਯੋਗਦਾਨ ਰਿਹਾ ਹੈ। ਪੂੰਜੀਵਾਦੀ ਸਿਸਟਮ ਦੇ ਅਖੌਤੀ ਲੋਕਤੰਤਰ ਅੰਦਰ ਬਹੁਮਤ

ਜੁਟਾਉਣ ਲਈ ਰਾਜਨੀਤਕ ਧਿਰਾਂ ਕੋਲ਼ ਨਫ਼ਰਤ ਇੱਕ ਬੜਾ ਵੱਡਾ ਹਥਿਆਰ ਹੈ। ਏਜੰਸੀਆਂ ਦਾ ਹੱਥ ਵੀ ਨਫ਼ਰਤ ਨੂੰ ਪ੍ਰਸਾਦ ਵਾਂਗ ਵੰਡਦਾ ਹੋਵੇਗਾ।

**ਸੰਸਿਆਂ ਵਰਗੇ ਕੁਝ ਸਵਾਲ:** ਉਸ ਦਿਨ ਹਿੰਦੂ ਸਭਾ ਟੈਂਪਲ ਦੇ ਗੇਟ ਕੋਲ਼ ਭਾਰਤ ਸਰਕਾਰ ਵਿਰੁੱਧ ਪ੍ਰੋਟੈਸਟ ਕਰ ਰਹੇ ਮੁੱਠੀ ਭਰ ਲੋਕ ਖਾਲਸਾ ਰਾਜ ਖਾਲਿਸਤਾਨ ਦੀ ਮੰਗ ਕਰ ਰਹੇ ਸਨ। ਕੀ ਸੱਤ ਸਮੁੰਦਰ ਪਾਰ ਕੈਨੇਡਾ ਵਿਚ ਇੱਕ ਮੰਦਰ ਦੇ ਬਾਹਰ, ਜੋ ਕਿ ਹਿੰਦੂਆਂ ਦੀ ਸ਼ਰਧਾ ਦਾ ਪਵਿੱਤਰ ਸਥਾਨ ਹੈ, ਖਾਲਿਸਤਾਨ ਦੀ ਮੰਗ ਕਰਨੀ ਜਾਇਜ਼ ਹੈ ? ਫਸਾਦ ਦੀ ਜੜ੍ਹ ਪ੍ਰੋਟੈਸਟ ਕਰਨ ਲਈ ਚੁਣੀ ਗਲਤ ਜਗ੍ਹਾ ਤਾਂ ਨਹੀਂ? ਮੰਦਰ ਹਿੰਦੂਆਂ ਦੀ ਸ਼ਰਧਾ ਦਾ ਘਰ ਹੈ। ਅਸੀਂ ਕਿਸੇ ਦੇ ਘਰ ਦੇ ਬਾਹਰ ਅਜਿਹਾ ਕਿੰਝ ਕਰ ਸਕਦੇ ਹਾਂ ? ਖਾਲਿਸਤਾਨ ਦੁਨੀਆਂ ਦੇ ਕਿਸ ਕੋਨੇ ‘ਤੇ ਬਣਨਾ ਹੈ, ਉਸ ਦਾ ਭੁਗੋਲਿਕ ਨਕਸ਼ਾ ਕੀ ਹੋਣਾ ਹੈ, ਉਸਦਾ ਰਾਜਨੀਤਕ, ਧਾਰਮਿਕ, ਵਿਚਾਰਧਾਰਕ ਤੇ ਸਮਾਜਿਕ ਸੰਵਿਧਾਨ ਕੀ ਹੋਣਾ ਹੈ? ਕੀ ਇਹ ਮਾਨਵਵਾਦੀ ਤੇ ਕਲਿਆਣਕਾਰੀ ਸਟੇਟ ਹੋਵੇਗੀ ? ਕੀ ਇਹ ਸਿੱਖ ਧਰਮ ਦੇ ਲੋਕਾਂ ਦਾ ਦੇਸ਼ ਹੋਣਾ ਹੈ ? ਸਿੱਖ ਧਰਮ ਤਾਂ ਗੁਰੂ ਨਾਨਕ ਦਾ ਧਰਮ ਹੈ। ਗੁਰੂ ਨਾਨਕ ਸਭ ਧਰਮਾਂ ਦਾ ਗੁਰੂ ਹੈ। ਗੁਰੂ ਨਾਨਕ ਤਾਂ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ। ਗੁਰੂ ਨਾਨਕ ਦਾ ਪਸਾਰ ਤਾਂ ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ, ਅੰਮ੍ਰਿਤਸਰ ਸਾਹਿਬ, ਦਿੱਲੀ, ਪਟਨਾ, ਹਜ਼ੂਰ ਸਾਹਿਬ ਤੋਂ ਵੀ ਅਗਾਂਹ ਹੈ। ਕਰਤਾਰਪੁਰ ਦੇ ਲਾਂਘੇ ਲਈ ਸਾਨੂੰ ਸੱਤਰ ਸਾਲ ਉਡੀਕਣਾ ਪਿਆ। ਸ਼ੀਸ਼ਗੰਜ, ਪਟਨਾ ਸਾਹਿਬ, ਹਜ਼ੂਰ ਸਾਹਿਬ ਲਈ ਤੇ ਗੁਰੂ ਨਾਨਕ ਦੀਆਂ ਉਦਾਸੀਆਂ ਦੀਆਂ ਹੋਰ ਪੈੜਾਂ ਨੂੰ ਨਤਮਸਤਕ ਹੋਣ ਲਈ ਹੋਰ ਕਿੰਨੇ ਲਾਂਘੇ ਸਾਡੀ ਉਮਰ ਦੀ ਉਡੀਕ ਸੂਚੀ ਵਿਚ ਸ਼ਾਮਲ ਹੋਣਗੇ ? ਕਿਹੋ ਜਿਹੀ ਹੈ ਸਾਡੀ ਇਹ ਉਪ-ਭਾਵੁਕ ਮੰਗ ?ਇਹਨਾਂ ਸਵਾਲਾਂ ਬਾਰੇ ਸੋਚਣਾ ਬਣਦਾ ਹੈ। ਦੰਗੇ ਫਸਾਦ ਧਰਮਾਂ ਦੀ ਸਿਖਿਆ ਨਹੀਂ ਹੈ।

ਅਖੀਰ ਵਿਚ ਇੱਕ ਧਰਵਾਸ ਦੀ ਗੱਲ। ਕੈਨੇਡਾ ਵਿਚ ਖਾਲਿਸਤਾਨ ਦੀ ਮੰਗ ਕਰਨ ਵਾਲੇ ਲੋਕ ਕੈਨੇਡਾ ਵੱਸਦੇ ਸਮੁੱਚੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਨਹੀਂ ਕਰਦੀ। ਇਸ ਗੱਲ ਦਾ ਪ੍ਰਗਟਾਵਾ ਪਿਛਲੇ ਦਿਨੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਵੀ ਕੀਤਾ ਹੈ। ਨਾ ਹੀ ਵਿਰੋਧ ਵਿਚ ਸੜਕਾਂ ‘ਤੇ ਉਤਰ ਰਹੇ ਹਜ਼ੂਮ ਸਮੁੱਚੇ ਹਿੰਦੂ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹਨ। ਅਸੀਂ ਸਿਰਫ ਏਨਾ ਕਰ ਸਕਦੇ ਹਾਂ ਕਿ ਇਹਨਾਂ ਦੋਹਾਂ ‘ਚੋਂ ਕਿਸੇ ਦੀ ਧਿਰ ਨਾ ਬਣੀਏਂ। ਇੱਕ ਤੀਜੀ ਧਿਰ ਬਣੀਏਂ। ਧਿਰ ਜਿਸ ਕੋਲ ਗੁਰੂਆਂ, ਪੀਰਾਂ, ਫ਼ਕੀਰਾਂ, ਦੇਵੀ ਦੇਵਤਿਆਂ ਦਾ ਸਾਂਝਾ ਸੰਦੇਸ਼ ਹੋਵੇ। ਮੌਜੂਦਾ ਸਮਿਆਂ ਅੰਦਰ ਅਜਿਹੀ ਤੀਜੀ ਧਿਰ ਦੀ ਬੇਹੱਦ ਲੋੜ ਹੈ। ਇਸ ਤੀਜੀ ਧਿਰ ਦੀ ਚੁੱਪ ਤੋੜਨੀ ਹੋਵੇਗੀ। ਇਸ ਧਿਰ ਨੂੰ ਹਊ ਪਰ੍ਹੇ ਕਰਨ ਦੀ ਨੀਤੀ ਤਿਆਗਣੀ ਪਵੇਗੀ।

# ਕੈਨੇਡਾ ਵਿਚ ਪੰਜਾਬੀ ਮਾਤ-ਭਾਸ਼ਾ ਦਾ ਵਰਤਮਾਨ ਅਤੇ ਭਵਿੱਖ

ਦੁਨੀਆਂ ਭਰ ਵਿਚੋਂ ਦੋ ਸੌ ਦੇਸ਼ਾਂ ਦੇ ਲੋਕ ਮਾਈਗ੍ਰੇਟ ਕਰਕੇ ਕੈਨੇਡਾ ਆਏ ਹਨ। ਇਹਨਾਂ ਵਿਚੋਂ ਕੁਝ ਪੱਕੇ ਤੌਰ 'ਤੇ ਇਥੇ ਆ ਵਸੇ ਹਨ, ਕੁਝ ਪਿਤਰੀ ਦੇਸ਼ਾਂ ਨਾਲ਼ ਵੀ ਜੁੜੇ ਹਨ। ਇਨ੍ਹਾਂ ਸਭ ਦੀਆਂ ਪ੍ਰਾਪਤੀਆਂ, ਸੰਘਰਸ਼ਾਂ, ਫਿਕਰਾਂ ਦੀ ਗੱਲ ਇਥੇ ਰਚੇ ਜਾ ਰਹੇ ਸਾਹਿਤ ਦਾ ਹਿੱਸਾ ਬਣਦੇ ਹਨ। ਇੱਕ ਸਾਂਝਾ ਜਿਹਾ ਫਿਕਰ ਹੈ ਅਗਲੇਰੀਆਂ ਪੀੜ੍ਹੀਆਂ ਨੂੰ ਆਪਣੇ ਸੱਭਿਆਚਾਰ ਅਤੇ ਮਾਂ-ਬੋਲੀ ਨਾਲ਼ ਜੋੜ ਕੇ ਰੱਖਣਾ। ਇਸ ਲਈ ਵੱਖ-ਵੱਖ ਪੱਧਰ 'ਤੇ ਯਤਨ ਵੀ ਹੁੰਦੇ ਰਹਿੰਦੇ ਹਨ। ਆਪਾਂ ਗੱਲ ਪੰਜਾਬੀ ਭਾਈਚਾਰੇ ਦੀ ਕੈਨੇਡਾ ਦੇ ਹਵਾਲੇ ਨਾਲ਼ ਕਰਦੇ ਹਾਂ। ਜਿੱਥੋਂ ਤੱਕ ਕੈਨੇਡਾ ਦੇ ਸਿਸਟਮ ਵਿਚ ਆਪਣੀ ਸਪੇਸ ਪੈਦਾ ਕਰਨ ਦੀ ਗੱਲ ਹੈ, ਇਥੋਂ ਦੇ ਕਾਰੋਬਾਰ, ਰਾਜਨੀਤੀ ਅਤੇ ਸਮਾਜਿਕਤਾ ਪਾਲਣ ਵਿਚ ਇਸ ਭਾਈਚਾਰੇ ਦੀ ਝੰਡੀ ਹੈ। ਇਹ ਵਿਕਾਸ ਦੇ ਬਾਹਰੀ ਲੱਛਣ ਹਨ। ਮਨੁੱਖ ਦੇ ਅੰਦਰ ਪਏ ਬੰਦੇ ਦੀ ਮਾਨਸਿਕ ਸੰਤੁਸ਼ਟੀ ਲਈ ਕਈ ਕੁਝ ਹੋਰ ਵੀ ਪਿਆ ਹੁੰਦਾ ਹੈ। ਇਸ ਅੰਦਰ ਪਏ ਦੀ ਸਾਂਭ-ਸੰਭਾਲ ਲਈ ਕੁਝ ਵੱਖਰੇ ਯਤਨ ਕਰਨੇ ਪੈਂਦੇ ਹਨ। ਇਸ ਲਈ ਇਸ ਦੀ ਘੋਖ ਕਰਨੀ ਬਣਦੀ ਹੈ ਕਿ ਇਹ ਭਾਈਚਾਰਾ ਆਪਣੀਆਂ ਰਸਮਾਂ, ਰੀਤੀ-ਰਿਵਾਜਾਂ ਅਤੇ ਮਾਂ ਬੋਲੀ ਲਈ ਕਿੰਨਾ ਕੁ ਸੁਚੇਤ ਅਤੇ ਫਿਕਰਮੰਦ ਹੈ ਅਤੇ ਇਸ ਲਈ ਸਾਂਝੇ ਤੌਰ 'ਤੇ ਕੀ ਯਤਨ ਕਰ ਰਿਹਾ ਹੈ ? ਅਗਲੀ ਪੀੜ੍ਹੀ ਦੇ ਹੱਥਾਂ 'ਚ ਪੰਜਾਬੀ ਮਾਤ ਭਾਸ਼ਾ ਦਾ ਭਵਿੱਖ ਕੀ ਹੈ ? ਇਹਨਾਂ ਸਵਾਲਾਂ 'ਤੇ ਸੰਖੇਪ ਚਰਚਾ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਪੰਜਾਬੀਆਂ ਜਾਂ ਕਿਸੇ ਵੀ ਹੋਰ ਭਾਈਚਾਰੇ ਦੇ ਪਰਵਾਸ ਕਰਨ ਵੇਲ਼ੇ ਉਹਨਾਂ ਦਾ ਸੱਭਿਆਚਾਰ, ਇਤਿਹਾਸ, ਬੋਲੀ, ਪਹਿਰਾਵਾ, ਧਰਮ ਅਤੇ ਵਿਰਾਸਤ ਵੀ ਨਾਲ਼ ਹੀ ਪਰਵਾਸ ਕਰਦੇ ਹਨ। ਪੰਜਾਬ 'ਚ ਰਹਿੰਦਿਆਂ ਭਾਵੇਂ ਅਸੀਂ ਪੰਜਾਬੀ ਭਾਸ਼ਾ ਨਾਲ਼ ਹੋ ਰਹੇ ਵਿਤਕਰੇ ਬਾਰੇ ਸੁਚੇਤ ਪੱਧਰ 'ਤੇ ਧਿਆਨ ਨਾ ਦਿੱਤਾ ਹੋਵੇ, ਪਰ ਵਿਦੇਸ਼ ਵਿੱਚ ਵੱਸਣ ਉਪਰੰਤ ਆਪਣੀ ਬੋਲੀ ਅਤੇ ਕਦਰਾਂ ਕੀਮਤਾਂ ਲਈ ਅਸੀਂ ਸੁਚੇਤ ਹੋ ਜਾਂਦੇ ਹਾਂ। ਆਪਣੇ ਵਤਨ ਤੋਂ ਦੂਰ ਦੂਜੇ ਦੇਸ਼ ਵਿਚ ਜਿੱਥੇ ਬੋਲੀ ਜਾਣ ਵਾਲੀ ਭਾਸ਼ਾ ਵੀ ਵੱਖ ਹੈ, ਬਿਰਖ ਬੂਟੇ ਤੇ ਪੰਛੀ ਵੀ ਵੱਖਰੇ ਹਨ, ਮੌਸਮ ਵੀ ਅਣਕਿਆਸਿਆ ਤੇ ਬੇਇਤਬਾਰਾ ਹੈ, ਉਥੇ ਆਪਣੇ ਭਾਈਚਾਰੇ ਦੀ ਪਛਾਣ ਬਣਾਈ ਰੱਖਣੀ ਇੱਕ ਵੰਗਾਰ ਵਰਗਾ ਕਰਮ ਹੈ। ਉਂਝ ਵਿਦੇਸ਼ੀ ਭੋਇੰ 'ਤੇ ਜਾ ਕੇ

ਆਪਣੀ ਭੋਇੰ, ਭਾਸ਼ਾ ਤੇ ਸੱਭਿਆਚਾਰ ਦਾ ਹੇਰਵਾ ਜਾਗਦਾ ਹੈ। ਅਸੀਂ ਇਸ ਗੱਲ ਲਈ ਫਿਕਰਮੰਦ ਹੁੰਦੇ ਹਾਂ ਕਿ ਸਾਡੇ ਬੱਚੇ ਆਪਣੀ ਭਾਸ਼ਾ ਅਤੇ ਰਿਸ਼ਤਿਆਂ ਨੂੰ ਵਿਸਰ ਨਾ ਜਾਣ। ਇਸ ਫਿਕਰ 'ਚੋਂ ਕੁਝ ਉਪਰਾਲੇ ਆਕਾਰ ਗ੍ਰਹਿਣ ਕਰਦੇ ਹਨ। ਇਕੱਠਾਂ 'ਚ ਬੈਠਿਆਂ ਵਿਚਾਰ ਚਰਚਾ ਹੁੰਦੀ ਹੈ। ਕੁਝ ਸੁਝਾਅ ਸਾਂਝੇ ਹੁੰਦੇ ਹਨ। ਗੱਲ ਅਗਾਂਹ ਤੁਰਦੀ ਹੈ। ਇਹਨਾਂ ਉਪਰਾਲਿਆਂ ਵਿਚੋਂ ਇੱਕ ਹੈ ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ ਜਿਹੜੀ ਪਿਛਲੇ ਤੀਹ ਸਾਲਾਂ ਤੋਂ ਪੰਜਾਬੀ ਭਾਸ਼ਾ ਨੂੰ ਪ੍ਰਮੋਟ ਕਰ ਰਹੀ ਹੈ। ਸਾਹਿਤਕ ਸਮਾਗਮ ਆਯੋਜਿਤ ਕਰਨ ਤੋਂ ਇਲਾਵਾ ਹਰ ਸਾਲ ਫਰਵਰੀ ਦੇ ਮਹੀਨੇ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣਾ, ਨੌਜਵਾਨ ਪੀੜ੍ਹੀ ਦੇ ਵੱਖ-ਵੱਖ ਸਾਹਿਤਕ ਵਿਧਾਵਾਂ ਵਿਚ ਮੁਕਾਬਲੇ ਕਰਵਾਉਣੇ, ਨਵੀਆਂ ਛਪੀਆਂ ਪੁਸਤਕਾਂ ਸਾਂਝੀਆਂ ਕਰਨੀਆਂ ਅਤੇ ਪੰਜਾਬ ਤੋਂ ਇਥੇ ਪਹੁੰਚਣ ਵਾਲੇ ਲੇਖਕਾਂ ਨਾਲ਼ ਰੂਬਰੂ ਕਰਨੇ ਆਦਿ ਸ਼ਾਮਲ ਹੈ। ਪੰਜਾਬ ਡਿਜੀਟਲ ਲਾਇਬ੍ਰੇਰੀ ਇੱਕ ਹੋਰ ਅਜਿਹਾ ਉਪਰਾਲਾ ਹੈ ਜਿਸਦਾ ਉਦੇਸ਼ ਵੀ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਨੂੰ ਡਿਜੀਟਾਈਜ਼ ਕਰਕੇ ਉਸਦੀ ਭਾਲ ਅਤੇ ਸੰਭਾਲ਼ ਕਰਨਾ ਹੈ। ਇਹ ਕਿਉਂਕਿ ਆਧੁਨਿਕ ਤਕਨੀਕ ਹੈ। ਇਸ ਤਕਨੀਕ ਨਾਲ਼ ਨਵੀਂ ਪੀੜ੍ਹੀ ਦੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਨਾਲ਼ ਜੁੜਨ ਦੀ ਸੰਭਾਵਨਾ ਵੱਧ ਜਾਂਦੀ ਹੈ।

ਆਪਣੀ ਬੋਲੀ ਅਤੇ ਸੱਭਿਆਚਾਰ ਨੂੰ ਬਚਾਉਣ ਲਈ ਭਾਈਚਾਰੇ ਦਾ ਇੱਕ ਥਾਂ ਜੁੜ ਬੈਠਣਾ ਅਤੇ ਸੰਵਾਦ ਰਚਾਉਣਾ ਜ਼ਰੂਰੀ ਹੈ। ਇਸ ਜੁੜ ਬੈਠਣ ਲਈ ਇਥੇ ਕੈਨੇਡਾ ਵਿਚ ਕਮਿਊਨਿਟੀ ਸੈਂਟਰ ਅਤੇ ਪਾਰਕਾਂ ਤੋਂ ਬਾਅਦ ਇਥੇ ਸਥਾਪਿਤ ਗੁਰਦੁਆਰੇ ਇਹ ਸੁਵਿਧਾ ਮੁਹੱਈਆ ਕਰਦੇ ਹਨ। ਇਨ੍ਹਾਂ ਗੁਰੂ ਘਰਾਂ ਵਿਚ ਪੰਘੂੜੇ ਵਿਚ ਪਏ ਬੱਚੇ ਤੋਂ ਲੈ ਕੇ ਅੱਸੀਆਂ ਨੂੰ ਟੱਪ ਚੁੱਕੇ ਬਜ਼ੁਰਗਾਂ ਤੱਕ ਸਭ ਆਉਂਦੇ ਹਨ। ਮੱਥਾ ਟੇਕਣਾ, ਪਾਠ ਅਤੇ ਕੀਰਤਨ ਸਰਵਣ ਕਰਨਾ, ਕਥਾ ਸੁਣਨੀ ਅਤੇ ਗੱਲਾਂ ਸਾਂਝੀਆਂ ਕਰਨੀਆਂ ਸੁਤੇ-ਸਿੱਧ ਹੀ ਨਵੀਂ ਪੀੜ੍ਹੀ ਨੂੰ ਆਪਣੀ ਬੋਲੀ ਅਤੇ ਸਭਿਆਚਾਰ ਨਾਲ਼ ਜੋੜ ਦਿੰਦੇ ਹਨ। ਇਸ ਤੋਂ ਇਲਾਵਾ ਗੁਰਦੁਆਰਿਆਂ ਵਿਚ ਬੱਚਿਆਂ ਲਈ ਹਫ਼ਤੇ ਵਿਚ ਇੱਕ ਦਿਨ ਪੰਜਾਬੀ ਭਾਸ਼ਾ ਦੀਆਂ ਕਲਾਸਾਂ ਲੱਗਦੀਆਂ ਹਨ। ਕੁਝ ਗੁਰਦੁਆਰਿਆਂ ਵਿਚ ਤਾਂ ਹਫ਼ਤੇ ਦੇ ਸਾਰੇ ਦਿਨ ਕਲਾਸਾਂ ਲੱਗਦੀਆਂ ਹਨ। ਜਿੱਥੋਂ ਤੱਕ ਭਾਈਚਾਰੇ ਦੀ ਬੋਲੀ, ਰਸਮਾਂ, ਰਿਸ਼ਤਿਆਂ, ਕਦਰਾਂ-ਕੀਮਤਾਂ ਅਤੇ ਪੰਜਾਬੀ ਭਾਸ਼ਾ ਤੋਂ ਅਗਾਂਹ ਪੰਜਾਬੀਅਤ ਦੇ ਨਿੱਘੇ ਅਹਿਸਾਸ ਦੀ ਗੱਲ ਕਰੀਏ ਤਾਂ ਇਹਨਾਂ ਗੁਰਧਾਮਾਂ ਦੀ ਦੇਣ ਜਾਂ ਭੂਮਿਕਾ ਸਲਾਹੁਣਯੋਗ ਹੈ। ਗੱਲ ਭਾਸ਼ਾ ਦੇ ਨਾਲ਼ ਪਹਿਰਾਵੇ, ਸ਼ਰਧਾ ਅਤੇ ਸਤਿਕਾਰ ਦੀ ਵੀ ਹੁੰਦੀ ਹੈ।

ਇਥੋਂ ਦੀਆਂ ਲਾਇਬ੍ਰੇਰੀਆਂ ਵਿਚ ਸੰਸਾਰ ਦੀਆਂ ਵੱਖ-ਵੱਖ ਭਾਸ਼ਾਵਾਂ ਦੇ ਨਾਲ਼ ਪੰਜਾਬੀ ਭਾਸ਼ਾ ਦੀਆਂ ਕਿਤਾਬਾਂ ਵੀ ਸ਼ਾਮਿਲ ਕੀਤੀਆਂ ਗਈਆਂ ਹਨ। ਉਂਝ

ਇਹਨਾਂ ਲਾਇਬ੍ਰੇਰੀਆਂ ਵਿਚ ਕੋਈ ਲੇਖਕ ਆਪਣੀ ਕਿਤਾਬ ਭੇਂਟ ਕਰਨੀ ਚਾਹੇ ਤਾਂ ਉਸ ਲਈ ਲੰਮੀ ਤੇ ਜਟਿਲ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਨੂੰ ਸਰਲ ਤੇ ਸਹਿਜ ਬਣਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਉਂਝ ਇੱਕ ਸੱਚ ਇਹ ਵੀ ਹੈ ਕਿ ਵਰ੍ਹਿਆਂ ਬੱਧੀ ਇਹ ਕਿਤਾਬਾਂ ਪਾਠਕ ਦੇ ਹੱਥਾਂ ਦੀ ਛੋਹ ਨੂੰ ਤਰਸ ਜਾਂਦੀਆਂ ਹਨ। ਕੈਨੇਡਾ ਦੇ ਸਿਸਟਮ ਮੁਤਾਬਕ ਅਜਿਹੀਆਂ ਕਿਤਾਬਾਂ ਨੂੰ ਲਾਇਬ੍ਰੇਰੀ ਦੀ ਪੁਸਤਕ ਸੂਚੀ ਵਿਚੋਂ ਬਾਹਰ ਕਰ ਦਿੱਤਾ ਜਾਂਦਾ ਹੈ। ਪੰਜਾਬ ਵਿਚ ਛਪਦੀਆਂ ਪੰਜਾਬੀ ਦੀਆਂ ਕੁਝ ਅਖ਼ਬਾਰਾਂ ਵੀ ਕੈਨੇਡਾ ਦੀਆਂ ਲਾਇਬ੍ਰੇਰੀਆਂ ਵਿਚ ਪਹੁੰਚਦੀਆਂ ਹਨ। ਇਥੋਂ ਦੇ ਸਕੂਲਾਂ ਵਿਚ ਇੰਟਰਨੈਸ਼ਨਲ ਲੈਂਗੂਏਜਜ਼ ਪ੍ਰੋਗਰਾਮ ਵਿਚ ਪੰਜਾਬੀ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਇਹ ਪੀ.ਡੀ.ਐੱਸ.ਬੀ. ਦਾ ਇੰਟਰਨੈਸ਼ਨਲ ਪ੍ਰੋਗਰਾਮ ਹੈ ਜਿਸ ਵਿਚ ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਤਾਮਿਲ ਸਮੇਤ ਦੋ ਦਰਜਨ ਦੇ ਕਰੀਬ ਵੱਖ-ਵੱਖ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹਨ।

ਬੋਲੀ ਦਾ ਸਹਿਜ ਸੁਭਾਅ ਸੰਚਾਰ ਬਚਪਨ ਵਿਚ ਹੀ ਘਰ ਤੋਂ ਸ਼ੁਰੂ ਹੋ ਜਾਂਦਾ ਹੈ। ਬੱਸ ਮਾਪਿਆਂ ਨੂੰ ਆਪਣੇ ਅੰਦਰੋਂ ਇਹ ਡਰ ਕੱਢਣਾ ਪੈਣਾ ਹੈ ਕਿ ਬੱਚੇ ਨਾਲ਼ ਪੰਜਾਬੀ ਵਿਚ ਗੱਲ ਕਰਨ ਨਾਲ਼ ਇਹ ਬਾਕੀ ਬੱਚਿਆਂ ਨਾਲ਼ੋਂ ਪਛੜ ਜਾਵੇਗਾ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਥੇ ਕੈਨੇਡਾ ਵਿਚ ਰਹਿੰਦਿਆਂ ਅੰਗਰੇਜ਼ੀ ਤਾਂ ਬੱਚੇ ਨੇ ਸਿੱਖ ਹੀ ਜਾਣੀ ਹੈ। ਲੋੜ ਉਸਨੂੰ ਆਪਣੀ ਬੋਲੀ ਤੇ ਧਰਮ ਨਾਲ਼ ਜੋੜੀ ਰੱਖਣ ਦੀ ਹੈ। ਬਜ਼ੁਰਗ ਮਾਪਿਆਂ (ਗਰੈਂਡ ਪੇਰੈਂਟਸ) ਦਾ ਅਗਲੇਰੀ ਪੀੜ੍ਹੀ ਨੂੰ ਪੰਜਾਬੀ ਭਾਸ਼ਾ, ਪੰਜਾਬੀ ਰਹਿਤਲ ਅਤੇ ਸੱਭਿਆਚਾਰ ਨਾਲ਼ ਜੋੜਨ ਲਈ ਨਿਰ ਉਚੇਚ ਉਪਰਾਲਾ ਵਧੇਰੇ ਸਾਰਥਿਕ ਹੈ। ਬਜ਼ੁਰਗ ਸ਼ੁੱਧ ਪੰਜਾਬੀ ਬੋਲਦੇ ਹਨ। ਉਹਨਾਂ ਕੋਲ਼ ਰਹਿਣ ਵਾਲੇ ਬੱਚੇ ਸਕੂਲੀ ਸਿਸਟਮ ਤੋਂ ਬਾਹਰ ਪੰਜਾਬੀ ਭਾਸ਼ਾ ਬੋਲਣੀ ਤੇ ਸਮਝਣੀ ਸਿੱਖ ਜਾਂਦੇ ਹਨ। ਉਹ ਸੱਭਿਆਚਾਰ ਨਾਲ਼ ਵੀ ਜੁੜ ਜਾਂਦੇ ਹਨ ਅਤੇ ਧਰਮ ਅਤੇ ਅਕੀਦੇ ਵਿਚ ਵੀ ਪਰਪੱਕ ਹੋ ਜਾਂਦੇ ਹਨ। ਬਜ਼ੁਰਗ ਮਾਪਿਆਂ ਦੇ ਇਸ ਯੋਗਦਾਨ ਨੂੰ ਸਮਝਣਾ ਚਾਹੀਦਾ ਹੈ ਅਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਬੱਚੇ ਵੱਧ ਤੋਂ ਵੱਧ ਸਮਾਂ ਆਪਣੇ ਗਰੈਂਡ ਪੇਰੈਂਟਸ ਨਾਲ਼ ਬਿਤਾਉਣ। ਉਪਰੋਕਤ ਗੱਲਾਂ ਵਿਚ ਬਜ਼ੁਰਗਾਂ ਦਾ ਸਾਰਥਿਕ ਯੋਗਦਾਨ ਵਿਦਾ ਹੋ ਰਹੇ ਸਮੇਂ ਦਾ ਸੱਚ ਹੈ।

ਇਥੇ ਛਪਦੀਆਂ ਪੰਜਾਬੀ ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ ਚੈਨਲ ਅਤੇ ਸੋਸ਼ਲ ਮੀਡੀਆ ਵੀ ਅਗਲੀ ਪੀੜ੍ਹੀ ਨੂੰ ਆਪਣੀ ਮਾਂ-ਬੋਲੀ ਨਾਲ਼ ਜੋੜਨ ਦਾ ਕੰਮ ਕਰ ਰਹੀਆਂ ਹਨ। ਟੋਰਾਂਟੋ ਖਿੱਤੇ ਦੀ ਗੱਲ ਕਰੀਏ ਤਾਂ ਇਥੇ ਹਫ਼ਤਾਵਾਰੀ ਅਖ਼ਬਾਰ ਅਜੀਤ, ਹਮਦਰਦ ਤੋਂ ਬਾਅਦ ਮਾਸਿਕ ਅਖ਼ਬਾਰ ਸਰੋਕਾਰਾਂ ਦੀ ਆਵਾਜ਼ ਵੀ ਛਪਦੇ ਹਨ। ਬਾਕੀ ਇੰਟਰਨੈੱਟ ਅਖ਼ਬਾਰ ਹੋ ਗਏ ਹਨ। ਪਰ ਇਹ ਸਰੋਤ ਨਵੀਂ

ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ਼ ਜੋੜ ਰਹੇ ਹਨ। ਇਥੇ ਰਚਿਆ ਜਾ ਰਿਹਾ ਪੰਜਾਬੀ ਸਾਹਿਤ ਵੀ ਇਹ ਭੂਮਿਕਾ ਨਿਭਾਅ ਰਿਹਾ ਹੈ। ਕੈਨੇਡਾ ਵਿਚ ਬਹੁਤ ਸਾਰੇ ਨਾਮੀ ਪੰਜਾਬੀ ਲੇਖਕ ਵੱਸਦੇ ਹਨ ਜਿਹੜੇ ਮਿਆਰੀ ਸਾਹਿਤ ਦੀ ਰਚਨਾ ਕਰ ਰਹੇ ਹਨ। ਪੰਜਾਬੀ ਭਾਸ਼ਾ ਦੇ ਨਿਖਾਰ ਤੇ ਅਮੀਰੀ ਵਿਚ ਕੈਨੇਡਾ ਵੱਸਦੇ ਇਨ੍ਹਾਂ ਲੇਖਕਾਂ ਦੇ ਯੋਗਦਾਨ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਕੈਨੇਡਾ ਵਿਚ ਬਹੁਤ ਸਾਰੀਆਂ ਸਾਹਿਤ ਸਭਾਵਾਂ ਸਰਗਰਮ ਹਨ। ਇਹਨਾਂ ਸਭਾਵਾਂ ਨਾਲ਼ ਸੂਝਵਾਨ ਵਿਦਵਾਨ, ਸ਼ਾਇਰ ਤੇ ਲੇਖਕ ਜੁੜੇ ਹਨ। ਇਹਨਾਂ ਸਭਾਵਾਂ ਵਿਚ ਮਿਆਰੀ ਸੈਮੀਨਾਰ ਤੇ ਹੋਰ ਸਾਹਿਤਕ ਸਮਾਗਮ ਹੁੰਦੇ ਰਹਿੰਦੇ ਹਨ। ਇਸ ਨਾਲ਼ ਵੀ ਪੰਜਾਬੀ ਭਾਸ਼ਾ ਦਾ ਮੁਹਾਂਦਰਾ ਨਿੱਖਰਿਆ ਹੈ। ਸੋਸ਼ਲ ਮੀਡੀਆ 'ਤੇ ਵੀ ਭਾਸ਼ਾ ਨਾਲ਼ ਸਬੰਧਤ ਮਸਲੇ ਪੜ੍ਹਨ ਨੂੰ ਮਿਲਦੇ ਰਹਿੰਦੇ ਹਨ। ਫੇਸਬੁੱਕ, ਵਟਸਐਪ, ਮੈਸੰਜਰ, ਇੰਸਟਾਗਰਾਮ ਆਦਿ ਨੂੰ ਵਰਤਣ ਵਾਲਿਆਂ ਦੀ ਵੱਡੀ ਗਿਣਤੀ ਬਹਾਨੇ ਨਾਲ਼ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ਼ ਜੁੜੇ ਰਹਿੰਦੇ ਹਨ। ਪੰਜਾਬੀ ਰੰਗਮੰਚ ਵੀ ਕੈਨੇਡਾ ਵਿਚ ਪੰਜਾਬੀਅਤ ਨੂੰ ਹੁਲਾਰਾ ਦੇ ਰਿਹਾ ਹੈ। ਇਥੇ ਅਕਸਰ ਪੰਜਾਬੀ ਰੰਗ-ਮੰਚੀ ਪੇਸ਼ਕਾਰੀਆਂ ਹੁੰਦੀਆਂ ਰਹਿੰਦੀਆਂ ਹਨ। ਪੰਜਾਬ ਤੋਂ ਆਉਣ ਵਾਲੇ ਨਾਟਕਕਾਰ ਵੀ ਆਪਣੀ ਫੇਰੀ ਦੌਰਾਨ ਨਾਟਕਾਂ ਦੀ ਪੇਸ਼ਕਾਰੀ ਕਰਦੇ ਹਨ ਜਿਸ ਨੂੰ ਵੱਡੀ ਗਿਣਤੀ ਵਿਚ ਲੋਕ ਟਿਕਟਾਂ ਖਰੀਦ ਕੇ ਵੇਖਦੇ ਹਨ। ਡਾ.ਸਾਹਿਬ ਸਿੰਘ ਦਾ ਇਸ ਪ੍ਰਸੰਗ ਵਿਚ ਵਿਸ਼ੇਸ਼ ਜ਼ਿਕਰ ਕੀਤਾ ਜਾ ਸਕਦਾ ਹੈ। ਪੰਜਾਬੀ ਗਾਇਕਾਂ ਨੇ ਵੀ ਪੰਜਾਬੀ ਦੇ ਪ੍ਰਚਾਰ ਅਤੇ ਪਸਾਰ ਵਿਚ ਹਿੱਸਾ ਪਾਇਆ ਹੈ। ਇੱਕ ਗੱਲ ਜਿਸ ਦੀ ਬਹੁਤੇ ਲੋਕਾਂ ਨੂੰ ਸਮਝ ਨਹੀਂ ਕਿ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਜਾਣਨ ਤੇ ਬੋਲਣ ਵਾਲਿਆਂ ਨੂੰ ਨੌਕਰੀ ਵਿਚ ਤਰਜੀਹ ਦਿੱਤੀ ਜਾਂਦੀ ਹੈ। ਕਹਿਣ ਤੋਂ ਭਾਵ ਹੈ ਕਿ ਪੰਜਾਬੀ ਬੋਲਣ ਵਾਲਿਆਂ ਦਾ ਨੌਕਰੀ ਲੈਣ ਸਮੇਂ ਇਹ ਇੱਕ ਹਾਂ-ਮੁਖੀ ਪਹਿਲੂ ਹੈ।

ਉਪਰੋਕਤ ਸੰਖੇਪ ਚਰਚਾ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਇਥੇ ਕੈਨੇਡਾ ਵਿਚ ਵੱਖ-ਵੱਖ ਪੱਧਰਾਂ 'ਤੇ ਪੰਜਾਬੀ ਭਾਸ਼ਾ ਅਤੇ ਸਾਹਿਤ, ਸੱਭਿਆਚਾਰ ਲਈ ਉਪਰਾਲੇ ਹੋ ਰਹੇ ਹਨ। ਇਥੇ ਪੰਜਾਬੀ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਵੱਸਦੀ ਹੈ। ਇਕੱਲੇ ਓਨਟਾਰੀਓ ਸੂਬੇ ਵਿਚ ਹੀ ਚਾਰ ਲੱਖ ਤੋਂ ਵੱਧ ਲੋਕ ਪੰਜਾਬੀ ਬੋਲਦੇ ਹਨ। ਪਰ ਇਹ ਗਿਣਤੀ ਵਧੇਰੇ ਕਰਕੇ ਉਹ ਹੈ ਜਿਹੜੀ ਪੰਜਾਬ ਤੋਂ ਆਈ ਹੈ ਅਤੇ ਪੰਜਾਬ ਨਾਲ਼ ਜੁੜੀ ਹੋਈ ਹੈ। ਇਥੇ ਜਨਮੀ ਤੇ ਜਵਾਨ ਹੋਈ ਪੀੜ੍ਹੀ ਕੋਲ਼ ਪੰਜਾਬੀ ਕਿਸ ਰੂਪ ਵਿਚ ਆਉਣੀ ਹੈ, ਇਸ ਲਈ ਵੱਖਰੀ ਚਰਚਾ ਕਰਨ ਦੀ ਲੋੜ ਹੈ। ਇਹ ਪੀੜ੍ਹੀ ਪੰਜਾਬੀ ਵਿਚ ਕਵਿਤਾਵਾਂ ਲਿਖੇਗੀ, ਇਹ ਤਾਂ ਸੰਭਵ ਨਹੀਂ ਲੱਗਦਾ। ਪੰਜਾਬੀ ਬੋਲਣ, ਸਮਝਣ ਤੱਕ ਠੀਕ ਹੈ। ਉਸ ਪੰਜਾਬੀ ਦਾ ਉਚਾਰਣ ਵੀ ਵੱਖਰਾ ਹੋਵੇਗਾ। ਪੰਜਾਬੀ ਭਾਸ਼ਾ ਦਾ ਹਾਜਮਾ ਬੜਾ ਵੱਡਾ ਹੈ। ਇਸ ਵਿਚ

ਦੂਸਰੀਆਂ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦਾਂ ਦਾ ਪੰਜਾਬੀਕਰਨ ਕਰਨ ਦੀ ਸਿਰਜਣਾਤਮਿਕ ਸਮਰੱਥਾ ਹੈ। ਅਗਲੇਰੀਆਂ ਪੀੜ੍ਹੀਆਂ ਦੀ ਬੋਲੀ ਵਿਚ ਅਜਿਹੇ ਸ਼ਬਦ ਅਤੇ ਉਚਾਰਣ ਵੇਖਣ ਸੁਣਨ ਨੂੰ ਮਿਲੇਗਾ। ਉਂਝ ਨੇੜ-ਭਵਿੱਖ ਵਿਚ ਪੰਜਾਬੀ ਭਾਸ਼ਾ ਨੂੰ ਕੋਈ ਖ਼ਤਰਾ ਨਜ਼ਰ ਨਹੀਂ ਆਉਂਦਾ।

✿

# ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਵਿਸ਼ਵ ਵਿਆਪੀ ਵਰਤਾਰਾ ਤੇ ਸਾਰਥਕਤਾ

ਜੁਲਾਈ ਮਹੀਨੇ ਦੇ ਤੀਸਰੇ ਹਫ਼ਤੇ ਇੰਗਲੈਂਡ ਵਿਚ ਅਦਬੀ ਮੇਲਾ ਹੋ ਕੇ ਹਟਿਆ ਹੈ। ਮੁੱਢਲੀਆਂ ਸੂਚਨਾਵਾਂ ਅਨੁਸਾਰ ਇਸ ਅਦਬੀ ਮੇਲੇ ਦੀਆਂ ਰਿਪੋਰਟਾਂ ਵੀ ਵਰਲਡ ਪੰਜਾਬੀ ਕਾਨਫਰੰਸਾਂ ਨਾਲੋਂ ਬਹੁਤਾ ਭਿੰਨ ਨਹੀਂ ਹਨ। ਬਹੁਤ ਸਾਰੇ ਸਥਾਨਕ ਸ਼ਾਇਰ, ਲੇਖਕ ਇਸ ਮੇਲੇ ਵਿਚ ਨਜ਼ਰ ਨਹੀਂ ਆਏ। ਹਾਂ ਭਾਰਤ ਪਾਕਿਸਤਾਨ ਤੇ ਕੈਨੇਡਾ ਤੋਂ ਇਸ ਅਦਬੀ ਮੇਲੇ ਵਿਚ ਪੁੱਜੇ ਸ਼ਾਇਰ, ਲੇਖਕ ਤੇ ਵਿਦਵਾਨ ਜ਼ਰੂਰ ਇਸ ਅਦਬੀ ਮੇਲੇ ਨੂੰ ਅੰਤਰਰਾਸ਼ਟਰੀ ਬਣਾਉਂਦੇ ਹਨ। ਬਾਕੀ ਵਿਸਥਾਰ ਵਿਚ ਰਿਪੋਰਟਾਂ ਮਿਲਣ ਤੋਂ ਬਾਅਦ ਹੀ ਗੱਲ ਕਰ ਸਕਦੇ ਹਾਂ। ਉਂਝ ਵਿਸ਼ਵ ਪੰਜਾਬੀ ਕਾਨਫਰੰਸਾਂ ਦੀ ਸ਼ੁਰੂਆਤ ਕਰਨ ਵਾਲੇ ਇੰਗਲੈਂਡ ਵਿੱਚ ਵੱਸਦੇ ਰਣਜੀਤ ਧੀਰ ਸਨ। ਸਤੰਬਰ 1980 ਵਿੱਚ ਹੋਈ ਇਸ ਕਾਨਫਰੰਸ ਵਿੱਚ ਪ੍ਰਿੰ. ਸੰਤ ਸਿੰਘ ਸੇਖੋਂ, ਨਾਵਲਕਾਰ ਗੁਰਦਿਆਲ ਸਿੰਘ, ਸ਼ਾਇਰ ਸ. ਸ. ਮੀਸ਼ਾ ਵਰਗੇ ਵੱਡੇ ਨਾਂ ਸ਼ਾਮਲ ਹੋਏ ਸਨ। ਵਿਸ਼ਵ ਪੱਧਰੀ ਇਸ ਕਾਨਫਰੰਸ ਕਰਵਾਉਣ ਵਾਲਿਆਂ ਦੇ ਸੁਪਨੇ ਭਾਵੇਂ ਵੱਡੇ ਰਹੇ ਹੋਣ, ਪਰ ਕਾਨਫਰੰਸ ਉਪਰੰਤ ਛਿੜੀ ਚਰਚਾ ਅਤੇ ਵੱਖ-ਵੱਖ ਲੇਖਕਾਂ, ਵਿਦਵਾਨਾ ਦੀਆਂ ਟਿੱਪਣੀਆਂ ਨੇ ਕਈ ਸਵਾਲ ਵੀ ਖੜੇ ਕੀਤੇ। ਇਸ ਕਾਨਫਰੰਸ ਦਾ ਹਿੱਸਾ ਰਹੇ ਡਾ.ਰਣਧੀਰ ਸਿੰਘ ਚੰਦ ਨੇ ਆਪਣੀ ਪੱਤਰਿਕਾ 'ਸੁਰਤਾਲ' ਵਿੱਚ ਇਸ ਕਾਨਫਰੰਸ ਨੂੰ ਪਖੰਡ ਦੱਸਿਆ। ਉਸ ਲਿਖਿਆ ਕਿ 40-50 ਲੋਕਾਂ ਦੀ ਹਾਜ਼ਰੀ ਵਾਲੀ ਇਸ ਕਾਨਫਰੰਸ ਦੀਆਂ ਪ੍ਰਾਪਤੀਆਂ ਸੈਰ-ਸਪਾਟਾ, ਮੌਜ-ਮੇਲਾ, ਪ੍ਰਬੰਧਕਾਂ ਦੀ ਪਬਲਿਸਿਟੀ ਅਤੇ ਆਰਥਕ ਲਾਭ ਰਹੀਆਂ। ਇਸ ਕਾਨਫਰੰਸ ਦੇ ਨਿੱਜੀ ਤੌਰ 'ਤੇ ਧੀਰ ਨੂੰ ਜੋ ਰਾਜਨੀਤਕ ਫਾਇਦੇ ਹੋਏ ਉਸ ਦਾ ਜ਼ਿਕਰ ਅਸੀਂ ਨਹੀਂ ਕਰਾਂਗੇ। ਪਰ ਇਸ ਰੀਤ ਦੀ ਲੀਹ 'ਤੇ ਤੁਰਦਿਆਂ ਜਦ 2002 ਵਿੱਚ ਇੰਗਲੈਂਡ ਅੰਦਰ ਹੀ ਅਮੀਨ ਮਲਿਕ ਨੇ ਅਜਿਹੀ ਕਾਨਫਰੰਸ ਕਰਵਾਈ ਤਾਂ ਕਾਨਫਰੰਸ ਦੇ ਦੂਜੇ ਦਿਨ ਦਾਰੂ ਪੀ ਕੇ ਜਸ਼ਨ ਮਨਾਉਂਦੇ ਪੰਜਾਬੀ ਭਾਸ਼ਾ ਦੇ ਮੁਦੱਈਆਂ ਵਿਚਕਾਰ ਲੜਾਈ ਹੋ ਗਈ ਜਿਸ ਵਿੱਚ ਅਮੀਨ ਨੂੰ ਕੁਟਾਪਾ ਚਾੜ੍ਹਨ ਦੀ ਗੱਲ ਵੀ ਹੁੰਦੀ ਹੈ। ਇਸ ਦੇ ਮੁਕਾਬਲੇ ਪਾਕਿਸਤਾਨ ਵਿੱਚ ਫਖ਼ਰ ਜ਼ਮਾਨ ਦੀ ਸਰਪ੍ਰਸਤੀ ਵਿੱਚ ਹੋਈਆਂ ਪੰਜਾਬੀ ਕਾਨਫਰੰਸਾਂ ਦੀਆਂ ਪ੍ਰਾਪਤੀਆਂ ਸਲਾਹੁਣਯੋਗ ਰਹੀਆਂ। ਅਮਰੀਕਾ ਵਿੱਚ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਵਿਚੋਂ 1997

ਵਿੱਚ ਮਿਲਵਾਕੀ ਦੀ ਯੂਨੀਵਰਸਿਟੀ ਆਫ਼ ਵਿਸਕੌਨਸਿਨ ਵਿੱਚ ਹੋਈ ਪੰਜਵੀਂ ਕਾਨਫਰੰਸ ਦਾ ਜ਼ਿਕਰ ਹੁੰਦਾ ਹੈ। ਇੰਝ ਹੀ ਪਰਵਾਸੀ ਸਾਹਿਤ ਚਿੰਤਨ ਲਈ ਜ਼ਿਕਰਯੋਗ ਕੰਮ ਕਰਨ ਵਾਲੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਚਾਂਸਲਰ ਰਹੇ ਡਾ. ਸ.ਪ. ਸਿੰਘ ਸੀ ਸਰਪ੍ਰਸਤੀ ਹੇਠ ਫਰਵਰੀ 2019 ਨੂੰ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਵਿਖੇ 'ਪਰਵਾਸੀ ਪੰਜਾਬੀ ਸਾਹਿਤ : ਗਲੋਬਲੀ ਪਰਿਪੇਖ' ਦੇ ਵਿਸ਼ੇ 'ਤੇ ਹੋਈ ਕਾਨਫਰੰਸ ਕੌਮਾਂਤਰੀ ਮਾਹਿਰਾਂ ਦੀ ਹਾਜ਼ਰੀ ਕਾਰਣ ਮਹੱਤਵਪੂਰਨ ਰਹੀ। ਉਂਝ ਜੇ ਬਾਅਦ ਵਿੱਚ ਹੋਈਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਨਿਰਪੱਖ ਵਿਸਲੇਸ਼ਣ ਕਰਨਾ ਹੋਵੇ ਤਾਂ ਆਮ ਵਰਤਾਰਾ ਬਣ ਜਾਣ ਤੋਂ ਬਾਅਦ ਇਹਨਾਂ ਕਾਂਨਫਰੰਸਾਂ ਵਿੱਚ ਨਿਘਾਰ ਵੇਖਣ ਨੂੰ ਮਿਲਦਾ ਹੈ। ਕੁਝ ਕੁ ਲੋਕਾਂ ਨੇ ਆਪਣੀ ਚੌਧਰ ਚਮਕਾਉਣ ਖਾਤਰ ਇਹਨਾਂ ਕਾਨਫਰੰਸਾਂ ਨੂੰ ਇੱਕ ਹਥਿਆਰ ਵਜੋਂ ਵਰਤਿਆ। ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੇ ਮਸਲੇ ਸ਼ੁਹਰਤੀ ਛਿਣਾਂ ਦੇ ਜਸ਼ਨਾਂ ਵਿੱਚ ਵਿਚ ਗੁੰਮ-ਗੁਆਚ ਗਏ।

ਇਸ ਸਾਲ 2024 ਵਿਚ ਜੂਨ ਦੇ ਆਖਰੀ ਹਫ਼ਤੇ ਕਲਮ ਫਾਊਡੇਸ਼ਨ ਆਫ਼ ਨਾਰਥ ਅਮਰੀਕਾ ਵੱਲੋਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਤਿੰਨ ਦਿਨਾਂ ਵਿਸ਼ਵ ਪੰਜਾਬੀ ਕਾਨਫਰੰਸ ਹੋ ਕੇ ਹਟੀ ਹੈ। 'ਸੰਚਾਰ ਕ੍ਰਾਂਤੀ ਦੇ ਯੁੱਗ ਵਿਚ ਪੰਜਾਬੀ ਸਾਹਿਤ, ਕਲਾ ਅਤੇ ਭਾਸ਼ਾ ਦਾ ਵਰਤਮਾਨ ਤੇ ਭਵਿੱਖ ਇਸ ਕਾਨਫਰੰਸ ਦੇ ਵਿਸ਼ੇ ਸਨ। ਵਿਸ਼ੇ ਸਮਕਾਲ ਦੀਆਂ ਚਣੌਤੀਆਂ ਦੇ ਹਵਾਲੇ ਨਾਲ਼ ਵਕਤ ਦੀ ਲੋੜ ਲੱਗਦੇ ਹਨ। ਭਰਵੀਂ ਗੱਲਬਾਤ ਤੇ ਤਿੱਖੇ ਸੰਵਾਦ ਦੀ ਲੋੜ ਸੀ। ਪਰ ਇੰਝ ਹੋਇਆ ਨਹੀਂ। ਹਰ ਸੈਸ਼ਨ ਵਿਚ ਬੁਲਾਰਿਆਂ ਉਪਰ ਵਕਤ ਦੀ ਬੰਦਸ਼ ਲਾਉਣੀ ਤੇ ਅੱਠ ਜਾਂ ਦਸ ਮਿੰਟ ਵਿਚ ਆਪਣੀ ਗੱਲ ਖਤਮ ਕਰਨ ਲਈ ਕਹਿਣਾ, ਵਿਸ਼ਵ ਪੱਧਰੀ ਸਮਾਗਮ ਦੀ ਮਰਿਆਦਾ ਦੇ ਅਨੁਕੂਲ ਨਹੀਂ ਲੱਗਦਾ ਸੀ। ਚਾਹੀਦਾ ਤਾਂ ਇਹ ਸੀ ਕਿ ਹਰ ਸ਼ੈਸ਼ਨ ਵਿਚ ਬੁਲਾਰਿਆਂ ਦੀ ਗਿਣਤੀ ਸੀਮਤ ਹੁੰਦੀ ਤਾਂ ਜੋ ਉਹ ਆਪਣੀ ਗੱਲ ਵਿਸਥਾਰ ਵਿਚ ਰੱਖ ਸਕਦੇ। ਬਾਅਦ ਵਿਚ ਪੁੱਛੇ ਸਵਾਲਾਂ ਦੇ ਸੰਖੇਪ ਜਵਾਬ ਵੀ ਗੰਭੀਰ ਸੰਵਾਦ ਛੇੜਨ ਤੋਂ ਅਸਮਰੱਥ ਰਹੇ। ਇਸ ਕਾਨਫਰੰਸ ਦੀ ਪ੍ਰਾਪਤੀ ਇਹ ਸੀ ਕਿ ਦਿੱਲੀ ਤੋਂ ਡਾ. ਰਵੇਲ ਸਿੰਘ, ਡਾ. ਵਨੀਤਾ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਜੋਗਾ ਸਿੰਘ ਹਾਜ਼ਰ ਸਨ। ਇਸ ਕਾਨਫਰੰਸ ਦੇ ਪੰਜਵੇਂ ਸੈਸ਼ਨ ਵਿਚ ਗੁਰਦੇਵ ਚੌਹਾਨ, ਅਮਰਜੀਤ ਘੁੰਮਣ, ਡਾ. ਗੁਰਦੀਪ ਕੌਰ, ਡਾ. ਬਰਿੰਦਰ ਕੌਰ ਤੇ ਮੈਂ ਯਾਨੀ ਸ਼ਾਇਰ ਮਲਵਿੰਦਰ ਬੁਲਾਰਿਆਂ ਵਿਚ ਸ਼ਾਮਿਲ ਸਨ। ਤਿੰਨੇ ਦਿਨ ਆਖਰੀ ਸੈਸ਼ਨ ਵਿਚ ਕਵੀ ਦਰਬਾਰ ਹੋਏ ਜਿਸ ਵਿਚ ਕੁਝ ਕਵੀਆਂ ਦਾ ਬੋਲਬਾਲਾ ਰਿਹਾ ਅਤੇ ਕੁਝ ਕਵੀਆਂ ਦੀ ਅਣਦੇਖੀ ਹੋਈ। ਇਸੇ ਸਾਲ ਜੁਲਾਈ ਦੇ ਪਹਿਲੇ ਹਫ਼ਤੇ ਓਨਟਾਰੀਓ ਫਰੈਂਡਜ਼ ਕਲੱਬ, ਪੰਜਾਬੀ ਬਿਜਨਸ ਪ੍ਰੋਫੈਸ਼ਨਲ ਅਤੇ ਜਗਤ

ਪੰਜਾਬੀ ਸਭਾ ਟੋਰਾਂਟੋ ਵੱਲੋਂ ਦਸਵੀਂ ਵਰਲਡ ਪੰਜਾਬੀ ਕਾਨਫਰੰਸ ਕਰਵਾਈ ਗਈ। ਇਸ ਕਾਨਫਰੰਸ ਵਿਚ ਹਮੇਸ਼ਾ ਵਾਂਗ ਅਜੈਬ ਸਿੰਘ ਚੱਠਾ ਦਾ ਬੋਲਬਾਲਾ ਰਿਹਾ। ਇਸ ਕਾਨਫਰੰਸ ਵਿਚ ਡਾ. ਸਤਨਾਮ ਸਿੰਘ ਜੱਸਲ, ਆਸਾ ਸਿੰਘ ਘੁੰਮਣ, ਇੰਦਰਜੀਤ ਸਿੰਘ ਨਿੱਝਰ, ਡਾ. ਸਾਇਮਾ ਇਰਮ, ਡਾ. ਸ਼ਾਹਿਦ ਇਕਬਾਲ ਸਮੇਤ ਕੁਝ ਹੋਰ ਵਿਦਵਾਨਾਂ ਦੀ ਹਾਜ਼ਰੀ ਇਸ ਕਾਨਫਰੰਸ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਪਰ ਦਿੱਲੀ ਦੇ ਦੋਵੇਂ ਵਿਦਵਾਨ ਇਸ ਕਾਨਫਰੰਸ ਤੋਂ ਦੂਰ ਰਹੇ। ਇਥੇ ਵੀ ਸੀਮਤ ਸਮੇਂ ਅੰਦਰ ਆਪਣੀ ਗੱਲ ਖ਼ਤਮ ਕਰਨ ਦੀ ਪਾਬੰਦੀ ਰੜਕਦੀ ਰਹੀ। ਸੁਣਨ ਵਿਚ ਤਾਂ ਇਹ ਵੀ ਆਇਆ ਹੈ ਕਿ ਇੱਕ ਸਥਾਨਕ ਸਾਹਿਤ ਸਭਾ ਨੂੰ ਇੱਕ ਪੂਰਾ ਸੈਸ਼ਨ ਚਲਾਉਣ ਦੀ ਸਹਿਮਤੀ ਐਨ ਮੌਕੇ ‘ਤੇ ਪ੍ਰਬੰਧਕਾਂ ਵੱਲੋਂ ਸਖ਼ਤ ਸ਼ਰਤਾਂ ਲਾਉਣ ਕਰਕੇ ਨੇਪਰੇ ਨਹੀਂ ਚੜ੍ਹ ਸਕੀ ਅਤੇ ਸਾਹਿਤ ਸਭਾ ਵੱਲੋਂ ਇਸ ਕਾਨਫਰੰਸ ਦਾ ਬਾਈਕਾਟ ਕਰਨ ਦਾ ਫੈਸਲਾ ਲੈਣਾ ਪਿਆ। ਉਂਝ ਇਸ ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਨੂੰ ਚੁਣੌਤੀਆਂ, ਇਸਦਾ ਵਰਤਮਾਨ ਤੇ ਭਵਿੱਖ ਅਤੇ ਪੰਜਾਬੀ ਨਾਇਕਾਂ ਬਾਰੇ ਕੁਝ ਨਵੀਂ ਜਾਣਕਾਰੀ ਵੀ ਸੁਣਨ ਨੂੰ ਮਿਲੀ। ਕੁਲ ਮਿਲਾ ਕੇ ਇਹ ਤਿੰਨ ਦਿਨਾਂ ਕਾਨਫਰੰਸ ਸੁਖਾਵੇਂ ਮਹੌਲ ਵਿਚ ਨੇਪਰੇ ਚੜ੍ਹੀ। ਇਸੇ ਮਹੀਨੇ ਦੇ ਆਖਰੀ ਹਫ਼ਤੇ ਏਸ਼ੀਆਈ ਸਾਹਿਤਕ ਅਤੇ ਸੱਭਿਆਚਾਰਕ ਫੋਰਮ ਯੂ. ਕੇ. ਵਲੋਂ ਅਦਬੀ ਮੇਲਾ 2024 ਕਰਵਾਇਆ ਜਾ ਰਿਹਾ ਹੈ ਜਿਸ ਵਿਚ ਭਾਗ ਲੈਣ ਲਈ ਪੰਜਾਬ, ਬਰੈਂਪਟਨ ਤੇ ਹੋਰ ਸ਼ਹਿਰਾਂ ਤੋਂ ਵਿਦਵਾਨ ਪਹੁੰਚ ਰਹੇ ਹਨ।

ਸਾਲ 2022 ਵਿਚ ਕੈਨੇਡਾ ਦੇ ਸਹਿਰ ਬਰੈਂਪਟਨ ਵਿੱਚ ਅੱਗੜ-ਪਿੱਛੜ ਹੋਈਆਂ ਤਿੰਨ ਕਾਨਫਰੰਸਾਂ ਦਾ ਜ਼ਿਕਰ ਕਰਨ ਨਾਲ ਇਹਨਾਂ ਕਾਨਫਰੰਸਾਂ ਦੀ ਸਾਰਥਿਕਤਾ ਸਾਹਮਣੇ ਆ ਜਾਵੇਗੀ। ਕੋਰੋਨਾ ਕਾਲ ਦੇ ਤਣਾਅਪੂਰਨ ਸਮਿਆਂ ਦੀ ਖੜੋਤ ਤੋਂ ਬਾਅਦ ਘਰਾਂ ਅੰਦਰ ਤੜੀ ਬੈਠੀ ਕਵਿਤਾ ਨੇ ਬਾਹਰ ਕਦਮ ਧਰੇ ਹਨ। ਦੁਨੀਆਂ ਦੇ ਵੱਖ-ਵੱਖ ਖਿੱਤਿਆਂ 'ਚ ਵੱਸੇ ਲੋਕ ਆਨਲਾਈਨ; ਕੱਠੇ ਹੋ ਕੇ ਮੁਸ਼ਾਰਿਆਂ ਦਾ ਹਿੱਸਾ ਬਣਦੇ ਰਹੇ ਹਨ, ਸੰਵਾਦ ਰਚਾਉਂਦੇ ਰਹੇ ਹਨ, ਨਵੀਆਂ ਛਪੀਆਂ ਪੁਸਤਕਾਂ ਉਪਰ ਚਰਚਾ ਕਰਦੇ ਰਹੇ ਹਨ। ਪਰ ਇੱਕ ਹੀ ਛੱਤ ਥੱਲੇ 'ਕੱਠੇ ਹੋ ਕੇ ਹੱਥ ਮਿਲਾਉਣਾ, ਗਲਵੱਕੜੀਆਂ ਪਾਉਣੀਆਂ, ਹਾਲ-ਚਾਲ ਪੁੱਛਣਾ, ਰੋਸੇ ਕਰਨੇ, ਠਹਾਕੇ ਮਾਰਨੇ, ਗੱਲਾਂ ਕਰਨੀਆਂ ਸੰਭਵ ਨਹੀਂ ਸਨ ਰਹੀਆਂ। ਹੁਣ ਸੰਭਵ ਹੋਇਆ ਹੈ। ਸਾਹਿਤਕ ਸੰਸਥਾਵਾਂ ਸਰਗਰਮ ਹੋਈਆਂ ਹਨ। ਸਾਹਿਤਕ ਮੀਟਿੰਗਾਂ ਹੋਣ ਲੱਗੀਆਂ ਹਨ। ਮੌਸਮ ਨੇ ਵੀ ਕਰਵਟ ਬਦਲੀ ਹੈ। ਸੁਹਾਵਣੇ ਸਮਿਆਂ 'ਚ ਸੋਹਣੇ ਚਿਹਰਿਆਂ ਦੇ ਦਰਸ਼ਨ ਦੀਦਾਰ ਹੋਣ ਲੱਗੇ ਹਨ। ਪੰਜਾਬ ਸਮੇਤ ਦੁਨੀਆਂ ਦੇ ਵੱਖ-ਵੱਖ ਭਾਗਾਂ ਤੋਂ ਲੋਕ ਕੈਨੇਡਾ ਦੇ ਸ਼ਹਿਰ ਟੋਰਾਂਟੋ ਪਹੁੰਚ ਰਹੇ ਹਨ। ਟੋਰਾਂਟੋ ਦੇ ਨਾਲ ਲੱਗਦੇ ਸ਼ਹਿਰ ਬਰੈਂਪਟਨ ਵਿੱਚ ਸਾਹਿਤਕ ਰੌਣਕਾਂ ਹਨ। ਤਿੰਨ ਦਿਨਾਂ ਵਰਡ

ਪੰਜਾਬੀ ਕਾਨਫ਼ਰੰਸ ਹੋ ਕੇ ਹਟੀ ਹੈ। ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਪੰਜਾਬੀ ਬਿਜ਼ਨਸ ਪ੍ਰੋਫ਼ੈਸ਼ਨਲ ਐਸੋਸੀਏਸ਼ਨ ਅਤੇ ਪੰਜਾਬੀ ਸਭਾ ਕੈਨੇਡਾ ਵਲੋਂ ਕਰਵਾਈ ਗਈ ਇਸ ਤਿੰਨ ਦਿਨਾਂ ਕਾਨਫ਼ਰੰਸ ਦੌਰਾਨ 'ਵਰਲਡ' ਦੀ ਸ਼ਮੂਲੀਅਤ ਘੱਟ ਰਹੀ, ਪ੍ਰਯੋਜਕਾਂ ਦੀ ਪ੍ਰਸੰਸਾ ਵਿੱਚ ਗਾਇਣ ਅਤੇ ਸਨਮਾਨ ਵੱਧ ਹੋਇਆ। ਚੇਅਰਮੈਨ ਦੀ ਉਸਤਤ ਵਿੱਚ ਕਵਿਤਾਵਾਂ ਪੜ੍ਹੀਆਂ ਗਈਆਂ, ਗੀਤ ਗਾਏ ਗਏ, ਡਾਕੂਮੈਂਟਰੀ ਫਿਲਮਾਂ ਦਿਖਾਈਆਂ ਗਈਆਂ। ਖਿਤੇ ਦੇ ਵੱਖ-ਵੱਖ ਸਕੂਲਾਂ 'ਚ ਬਤੌਰ ਟੀਚਰ ਸੇਵਾਵਾਂ ਨਿਭਾਅ ਰਹੇ ਪੰਜਾਬੀ ਬੱਚੇ-ਬੱਚੀਆਂ ਅਤੇ ਪੰਜਾਬ ਤੋਂ ਆਪਣੇ ਬੱਚਿਆਂ ਨੂੰ ਮਿਲਣ ਆਏ ਮਾਪਿਆਂ ਨੂੰ ਬੁਲਾਰਿਆਂ ਵਿੱਚ ਸ਼ਾਮਲ ਕਰਕੇ ਜੋ ਚਰਚਾ ਕੀਤੀ ਜਾਂ ਕਰਵਾਈ ਗਈ, ਉਹ ਸਮੁੱਚੀ ਦੁਨੀਆਂ ਦੀ ਨੁਮਾਇੰਦਗੀ ਵਾਲਾ ਪ੍ਰਭਾਵ ਸਿਰਜਣ ਵਿੱਚ ਸ਼ਫਲ ਰਹੀਂ ਹੋ ਸਕੀ। ਵਰਲਡ ਪੰਜਾਬੀ ਕਾਨਫਰੰਸ ਜਾਂ ਵਿਸ਼ਵ ਪੰਜਾਬੀ ਕਾਨਫਰੰਸ ਦਾ ਮਨੋਰਥ ਵੱਡਾ ਹੁੰਦਾ ਹੈ। ਵਿਸ਼ਵ ਕਾਨਫਰੰਸ  ਤੋਂ ਭਾਵ ਦੁਨੀਆਂ ਦੇ ਉਹ ਦੇਸ਼ ਜਿੱਥੇ ਪੰਜਾਬੀ ਵੱਡੀ ਗਿਣਤੀ ਵਿੱਚ ਵੱਸਦੇ ਹਨ ਅਤੇ ਪੰਜਾਬੀ ਸਾਹਿਤ ਵੀ ਰਚਿਆ ਜਾ ਰਿਹਾ ਹੈ, ਦੀ ਸ਼ਮੂਲੀਅਤ। ਉਂਗਲਾਂ 'ਤੇ ਵੀ ਗਿਣੀਏਂ ਤਾਂ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਇਟਲੀ, ਭਾਰਤ, ਪਾਕਿਸਤਾਨ ਸਮੇਤ ਕੋਈ ਦਸ ਕੁ ਦੇਸ਼ਾਂ ਦੀ ਨੁਮਾਇੰਦਗੀ ਤਾਂ ਬਣਦੀ ਹੈ। ਭਾਰਤ, ਪਾਕਿਸਤਾਨ ਤੋਂ ਆਪਣੇ ਬੱਚਿਆਂ ਨੂੰ ਮਿਲਣ ਗਏ ਮਾਪਿਆਂ ਦੀ ਸ਼ਮੂਲੀਅਤ ਨਾਲ ਕੋਈ ਕਾਨਫਰੰਸ ਵਿਸ਼ਵੀ ਤਾਂ ਨਹੀਂ ਬਣ ਜਾਂਦੀ। ਇਹ ਅਤੇ ਹੋਰ ਪ੍ਰਬੰਧਕੀ ਕਮਜ਼ੋਰੀਆਂ ਵਾਲਾ ਇਹ ਉਤਸਵ ਪੰਜਾਬੀ ਭਾਸ਼ਾ ਅਤੇ ਪਰਵਾਸੀ ਲੇਖਕਾਂ ਦੁਆਰਾ ਰਚੇ ਜਾ ਰਹੇ ਪੰਜਾਬੀ ਸਾਹਿਤ ਦੀ ਅਤੇ ਪਰਵਾਸੀਆਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਗੰਭੀਰ ਸੰਵਾਦ ਰਚਾਉਣ ਨਾਲੋਂ ਰੌਣਕ ਮੇਲਾ ਵੱਧ ਲੱਗਿਆ। ਪ੍ਰਿੰਸੀਪਲ ਦਲਜੀਤ ਸਿੰਘ ਅਤੇ ਅਰਵਿੰਦਰ ਢਿਲੋਂ ਤੋਂ ਬਗੈਰ ਕਿਸੇ ਕੋਲ ਵੀ ਵਰਲਡ ਪੰਜਾਬੀ ਕਾਨਫ਼ਰੰਸ ਦੇ ਹਾਣ ਦੀ ਕਰਨ ਵਾਲੀ ਗੱਲ ਨਹੀਂ ਸੀ। ਅਰਵਿੰਦਰ ਢਿਲੋਂ ਨੇ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਇਤਿਹਾਸ ਉਪਰ ਕਿਤਾਬ ਵੀ ਲਿਖੀ ਹੈ ਜਿਸ ਦੀ ਰਹਿ-ਨੁਮਾਈ ਵੀ ਇਸ ਕਾਨਫਰੰਸ ਦੌਰਾਨ ਹੋਈ।

ਦੁਨੀਆਂ ਭਰ ਵਿੱਚ ਵਿਸ਼ਵ ਪੰਜਾਬੀ ਕਾਨਫਰੰਸਾਂ ਦਾ ਚਰਚਾ ਹੈ। ਗਲੋਬਲ ਪੰਜਾਬੀ ਕਾਨਫਰੰਸ, ਆਲਮੀ ਪੰਜਾਬੀ ਕਾਨਫਰੰਸ, ਜਗਤ ਪੰਜਾਬੀ ਕਾਨਫਰੰਸ ਆਦਿ ਨਾਵਾਂ ਹੇਠ ਹੋਈਆਂ ਕਾਨਫਰੰਸਾਂ ਵਿੱਚ ਵੱਖੋ-ਵੱਖਰੇ ਧੜੇ ਆਪੋ-ਆਪਣੀ ਡਫ਼ਲੀ ਵਜਾ ਰਹੇ ਹਨ। ਮਸਲਾ ਚੌਧਰ ਦਾ ਹੈ ਜਾਂ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਦੇ ਵਿਕਾਸ ਦਾ, ਇਹ ਏਜੰਡੇ ਤੋਂ ਬਾਹਰ ਹੈ। ਭਾਸ਼ਾ ਨੂੰ, ਸਾਹਿਤ ਨੂੰ, ਸੱਭਿਆਚਾਰ ਨੂੰ ਕੁਝ ਸੰਕਟ ਦਰਪੇਸ਼ ਹਨ। ਉਨ੍ਹਾਂ ਦੀ ਗੱਲ ਕਰਨੀ ਬਣਦੀ ਹੈ। ਉਹਨਾਂ ਸੰਕਟਾਂ ਦੇ ਹੱਲ ਲਈ, ਭਾਸ਼ਾ ਦੇ ਵਿਕਾਸ ਲਈ, ਸਾਹਿਤ ਵਿੱਚ ਫੈਲ ਰਹੇ

ਭ੍ਰਿਸ਼ਟਾਚਾਰ ਲਈ ਗੱਲ ਕਰਨ ਦਾ ਇਸ ਤੋਂ ਢੁੱਕਵਾਂ ਮੰਚ ਹੋਰ ਕਿਹੜਾ ਹੋ ਸਕਦਾ ਹੈ। ਭਾਸ਼ਾ ਵਿਭਾਗ ਪੰਜਾਬ ਅਤੇ ਸਾਹਿਤ ਅਕਾਦਮੀ ਦਿੱਲੀ ਦੇ ਸਨਮਾਨ ਹਰ ਵਾਰ ਵਿਵਾਦ ਦਾ ਵਿਸ਼ਾ ਬਣਦੇ ਹਨ। ਇਸ ਬਾਰੇ ਗੱਲ ਹੋਣੀ ਚਾਹੀਦੀ ਹੈ। ਕੁਝ ਕੁ ਨਾਵਾਂ ਨੂੰ ਇਨਾਮ, ਸਨਮਾਨ ਦੇਈ ਜਾਣੇ ਅਤੇ ਆਪਣੇ ਧੜੇ ਦੇ ਲੇਖਕ, ਸ਼ਾਇਰ ਨੂੰ ਹੀ ਪ੍ਰਮੋਟ ਕਰਨਾ ਵਰਗੀਆਂ ਅਲਾਮਤਾਂ ਦਾ ਜ਼ਿਕਰ ਕਰਨਾ ਅਤੇ ਕੋਈ ਸਰਭ ਪ੍ਰਵਾਨਤ ਹੱਲ ਲੱਭਣਾ ਇਹਨਾਂ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਏਜੰਡੇ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ। ਪਰ ਏਜੰਡਾ ਤਾਂ ਕਹਿੰਦਾ ਹੈ ਕਿ ਕਾਨਫਰੰਸ ਕਰਵਾ ਰਹੀ ਸੰਸਥਾ ਦੇ ਸਰਪ੍ਰਸਤ ਨੂੰ, ਚੇਅਰਮੈਨ ਨੂੰ, ਪ੍ਰਧਾਨ ਨੂੰ ਕਿੰਝ, ਕਿਵੇਂ ਤੇ ਕਿਸ ਨੇ ਸਨਮਾਨਤ ਕਰਨਾ ਹੈ। ਸੰਸਥਾ ਵਿੱਚ ਹੋਰ ਨਵੇਂ ਅਹੁਦੇ, ਰੁਤਬੇ ਕਰੀਏਟ ਕਰਨੇ ਵੀ ਇਸ ਸੰਸਥਾ ਦੀ ਕਾਨਫਰੰਸ ਤੋਂ ਪਹਿਲਾਂ ਹੋਈ ਮੀਟਿੰਗ ਦੇ ਏਜੰਡੇ ਵਿੱਚ ਸ਼ਾਮਿਲ ਹੁੰਦਾ ਹੈ। ਇਸ ਮੀਟਿੰਗ ਵਿੱਚ ਤਾਂ ਇਹ ਵੀ ਸ਼ਾਮਿਲ ਹੁੰਦਾ ਹੈ ਕਿ ਕਿਸ-ਕਿਸ ਵਿਅਕਤੀ ਨੂੰ ਨਜ਼ਰਅੰਦਾਜ਼ ਕਰਨਾ ਹੈ, ਕਿਸ ਕਿਸ ਦੀ ਅਣਦੇਖੀ ਕਰਨੀ ਹੈ। ਆਲਮੀ ਕਾਨਫਰੰਸ ਹੋਣੀ ਹੈ, ਕੋਈ ਐਵੇਂ ਨਾ ਆਪਣੀ ਬੱਲੇ-ਬੱਲੇ ਕਰਵਾ ਜਾਵੇ। ਕਈ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਵਿਸ਼ਵ ਪੱਧਰੀ ਸਮਾਗਮ ਦੇ ਪ੍ਰਬੰਧਕਾਂ ਨੂੰ।

ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਓਨਟਾਰੀਓ ਇੱਕ ਸਰਗਰਮ ਸੰਸਥਾ ਹੈ। ਹਰ ਸਾਲ ਅੰਤਰਰਾਸ਼ਟਰੀ ਕਵੀ ਦਰਬਾਰ ਕਰਵਾਉਂਦੇ ਹਨ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਜਨਮ ਸ਼ਤਾਬਦੀ ਮਨਾਉਂਦੇ ਹਨ। ਇਹ ਦੋਵੇਂ ਸਮਾਗਮ ਇੱਕ ਵੱਡੇ ਹਾਲ ਵਿੱਚ ਆਯੋਜਿਤ ਕੀਤੇ ਜਾਂਦੇ ਹਨ। ਵਿਸ਼ਵ ਪੰਜਾਬੀ ਕਾਨਫਰੰਸਾਂ ਵਾਲਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਵੀ ਦਰਬਾਰ ਤਾਂ ਹੈ ਹੀ ਅੰਤਰਰਾਸ਼ਟਰੀ। ਬਾਹਰਲੇ ਕਵੀ ਵੀ ਸ਼ਾਮਲ ਹੁੰਦੇ ਹਨ। ਚਾਹ ਅਤੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। ਹਾਲ ਵਿੱਚ ਗੋਲ ਟੇਬਲਾਂ ਦੁਆਲੇ ਕੁਰਸੀਆਂ ਉਪਰ ਸੱਜੇ ਲੋਕ ਸੁਣਨ ਘੱਟ ਆਉਂਦੇ ਹਨ, ਗੱਲਾਂ ਕਰਨ ਤੇ ਖਾਣ-ਪੀਣ ਬਹੁਤਾ। ਇਸ ਵਾਰ ਦੇ ਅੰਤਰਰਾਸ਼ਟਰੀ ਕਵੀ ਦਰਬਾਰ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਬਾਬਾ ਨਜ਼ਮੀ ਦਾ ਕਹਿਣਾ ਸੀ ਕਿ ਹਾਲ ਵਿੱਚ ਹਾਜ਼ਰ ਜੀਅ ਘੱਟ ਹਨ। ਜੀਅ ਜਾਨੀ ਦਰਸ਼ਕਾਂ ਦੀ ਘਾਟ ਪੂਰਾ ਸਮਾਂ ਰੜਕਦੀ ਰਹੀ। ਹੋਰ ਦੂਜੇ ਵੱਡੇ ਸਮਾਗਮ ਵਿੱਚ ਜੱਸਾ ਸਿੰਘ ਰਾਮਗੜ੍ਹੀਆ ਬਾਰੇ ਵਿਸਥਾਰ ਵਿੱਚ ਗੱਲ ਕਰਨ ਵਾਲੇ ਬੁਲਾਰਿਆਂ ਦਾ ਅਗਾਊ ਕੋਈ ਪ੍ਰਬੰਧ ਨਹੀਂ ਸੀ। ਬਹੁਤਾ ਸਮਾਂ ਚੇਅਰਮੈਨ ਨਾਲ ਫੋਟੋਆਂ ਲੁਹਾਉਣ ਵਿੱਚ ਬੀਤਿਆ। ਪ੍ਰੋਗਰਾਮ ਦੇ ਸਿਖ਼ਰ 'ਤੇ ਗੀਤ ਗਾਏ ਗਏ, ਗਿੱਧਾ ਪਾਇਆ ਗਿਆ। ਉਹ ਕਿ ਜਿਸ ਦੀ ਜਨਮ ਸ਼ਤਾਬਦੀ ਮਨਾਈ ਜਾਂਦੀ ਹੈ, ਮੇਲੇ ਦੀ ਰੌਣਕ ਵਿੱਚ ਗੁਆਚ ਗਿਆ। ਜੱਸਾ ਸਿੰਘ ਰਾਮਗੜ੍ਹੀਆਂ ਦੀ ਜੀਵਨੀ ਨਾਲ ਸਬੰਧਤ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਜਾਣੀ ਚਾਹੀਦੀ ਸੀ। ਉਸ ਦੇ ਸੰਘਰਸ਼ਾਂ ਬਾਰੇ,

ਲੜੀਆਂ ਜੰਗਾਂ ਬਾਰੇ ਅਤੇ ਹੋਰ ਪ੍ਰਾਪਤੀਆਂ ਬਾਰੇ ਇੱਕ ਕਿਤਾਬ ਛਪਵਾ ਕੇ ਵੰਡਣਾ ਚਾਹੀਦਾ ਸੀ। ਢਾਡੀਆਂ ਨੂੰ ਵਾਰਾਂ ਗਾਉਣੀਆਂ ਚਾਹੀਦੀਆਂ ਸਨ। ਪੰਜਾਬ 'ਚ ਲੱਗਦੇ ਮੇਲਿਆਂ ਦੌਰਾਨ ਸਿੱਖ ਇਤਿਹਾਸ ਇੰਞ ਹੀ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਦਾ ਰਿਹਾ ਹੈ। ਇਹ ਉਹ ਗੱਲਾਂ ਹਨ ਜਿਹੜੀਆਂ ਕੁਝ ਸੂਝਵਾਨ ਲੋਕਾਂ ਨੇ ਮੰਚ ਤੋਂ ਪਾਸੇ ਰਹਿ ਕੇ ਕੀਤੀਆਂ ਤੇ ਮੈਂ ਲਿਖ ਦਿੱਤੀਆਂ ਹਨ। ਕੁਲ ਮਿਲਾ ਕੇ ਅਜਿਹੇ ਸਮਾਗਮ ਕੁਝ ਸਰਮਾਏਦਾਰਾਂ ਵੱਲੋਂ ਆਪਣੀ ਬੱਲੇ-ਬੱਲੇ ਕਰਵਾਉਣ ਲਈ ਕਰਵਾਏ ਜਾਂਦੇ ਮੇਲੇ ਬਣਕੇ ਰਹਿ ਜਾਂਦੇ ਹਨ। ਪ੍ਰਬੰਧਕਾਂ ਦੀ ਸੁਹਿਰਦਤਾ ਤੋਂ ਸੱਖਣੇ ਅਜਿਹੇ ਉੱਦਮ ਬਹੁਤਾ ਕੁਝ ਪਿੱਛੇ ਛੱਡ ਕੇ ਨਹੀਂ ਜਾਂਦੇ।

ਕੁਲ ਮਿਲਾ ਕੇ ਕਹਿ ਸਕਦੇ ਹਾਂ ਕਿ ਵਿਸ਼ਵ ਪੰਜਾਬੀ ਕਾਨਫਰੰਸਾਂ ਦੇ ਨਾਂ 'ਤੇ ਹੁੰਦੇ ਇਹ ਸਮਾਗਮ ਆਡੰਬਰ ਬਣਕੇ ਰਹਿ ਜਾਂਦੇ ਹਨ। ਕਿਸੇ ਨੇ ਕਿਹਾ ਸੀ ਕਿ ਜਿਹੜੇ ਲੋਕਾਂ ਨੂੰ ਪੰਜਾਬੀ ਠੀਕ ਤਰ੍ਹਾਂ ਪੜ੍ਹਨੀ, ਲਿਖਣੀ ਨਹੀਂ ਆਉਂਦੀ, ਉਹ ਇਸ ਦੇ ਪ੍ਰਬੰਧਕ ਤੇ ਸੰਚਾਲਕ ਹੁੰਦੇ ਹਨ। ਸਰਮਾਏਦਾਰ ਲੋਕ ਆਪਣਾ ਨੈੱਟਵਰਕ ਵਿਸ਼ਾਲ ਕਰਨ ਲਈ ਅਜਿਹੇ ਆਡੰਬਰ ਰਚਦੇ ਹਨ। ਰਾਜਨੀਤਕ ਲਾਹਾ ਵੀ ਲੈ ਜਾਂਦੇ ਹਨ। ਹਲਕੇ ਦੇ ਕੌਂਸਲਰ, ਐਮ ਪੀ ਨੂੰ ਵਿਸ਼ੇਸ਼ ਤੌਰ 'ਤੇ ਬੁਲਾਇਆ ਜਾਂਦਾ ਹੈ। ਪੂੰਜੀਵਾਦ ਦੇ ਇਸ ਸਿਸਟਮ ਅੰਦਰ ਸਰਮਾਏਦਾਰੀ ਦਾ ਰਾਜਨੀਤੀ ਨਾਲ ਰਿਸ਼ਤਾ ਕੋਈ ਲੁਕੀ-ਛਿਪੀ ਗੱਲ ਨਹੀਂ ਹੈ। ਪਰ ਇਸ ਪੂਰੇ ਵਰਤਾਰੇ ਅੰਦਰ ਪੰਜਾਬੀ ਭਾਸ਼ਾ, ਸਾਹਿਤ ਓਤੇ ਸੱਭਿਆਚਾਰ ਦਾ ਬਹੁਤ ਵੱਡਾ ਨੁਕਸਾਨ ਕਰ ਰਹੇ ਹਨ ਇਹ ਲੋਕ। ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ।

# ਚੋਣ ਜ਼ਾਬਤੇ ਦੌਰਾਨ ਲੋਕ ਜ਼ਬਤ ਅਤੇ ਬਦਲਵੇਂ ਵਿਕਲਪ ਦੀ ਲੋੜ

ਭਾਰਤ ਵਿਚ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਹੋ ਗਿਆ ਹੈ। ਮੱਧ ਅਪ੍ਰੈਲ ਤੋਂ ਜੂਨ ਦੇ ਪਹਿਲੇ ਹਫ਼ਤੇ ਵਿਚਾਲੇ ਸੱਤ ਪੜਾਵਾਂ ਵਿਚ ਇਹ ਚੋਣਾਂ ਹੋਣਗੀਆਂ। ਨਤੀਜੇ 4 ਜੂਨ ਨੂੰ ਐਲਾਨ ਹੋਣਗੇ। ਇਸ ਦੇ ਨਾਲ਼ ਹੀ ਚਾਰ ਪ੍ਰਦੇਸ਼ਾਂ ਆਂਧਰਾ ਪ੍ਰਦੇਸ਼, ਉੜੀਸਾ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਿਮ ਦੀਆਂ ਚੋਣਾਂ ਵੀ ਹੋਣਗੀਆਂ। ਪੰਜਾਬ ਵਿਚ ਇਹ ਚੋਣਾਂ ਇੱਕ ਜੂਨ ਨੂੰ ਹੋਣਗੀਆਂ। ਇਸ ਦੇ ਨਾਲ਼ ਹੀ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਇਸ ਜ਼ਾਬਤੇ ਦੌਰਾਨ ਪਾਰਟੀਆਂ ਤੇ ਵਰਕਰ ਕਿੰਨਾ ਕੁ ਜ਼ਬਤ ਵਿਚ ਰਹਿੰਦੇ ਹਨ, ਇਸ 'ਤੇ ਆਮ ਲੋਕਾਂ ਅਤੇ ਮੀਡੀਆਂ ਦੀ ਨਜ਼ਰ ਰਹੇਗੀ। ਅਸੀਂ ਇਸ ਜ਼ਬਤ ਦੀ ਲੋੜ ਬਾਰੇ ਸੰਖੇਪ ‘ਚ ਗੱਲ ਕਰਾਂਗੇ।

ਭਾਰਤ ਵਿਚ ਚੋਣਾਂ ਦੌਰਾਨ ਹੋਣ ਵਾਲੀਆਂ ਚੋਣ ਰੈਲੀਆਂ ਵਿਚ ਇਕੱਠੇ ਹੋਏ ਲੋਕਾਂ ਦਾ ਰੌਲ਼ਾ ਤੇ ਵਿਹਾਰ ਸਹਿਜ ਨਹੀਂ ਹੁੰਦਾ। ਭਾਸ਼ਣਾਂ ਵਿਚ ਵਿਰੋਧੀਆਂ ਲਈ ਵਰਤੇ ਜਾਂਦੇ ਸ਼ਬਦ ਨਫ਼ਰਤ ਨਾਲ਼ ਭਰੇ ਹੁੰਦੇ ਹਨ। ਧਰਮ, ਜਾਤ, ਮਜ਼ਹੱਬ, ਭਾਸ਼ਾ, ਖਿੱਤਾ ਆਦਿ ਸ਼ਬਦ ਭਾਸ਼ਣ ਵਿਚ ਹਥਿਆਰਾਂ ਵਾਂਗ ਵਰਤੇ ਜਾਂਦੇ ਹਨ। ਇਹਨਾਂ ਦਿਨਾਂ ਦੌਰਾਨ ਲੋਕਾਂ ਦੀਆਂ ਭਾਈਚਾਰਕ ਸਾਂਝਾ ਵਿਚ ਤ੍ਰੇੜਾਂ ਉਭਰਦੀਆਂ ਹਨ। ਕਈ ਥਾਈਂ ਭੀੜਾਂ ਹਿੰਸਕ ਵੀ ਹੁੰਦੀਆਂ ਹਨ। ਜਾਨ ਮਾਲ ਦਾ ਨੁਕਸਾਨ ਵੀ ਹੁੰਦਾ ਹੈ। ਭਲੇ ਲੋਕ ਸੁੱਖੀ-ਸਾਂਦੀ ਚੋਣਾਂ ਲੰਘ ਜਾਣ ਲਈ ਅਰਦਾਸ ਵੀ ਕਰਦੇ ਹਨ 'ਤੇ ਬਾਅਦ ਵਿਚ ਸ਼ੁਕਰ ਵੀ ਮਨਾਉਂਦੇ ਹਨ। ਕਿਉਂਕਿ ਚੋਣ ਪ੍ਰਕ੍ਰਿਰਿਆ ਦੌਰਾਨ ਇੱਕ ਡਰ, ਇੱਕ ਤਣਾਅ ਬਣਿਆ ਰਹਿੰਦਾ ਹੈ। ਚੋਣ ਪ੍ਰਚਾਰ ਮਹਿੰਗਾ ਹੋਣ ਦਾ ਨਾਲ਼ ਨਾਲ਼ ਅਮਾਨਵੀ ਪਹੁੰਚ ਵਾਲ਼ਾ ਵੀ ਹੁੰਦਾ ਹੈ। ਕੁਝ ਨੇਤਾਵਾਂ ਦਾ ਪਿਛੋਕੜ ਅਪਰਾਧੀ ਹੋਣ ਕਾਰਣ ਵੀ ਉਸ ਹਲਕੇ ਦੇ ਵੋਟਰਾਂ ਕੋਲ਼ੋਂ ਨਿਰਪੱਖ ਵੋਟਿੰਗ ਦੀ ਆਸ ਨਹੀਂ ਰੱਖੀ ਜਾ ਸਕਦੀ। ਕੀ ਲੋਕਤੰਤਰੀ ਸਿਸਟਮ ਵਿਚ ਬਹੁਮਤ ਹਾਸਲ ਕਰਨ ਲਈ ਇਸ ਰੌਲ਼ੇ ਅਤੇ ਡਰ ਨਾਲ਼ ਭਰੀ ਚੋਣ ਪ੍ਰਕ੍ਰਿਆ ਦਾ ਕੋਈ ਸੁਖਾਵਾਂ ਬਦਲ ਨਹੀਂ ਹੈ? ਭਾਰਤ ਵਾਸੀਆਂ ਦੇ ਅਗਲੇ ਦੋ ਢਾਈ ਮਹੀਨੇ ਇਸੇ ਤ੍ਰਭਕੀ ਅਵਸਥਾ ਵਿਚ ਲੰਘਣੇ ਹਨ। ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਹੁੰਦੀ ਅਸਾਵੀਂ ਬਹਿਸ ਵੀ ਸੰਵੇਦਨਸ਼ੀਲ ਬੰਦੇ ਦੀ ਮਾਨਸਿਕ ਸਥਿਤੀ ਅੰਦਰ ਵਿਗਾੜ ਪੈਦਾ ਕਰਦੀ ਹੈ। ਕੀ

ਦੁਨੀਆਂ ਦੇ ਕੁਲ ਦੇਸ਼ਾਂ ਅੰਦਰ ਚੋਣ ਪ੍ਰਕ੍ਰਿਆ ਦਾ ਮੁਹਾਂਦਰਾ ਹਿੰਸਕ ਹੀ ਹੈ? ਇਸ ਚੋਣ ਪ੍ਰਕਿਰਿਆ ਬਾਰੇ ਹੰਢਾਏ ਅਨੁਭਵ ਵਰਗੀਆਂ ਕੁਝ ਹੋਰ ਗੱਲਾਂ ਵੀ ਕਰਦੇ ਹਾਂ।

ਚੋਣਾਂ ਵਾਲ਼ੇ ਦਿਨ ਤੋਂ ਡੇਢ ਦੋ ਮਹੀਨੇ ਪਹਿਲਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਮੁਲਾਜ਼ਮ ਚੋਣ ਡਿਊਟੀ 'ਤੇ ਤਾਇਨਾਤ ਕਰ ਦਿੱਤੇ ਜਾਂਦੇ ਹਨ। ਇਹ ਸਮਾਂ ਉਹਨਾਂ ਅਧਿਕਾਰੀਆਂ, ਮੁਲਾਜ਼ਮਾਂ ਲਈ ਚਣੌਤੀ ਭਰਿਆ ਸਮਾਂ ਹੁੰਦਾ ਹੈ। ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਆਪਣੀ ਡਿਊਟੀ ਵਾਲੇ ਬੂਥ 'ਤੇ ਦੂਰ-ਦੁਰਾਡੇ ਪਿੰਡਾਂ ਵਿਚ ਪਹੁੰਚਣਾ ਤੇ ਰਾਤ ਉਥੇ ਕੱਟਣੀ ਵੀ, ਖਾਸ ਕਰਕੇ ਔਰਤਾਂ ਲਈ, ਇੱਕ ਚਣੌਤੀ ਹੁੰਦੀ ਹੈ। ਅਗਲੇ ਦਿਨ ਯਾਨੀ ਵੋਟਾਂ ਵਾਲੇ ਦਿਨ ਲੰਮੀਆਂ ਕਤਾਰਾਂ ਵਿਚ ਖੜੇ ਵੋਟਰਾਂ ਨੂੰ ਭੁਗਤਾਉਣਾ ਤੇ ਪ੍ਰਜਾਈਡਿੰਗ, ਪੋਲਿੰਗ ਅਫ਼ਸਰਾਂ ਦੇ ਸਾਹਮਣੇ ਕੁਰਸੀਆਂ 'ਤੇ ਡਟੇ ਵੱਖ-ਵੱਖ ਪਾਰਟੀਆਂ ਦੇ ਪੋਲਿੰਗ ਏਜੰਟਾਂ ਦੀ ਰੌਲ਼ੇ ਨਾਲ਼ ਭਰੀ ਦਖ਼ਲਅੰਦਾਜੀ ਦਾ ਸਾਹਮਣਾ ਕਰਨਾ, ਦਿਮਾਗ ਦੀਆਂ ਤਣੀਆਂ ਨਸਾਂ ਅੰਦਰ ਚੀਸਾਂ ਪੈਣੀਆਂ ਤੇ ਅਚਾਨਕ ਆ ਧਮਕੇ ਕਿਸੇ ਅਫ਼ਸਰ ਦੀਆਂ ਝਿੜਕਾਂ ਸੁਣਦਿਆਂ ਨਸਾਂ ਦੇ ਫਟ ਜਾਣ ਵਰਗੇ ਦੁਖਦ ਅਹਿਸਾਸ ਨੂੰ ਜ਼ਰਨਾ ਸਚਮੁੱਚ ਬੜਾ ਮੁਸ਼ਕਿਲ ਹੁੰਦਾ ਹੈ। ਇਹ ਸਾਰਾ ਕੁਝ ਹੋਣ ਦਾ ਕਾਰਨ ਪੂਰੇ ਭਾਰਤ ਵਰਸ਼ ਵਿਚ ਵੱਖ-ਵੱਖ ਮਿਤੀਆਂ 'ਤੇ ਲੱਖਾਂ ਵੋਟਰਾਂ ਨੂੰ ਮਿਥੇ ਦਿਨ ਭੁਗਤਾਉਣਾ ਹੁੰਦਾ ਹੈ। ਵੋਟਿੰਗ ਦੌਰਾਨ ਬੂਥ 'ਤੇ ਪਿਛਲੀ ਰਾਤ ਹੋਈ ਤੁਹਾਡੀ ਰੋਟੀ-ਪਾਣੀ ਦੀ ਸੇਵਾ ਦਾ ਮੁੱਲ ਵਸੂਲਣ ਦਾ ਯਤਨ ਵੀ ਕੀਤਾ ਜਾਂਦਾ ਹੈ। ਇਹ ਵਰਤਾਰਾ ਕਈ ਵਾਰ ਡਿਊਟੀ 'ਤੇ ਤਾਇਨਾਤ ਸਟਾਫ਼ ਲਈ ਵੱਡੀਆਂ ਕਾਨੂੰਨੀ ਮੁਸੀਬਤਾਂ ਦਾ ਕਾਰਣ ਵੀ ਬਣਦਾ ਹੈ। ਕਿਸੇ ਹਲਕੇ ਦੇ ਲੱਖਾਂ ਵੋਟਰਾਂ ਨੂੰ ਇਕੋ ਦਿਨ ਭੁਗਤਾਉਣ ਦੇ ਇਸ ਕਾਰਜ ਨੂੰ ਕੀ ਬਦਲਿਆ ਨਹੀਂ ਜਾ ਸਕਦਾ? ਕੀ ਵਿਕਸਤ ਦੇਸ਼ਾਂ ਵਿਚ ਹੁੰਦੀਆਂ ਚੋਣਾਂ ਦੌਰਾਨ ਵੀ ਇਹ ਦ੍ਰਿਸ਼ ਵੇਖਣ ਨੂੰ ਮਿਲਦੇ ਹਨ? ਮੈਂ ਕੈਨੇਡਾ ਵਿਚ ਹਾਂ ਤੇ ਪਿਛਲੀਆਂ ਦੋ ਵਾਰ ਏਥੇ ਹੋਈਆਂ ਚੋਣਾਂ ਦੌਰਾਨ ਇਥੇ ਹਾਜ਼ਰ ਸਾਂ। ਉਸ ਤਜ਼ਰਬੇ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਇਥੇ ਚੋਣਾਂ ਦੌਰਾਨ ਵੱਡੀਆਂ ਚੋਣ ਰੈਲੀਆਂ ਨਹੀਂ ਹੁੰਦੀਆਂ। ਧੂੜ ਨਾਲ਼ ਭਰੀਆਂ ਰਾਹਾਂ 'ਤੇ ਕਾਰਾਂ ਦੇ ਕਾਫ਼ਲੇ ਲੰਘਦੇ ਨਹੀਂ ਵੇਖੇ। ਬੱਸਾਂ, ਟਰੱਕਾਂ ਅੰਦਰ ਤੂਸੇ ਵੋਟਰਾਂ ਦੇ ਵਿਕਾਊ ਚਿਹਰੇ ਵੀ ਨਹੀਂ ਵੇਖੇ। ਆਬਾਦੀ ਪੱਖੋਂ ਇਹ ਮੁਲਕ ਸਾਥੋਂ ਬਹੁਤ ਪਿੱਛੇ ਹੈ। ਸ਼ਾਇਦ ਇਸੇ ਲਈ ਵਿਕਾਸ ਪੱਖੋਂ ਬਹੁਤ ਅੱਗੇ ਹੈ। ਪਰ ਘੱਟ ਅਬਾਦੀ ਹੋਣ ਦੇ ਬਾਵਜੂਦ ਚੋਣ ਪ੍ਰਕਿਰਿਆ ਨੂੰ ਸਰਲ, ਸਹਿਜ ਤੇ ਰੌਲ਼ਾ ਮੁਕਤ ਕਰਨ ਲਈ ਬਹੁਤ ਸਾਰੇ ਸਾਰਥਕ ਉਪਰਾਲੇ ਕੀਤੇ ਹਨ। ਇਥੇ ਚਾਰ ਤਰ੍ਹਾਂ ਵੋਟਾਂ ਪੁਆਈਆਂ ਜਾਂਦੀਆਂ ਹਨ। ਵੋਟਾਂ ਵਾਲੇ ਦਿਨ ਤੋਂ ਇਲਾਵਾ ਉਸ ਦਿਨ ਤੋਂ ਪਹਿਲਾਂ ਐਡਵਾਂਸ ਪੋਲਿੰਗ ਹੁੰਦੀ ਹੈ ਜਿਸ ਲਈ ਚਾਰ ਦਿਨ ਨਿਰਧਾਰਤ ਹੁੰਦੇ ਹਨ। ਕੈਨੇਡਾ ਦੇ ਕਿਸੇ ਵੀ ਚੋਣ ਦਫ਼ਤਰ ਵਿਚ ਜਾ ਕੇ ਵੀ

ਆਪਣੀ ਵੋਟ ਪਾਈ ਜਾ ਸਕਦੀ ਹੈ। ਮੇਲ ਰਾਹੀਂ ਯਾਨੀ ਈ ਵੋਟਿੰਗ ਰਾਹੀਂ ਵੀ ਵੋਟਾਂ ਪਾਈਆਂ ਜਾਂਦੀਆਂ ਹਨ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਵੋਟਾਂ ਵਾਲੇ ਦਿਨ ਜਿਹਨਾਂ ਦੁਸ਼ਵਾਰੀਆਂ ਦਾ ਸਾਹਮਣਾ ਇਥੇ ਭਾਰਤ ਵਿਚ ਵੋਟਰਾਂ ਤੇ ਚੋਣ ਡਿਊਟੀ ਵਾਲੇ ਸਟਾਫ਼ ਨੂੰ ਕਰਨਾ ਪੈਂਦਾ ਹੈ, ਉਸ ਤੋਂ ਬਚਾਅ ਹੋ ਜਾਂਦਾ ਹੈ। ਜ਼ਿੰਦਗੀ ਆਮ ਵਾਂਗ ਚੱਲਦੀ ਰਹਿੰਦੀ ਹੈ।

ਈ-ਵੋਟਿੰਗ ਦੀ ਵਰਤੋਂ ਅੱਜ ਦੁਨੀਆਂ ਦੇ ਵਿਕਸਤ ਲੋਕਤੰਤਰ ਕਰ ਰਹੇ ਹਨ। ਇਹ ਲੋੜ 'ਚੋਂ ਨਿਕਲਿਆ ਵਿਕਲਪ ਹੈ। ਇਸ ਵਿਧੀ ਰਾਹੀਂ ਵੋਟਰ ਆਪਣੀ ਵੋਟ ਬਿਨ੍ਹਾਂ ਕਿਸੇ ਡਰ-ਭੈਅ ਦੇ ਪਾ ਸਕਦਾ ਹੈ। ਵੈਸੇ ਵੀ ਹੁਣ ਇੰਟਰਨੈੱਟ ਦਾ ਜ਼ਮਾਨਾ ਹੈ। ਆਪਣੀ ਆਮ ਜ਼ਿੰਦਗੀ ਵਿਚ ਜਿਵੇਂ ਅਸੀਂ ਇਸ ਦੀ ਵਰਤੋਂ ਕਰ ਰਹੇ ਹਾਂ, ਚੋਣ ਪ੍ਰਕਿਰਿਆ ਦੌਰਾਨ ਵੀ ਚੋਣ-ਪ੍ਰਚਾਰ ਕਰਨ ਲਈ ਅਤੇ ਵੋਟਾਂ ਭੁਗਤਾਉਣ ਲਈ ਇਸ ਦੀ ਵਰਤੋਂ ਕਰਨੀ ਬਣਦੀ ਹੈ। ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਤਾਂ ਪਹਿਲਾਂ ਹੀ ਬਹੁਤ ਹੁੰਦਾ ਹੈ। ਵੱਡੀਆਂ ਰੈਲੀਆਂ 'ਤੇ ਪਾਬੰਦੀਆਂ ਲਾ ਕੇ ਉਸ ਦਾ ਬਦਲ ਇਸ ਵਿਕਸਿਤ ਤਕਨੀਕ ਦੀ ਵਰਤੋਂ ਕਰਕੇ ਕੀਤਾ ਜਾ ਸਕਦਾ ਹੈ। ਇਸ ਤਕਨੀਕ ਨਾਲ਼ ਵੋਟਿੰਗ ਕਰਨ ਨਾਲ਼ ਪਈਆਂ ਵੋਟਾਂ ਦੀ ਪ੍ਰਤੀਸ਼ਤ ਵੀ ਵਧੇਗੀ। ਬਹੁਤ ਸਾਰੇ ਧੰਨ ਅਤੇ ਸਮੇਂ ਦੀ ਬਰਬਾਦੀ ਵੀ ਨਹੀਂ ਹੋਵੇਗੀ। ਪ੍ਰਚਾਰ ਲਈ ਸਾਡੇ ਨੇਤਾ ਪਹਿਲਾਂ ਹੀ ਇੰਟਰਨੈੱਟ ਦਾ ਸਹਾਰਾ ਲੈਂਦੇ ਹਨ। ਫੇਸ-ਬੁੱਕ, ਵਟਸਐਪ, ਯੂ-ਟਿਊਬ, ਇੰਸਟਾਗਰਾਮ ਆਦਿ ਵਰਗੀਆਂ ਪਾਪੂਲਰ ਸਾਈਟਸ ਦੀ ਵਰਤੋਂ ਪਹਿਲਾਂ ਹੀ ਬਹੁਤ ਹੁੰਦੀ ਹੈ। ਵੱਖ-ਵੱਖ ਪਾਰਟੀਆਂ, ਨੇਤਾਵਾਂ ਦੇ ਤੁਹਾਡੇ ਮੋਬਾਇਲ ਫ਼ੋਨ 'ਤੇ ਮੈਸੇਜ਼ ਵੀ ਆਉਂਦੇ ਹਨ। ਫਿਰ ਬੈਨਰਾਂ ਦੀ ਹੋੜ, ਰੈਲੀਆਂ ਦਾ ਰੌਲ਼ਾ ਕਿਉਂ ਹੈ ? ਸੱਤਾ ਦੇ ਹੱਕ, ਵਿਰੋਧ 'ਚ ਫ਼ਤਵਾ ਅਸੀਂ ਸ਼ਾਂਤ ਰਹਿਕੇ ਕਿਉਂ ਨਹੀਂ ਦੇ ਸਕਦੇ ? ਅਜਿਹੀ ਤਕਨੀਕ ਵਰਤ ਕੇ ਵੋਟਾਂ ਵਿਚ ਹੁੰਦੀ ਧਾਂਦਲੀ ਵੀ ਰੋਕੀ ਜਾ ਸਕਦੀ ਹੈ। ਅਮਨ ਕਾਨੂੰਨ ਬਣਾਈ ਰੱਖਣ ਲਈ ਸੁਰੱਖਿਆ ਬਲਾਂ ਦੀ ਵਰਤੋਂ ਵੀ ਘੱਟ ਕਰਨੀ ਪਵੇਗੀ। ਵੋਟਰ ਤੇ ਚੋਣ ਡਿਊਟੀ ਦੇ ਰਹੇ ਅਧਿਕਾਰੀ ਵੀ ਸੌਖਾ ਸਾਹ ਲੈ ਸਕਣਗੇ। ਤਬਦੀਲੀ ਜ਼ਰੂਰੀ ਤਾਂ ਹੁੰਦੀ ਹੈ। ਸਹਿਜ ਵੀ ਹੋਣੀ ਚਾਹੀਦੀ ਹੈ।

ਭਾਰਤ ਦਾ ਲੋਕਤੰਤਰ ਕੋਈ ਅੱਠ ਕੁ ਦਹਾਕੇ ਪੁਰਾਣਾ ਹੈ। ਇਹਨਾਂ ਦਹਾਕਿਆਂ ਦੌਰਾਨ ਸਮਾਜ ਦੇ ਇੱਕ ਵਰਗ ਦੀ ਲੋਕਤੰਤਰ ਬਾਰੇ ਸੂਝ ਜ਼ਰੂਰ ਵਿਕਸਤ ਹੋਈ ਹੈ। ਤੇਜ਼ੀ ਨਾਲ ਬਦਲ ਰਹੇ ਸਮਿਆਂ ਅੰਦਰ ਇਨ੍ਹਾਂ ਦਹਾਕਿਆਂ ਦੌਰਾਨ ਪੂਰੇ ਵਿਸ਼ਵ ਵਿਚ ਲੋਕਤੰਤਰ ਦਾ ਮੁਹਾਂਦਰਾ ਵੀ ਬਦਲਿਆ ਹੈ। ਲੋਕਾਂ ਦੁਆਰਾ ਚੁਣੇ ਹੋਏ ਤੰਤਰ ਵਿਚ ਲੋਕਾਂ ਦੀ ਮਰਜ਼ੀ ਕਿੰਨੀ ਕੁ ਸ਼ਾਮਲ ਹੁੰਦੀ ਹੈ, ਇਸ ਦਾ ਸੰਦੇਹ ਹਮੇਸ਼ਾ ਬਣਿਆਂ ਰਹਿੰਦਾ ਹੈ। ਧਰਮ, ਜਾਤ, ਗਰੀਬੀ, ਬੇਰੁਜ਼ਗਾਰੀ ਤੇ ਅਨਪੜ੍ਹਤਾ ਸਾਨੂੰ ਆਪਣੀ ਮਰਜ਼ੀ ਕਰਨ ਦੀ ਕਿੰਨੀ ਕੁ ਖੁੱਲ੍ਹ ਦਿੰਦੀਆਂ ਹਨ, ਇਹ

ਰੂਹਾਂ ਨੂੰ ਝੰਜੋੜਦਾ ਭਾਵਨਾਤਮਕ ਸਵਾਲ ਹੈ। ਜਦੋਂ ਅਸੀਂ ਆਪਣੇ ਧਰਮ, ਜਾਤ ਤੇ ਖਿੱਤੇ ਦੇ ਹੱਕ ਵਿਚ ਭੁਗਤ ਰਹੇ ਹੁੰਦੇ ਹਾਂ ਤਾਂ ਸਾਡੀ ਚੋਣ ਸਹੀ ਕਿੰਝ ਹੋ ਸਕਦੀ ਹੈ ? ਝੂਠੇ ਲਾਰੇ, ਵਾਅਦੇ ਤੇ ਸੁਪਨੇ ਹਰ ਵਾਰ ਸਾਡੀ ਚੋਣ ਨੂੰ ਗਲਤ ਕਰ ਦਿੰਦੇ ਹਨ। ਇਹ ਸਵਾਲ ਵੱਡੇ ਹਨ ਜਿਹਨਾਂ ਬਾਰੇ ਰਾਜਨੀਤਕ ਵਿਸ਼ਲੇਸ਼ਕ ਤੇ ਵਿਦਵਾਨ ਅਕਸਰ ਗੱਲ ਕਰਦੇ ਰਹਿੰਦੇ ਹਨ ਤੇ ਭਵਿੱਖ ਵਿਚ ਵੀ ਜ਼ਰੂਰ ਕਰਨਗੇ। ਸਾਡਾ ਮਕਸਦ ਤਾਂ ਵੋਟਿੰਗ ਪ੍ਰਣਾਲੀ ਨੂੰ ਸੁਖਾਲਾ ਕਰਨ ਤੇ ਈ ਵੋਟਿੰਗ ਦੀ ਲੋੜ ਬਾਰੇ ਗੱਲ ਕਰਨੀ ਹੈ। ਸੱਤਾ ਤੋਂ ਦੂਰ ਆਮ ਬੰਦਾ ਤਾਂ ਆਪਣੇ ਜਿਊਣ ਦੇ ਮਾਨਵੀ ਸਬੱਬ ਦਾ ਅਭਿਲਾਸ਼ੀ ਹੈ। ਉਮੀਦ ਕਰੀਏ ਕਿ ਆਉਂਦੇ ਦੋ ਮਹੀਨੇ ਸੁੱਖੀ-ਸਾਂਦੀ ਬੀਤ ਜਾਣ ਤੇ ਨਵੀਂ ਸਰਕਾਰ ਸੁਖਦ ਮਹੌਲ ਵਿਚ ਆਪਣਾ ਕਾਰਜ ਭਾਰ ਸੰਭਾਲ ਲਵੇਗੀ।

✿

# ਲਾਇਬ੍ਰੇਰੀ ਦੇ ਵਿਸਥਾਰ ਦੀਆਂ ਸੰਭਾਵਨਾਵਾਂ

ਸਕੂਲ ਪੜ੍ਹਦਿਆਂ ਕਦੀ ਲਾਇਬ੍ਰੇਰੀ ਦੇ ਦਰਸ਼ਨ ਨਹੀਂ ਸਨ ਹੋਏ। ਕਦੀ ਜ਼ਿਕਰ ਵੀ ਨਹੀਂ ਸੀ ਸੁਣਿਆਂ। ਕਾਲਜ ਗਿਆ ਤਾਂ ਇੱਕ ਵੱਖਰੀ ਵੱਡੀ ਇਮਾਰਤ ਵਿਚ ਲਾਇਬ੍ਰੇਰੀ ਸੀ। ਲਾਇਬ੍ਰੇਰੀਅਨ ਤੋਂ ਬਿਨਾਂ ਕੁਝ ਹੋਰ ਮੁਲਾਜ਼ਮ ਵੀ ਸਨ ਜਿਹੜੇ ਕਿਤਾਬਾਂ ਜਾਰੀ ਕਰਨ ਤੇ ਵਾਪਸ ਲੈਣ ਵਿਚ ਵਿਦਿਆਰਥੀਆਂ ਦੀ ਮਦਦ ਕਰਦੇ ਸਨ। ਵਿਦਿਆਰਥੀ ਬਹੁਤਾ ਕਰਕੇ ਆਪਣੇ ਸਿਲੇਬਸ ਨਾਲ਼ ਸਬੰਧਤ ਕਿਤਾਬਾਂ ਹੀ ਜਾਰੀ ਕਰਵਾਉਂਦੇ ਸਨ। ਲਾਇਬ੍ਰੇਰੀ ਦੇ ਵੱਡੇ ਹਾਲ ਵਿਚ ਵੱਡ-ਆਕਾਰੀ ਟੇਬਲਾਂ ਦੇ ਨਾਲ਼ ਪਈਆਂ ਕੁਰਸੀਆਂ ਉਪਰ ਬੈਠ ਵਿਦਿਆਰਥੀ ਪੜ੍ਹਦੇ ਸਨ। ਕਿਸੇ ਨੂੰ ਉੱਚੀ ਗੱਲਾਂ ਕਰਨ ਦੀ ਇਜਾਜ਼ਤ ਨਹੀਂ ਸੀ ਹੁੰਦੀ। ਅਨੁਸਾਸ਼ਨ ਦਾ ਪਾਲਣ ਕਰਦੀ ਲਾਇਬ੍ਰੇਰੀ ਵਿਦਿਆਰਥੀਆਂ ਅੰਦਰ ਇੱਕ ਵੱਖਰਾ ਤੇ ਉਸਾਰੂ ਅਹਿਸਾਸ ਪੈਦਾ ਕਰਦੀ ਸੀ। ਗਰੀਬ ਵਿਦਿਆਰਥੀ, ਜੋ ਕਿਤਾਬਾਂ ਖਰੀਦ ਨਹੀਂ ਸਨ ਸਕਦੇ, ਲਾਇਬ੍ਰੇਰੀ ਵਿਚੋਂ ਲੈ ਕੇ ਪੜ੍ਹ ਸਕਦੇ ਸਨ। ਸਿਲੇਬਸ ਦੀਆਂ ਕਿਤਾਬਾਂ ਤੋਂ ਬਿਨਾਂ ਵਿਸ਼ੇ ਨਾਲ਼ ਸਬੰਧਤ ਹੋਰ ਕਿਤਾਬਾਂ, ਜਿਹਨਾਂ ਵਿਚੋਂ ਹਵਾਲੇ ਦੇਣ ਦੀ ਲੋੜ ਹੁੰਦੀ ਸੀ, ਵੀ ਲਾਇਬ੍ਰੇਰੀ ਵਿਚੋਂ ਮਿਲ ਜਾਂਦੀਆਂ ਸਨ। ਕਾਲਜ ਦੀ ਲਾਇਬ੍ਰੇਰੀ ਤੋਂ ਬਾਅਦ ਯੂਨੀਵਰਸਿਟੀ ਦੀ ਲਾਇਬ੍ਰੇਰੀ ਵੇਖੀ। ਉਸ ਲਾਇਬ੍ਰੇਰੀ ਨੇ ਪਿੰਡਾਂ 'ਚੋਂ ਸ਼ਹਿਰ ਪੜ੍ਹਨ ਗਏ ਮੇਰੇ ਵਰਗਿਆਂ ਨੂੰ ਆਚੰਭਿਤ ਕੀਤਾ। ਬਹੁ-ਮੰਜ਼ਿਲੀ ਇਮਾਰਤ ਵਿਚ ਸਜਾਈਆਂ ਕਿਤਾਬਾਂ ਦਾ ਆਪਣਾ ਇੱਕ ਜਲੌਅ ਸੀ। ਇਸ ਇਮਾਰਤ ਨੂੰ ਨਿਹਾਰਦਿਆਂ ਯੂਨੀਵਰਸਿਟੀ ਹੋਣ ਦੇ ਅਰਥ ਵੀ ਸਮਝ ਆਏ। ਪਰ ਲਾਇਬ੍ਰੇਰੀ ਦੀ ਇਹ ਇੱਕ ਵੱਖਰੀ ਤੇ ਨਿਵੇਕਲੀ ਦੁਨੀਆਂ ਸੀ। ਇਸ ਦੁਨੀਆਂ ਤੋਂ ਬਾਹਰ ਤਦ ਤੱਕ ਵੀ ਪਬਲਿਕ ਲਾਇਬ੍ਰੇਰੀਆਂ ਅਤੇ ਸਕੂਲ, ਪਿੰਡ ਪੱਧਰ ਦੀਆਂ ਹੋਰ ਲਾਇਬ੍ਰੇਰੀਆਂ ਇੱਕ ਵੱਡੇ ਹਾਲ ਕਮਰੇ ਵਿਚ ਪਈਆਂ ਅਲਮਾਰੀਆਂ ਵਿਚ ਤੂਸੀਆਂ ਕਿਤਾਬਾਂ ਹੀ ਸਨ ਤੇ ਅੱਜ ਵੀ ਹਨ। ਇਹਨਾਂ ਕਿਤਾਬਾਂ ਨੂੰ ਕਿਸੇ ਦੇ ਹੱਥਾਂ ਦੀ ਛੋਹ ਘੱਟ ਹੀ ਨਸੀਬ ਹੁੰਦੀ ਹੈ। ਸਮਕਾਲ ਤੱਕ ਪਹੁੰਚਦਿਆਂ ਕਿਤਾਬਾਂ ਪੜ੍ਹਨ ਦਾ ਰੁਝਾਨ ਘਟਿਆ ਹੈ। ਪਰ ਮੇਰੀ ਪੀੜ੍ਹੀ ਦੀ ਗੱਲ ਕਰੀਏ ਤਾਂ ਵਕਤ ਨਾਲ਼ ਜਦ ਕਿਤਾਬਾਂ ਪੜ੍ਹਨ ਦਾ ਸ਼ੌਕ ਪੈਦਾ ਹੋਇਆ ਤਾਂ ਲਾਇਬ੍ਰੇਰੀ ਦੇ ਕਈ ਹੋਰ ਰੂਪ, ਆਕਾਰ ਤੇ ਮਕਸਦ ਵੀ ਸਾਹਮਣੇ ਆਏ। ਸਮਝ ਆਇਆ ਕਿ ਲਾਇਬ੍ਰੇਰੀ ਉਹ ਸਥਾਨ ਹੈ ਜਿੱਥੇ ਵੱਖ-ਵੱਖ ਉਮਰ ਦੇ ਤੇ ਵੱਖ-ਵੱਖ ਵਿਚਾਰਾਂ ਵਾਲੇ ਲੋਕ, ਵੱਖ-ਵੱਖ ਸੂਖ਼ਮ ਕਲਾਵਾਂ ਨੂੰ ਸਮਰਪਿਤ ਲੋਕ ਇਕੱਠੇ ਬੈਠਦੇ ਹਨ, ਵਿਚਾਰ ਚਰਚਾ ਕਰਦੇ ਹਨ, ਪੜ੍ਹੀਆਂ

ਚੰਗੀਆਂ ਕਿਤਾਬਾਂ ਦੀ ਚਰਚਾ ਕਰਦੇ ਹਨ। ਅਜਿਹਾ ਸਥਾਨ ਜਿੱਥੇ ਅਜਿਹੇ ਲੋਕ ਆਉਂਦੇ ਤੇ ਕੁਝ ਚੰਗਾ ਤੇ ਨਵਾਂ ਸਿੱਖਦੇ ਹਨ। ਲਾਇਬ੍ਰੇਰੀ ਜਿਸ ਅੰਦਰ ਸਾਹਿਤ ਤੋਂ ਇਲਾਵਾ ਸੰਗੀਤ ਲਈ, ਨ੍ਰਿਤ ਲਈ ਅਤੇ ਹੋਰ ਕਲਾਵਾਂ ਲਈ ਵੀ ਸਤਿਕਾਰ ਹੋਵੇ, ਸਥਾਨ ਹੋਵੇ, ਸਨਮਾਨ ਹੋਵੇ। ਇਹ ਵੀ ਸਮਝ ਆਇਆ ਕਿ ਲਾਇਬ੍ਰੇਰੀ ਵਿਚ ਸਿਰਫ਼ ਕਿਤਾਬਾਂ ਹੀ ਨਹੀਂ ਹੁੰਦੀਆਂ, ਤੁਹਾਡੇ ਸੁਹਜ-ਸੁਆਦ ਨੂੰ ਤ੍ਰਿਪਤ ਕਰਦਾ ਹੋਰ ਵੀ ਬਹੁਤ ਕੁਝ ਹੈ ।

ਇਥੇ ਕੈਨੇਡਾ ਵਿਚ ਲਾਇਬ੍ਰੇਰੀਆਂ ਨੂੰ ਵੇਖ ਕੇ ਰੂਹ ਰੱਜ ਜਾਂਦੀ ਹੈ। ਵੱਡੇ ਹਾਲ ਵਿਚ ਵੱਖ-ਵੱਖ ਟੇਬਲਾਂ ਉਪਰ ਲੈਪਟੌਪ ਪਏ ਹਨ ਜਿੱਥੇ ਬੈਠ ਕੇ ਵਿਦਿਆਰਥੀ ਜਾਂ ਹੋਰ ਲੋਕ ਆਪਣੇ ਕੰਮ ਵਿਚ ਮਸਤ ਹੁੰਦੇ ਹਨ। ਕਿਤਾਬਾਂ ਖੁੱਲੇ ਰੈਕਾਂ ਉਪਰ ਪਈਆਂ ਹਨ। ਤੁਸੀਂ ਘੁੰਮ-ਫਿਰ ਕੇ ਕਿਤਾਬਾਂ ਨੂੰ ਨਿਹਾਰ ਕੇ, ਛੂਹ ਕੇ, ਪੜ੍ਹ ਕੇ ਆਪਣੀ ਪਸੰਦ ਦੀਆਂ ਕਿਤਾਬਾਂ ਜਾਰੀ ਕਰਵਾ ਕੇ ਘਰ ਲਿਜਾ ਸਕਦੇ ਹੋ। ਇਹ ਤਿੰਨ ਹਫ਼ਤਿਆਂ ਲਈ ਹੁੰਦੀਆਂ ਹਨ ਅਤੇ ਲੋੜ ਪੈਣ 'ਤੇ ਇਸ ਤੋਂ ਵੱਧ ਸਮੇਂ ਲਈ ਵੀ ਰੱਖ ਸਕਦੇ ਹੋ। ਹਾਂ, ਸੂਚਨਾ ਦੇਣੀ ਪੈਂਦੀ ਹੈ। ਬੱਚਿਆਂ ਦੀਆਂ ਕਿਤਾਬਾਂ ਲਈ ਵੱਖਰਾ ਕੋਨਾ ਸੁਰੱਖਿਅਤ ਹੈ ਜਿੱਥੇ ਹਰ ਉਮਰ ਦੇ ਬੱਚਿਆਂ ਲਈ ਹਰ ਤਰ੍ਹਾਂ ਦੀਆਂ ਕਿਤਾਬਾਂ ਪਈਆਂ ਹਨ। ਬੱਚਿਆਂ ਲਈ ਲਾਂਚ ਪੈਡ ਵੀ ਹਨ ਜਿਸ ਨਾਲ ਬੱਚਾ ਖੇਡਣ ਦੇ ਨਾਲ਼-ਨਾਲ਼ ਕਈ ਕੁਝ ਨਵਾਂ ਵੀ ਸਿੱਖਦਾ ਹੈ। ਇਸ ਤੋਂ ਇਲਾਵਾ ਬੱਚਿਆਂ ਦੇ ਖੇਡਣ ਵੱਡ ਆਕਾਰੀ ਲੂਡੋ, ਚੈੱਸ, ਸੱਪ ਤੇ ਸੀੜ੍ਹੀ ਤੇ ਹੋਰ ਖੇਡਾਂ ਦੀਆਂ ਕਿੱਟਾਂ ਵੀ ਮਿਲਦੀਆਂ ਹਨ ਜਿਹਨਾਂ ਨੂੰ ਖਾਸ ਕਰਕੇ ਛੁੱਟੀਆਂ ਦੌਰਾਨ ਘਰ ਲਿਆਕੇ ਬੱਚਾ ਵਰਤ ਸਕਦਾ ਹੈ। ਲਾਇਬ੍ਰੇਰੀ ਵਿਚ ਇੱਕ ਵਰਲਡ ਕਾਰਨਰ ਵੀ ਹੁੰਦਾ ਹੈ ਜਿਸ ਵਿਚ ਦੁਨੀਆਂ ਭਰ ਦੀਆਂ ਭਾਸ਼ਾਵਾਂ ਨਾਲ਼ ਸਬੰਧਤ ਕਿਤਾਬਾਂ ਪੜ੍ਹਨ ਨੂੰ ਮਿਲਦੀਆਂ ਹਨ। ਪੰਜਾਬੀ ਭਾਸ਼ਾ ਦੀਆਂ ਕਿਤਾਬਾਂ ਵੀ ਇਥੇ ਮਿਲਦੀਆਂ ਹਨ। ਕਿਸੇ ਨੌਜਵਾਨ ਮੁੰਡੇ, ਕੁੜੀ ਵੱਲੋਂ ਪੰਜਾਬੀ ਭਾਸ਼ਾ ਦੀਆਂ ਕਿਤਾਬਾਂ ਨੂੰ ਨਿਹਾਰਨਾ, ਛੂਹਣਾ, ਫਰੋਲਣਾ ਤੇ ਕੋਈ ਇੱਕ ਕਿਤਾਬ ਇਸ਼ੂ ਕਰਵਾ ਕੇ ਘਰ ਲੈ ਜਾਣਾ ਮਨ ਨੂੰ ਸਕੂਨ ਦਿੰਦਾ ਹੈ। ਕਿਸੇ ਲੇਖਕ ਦੁਆਰਾ ਆਪਣੀ ਨਵੀਂ ਕਿਤਾਬ ਲਾਇਬ੍ਰੇਰੀ ਵਿਚ ਉਪਲਬਧ ਕਰਵਾਉਣ ਲਈ ਪ੍ਰਕਿਰਿਆਂ ਥੋੜੀ ਜਟਿਲ ਹੈ। ਪੰਜਾਬੀ ਭਾਸ਼ਾ ਤੇ ਸਾਹਿਤ ਲਈ ਨਿਰੰਤਰ ਕੰਮ ਕਰ ਰਹੀਆਂ ਸੰਸਥਾਵਾਂ ਨੂੰ ਇਸ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਉਪਰਾਲਾ ਕਰਨਾ ਚਾਹੀਦਾ ਹੈ।

ਲਾਇਬ੍ਰੇਰੀ ਜ਼ਿੰਦਗੀ ਵਿਚ ਸਿਹਤਮੰਦ ਤਬਦੀਲੀਆਂ ਲਿਆਉਂਦੀ ਹੈ। ਤੁਹਾਡੀ ਵਿਹਲ, ਇਕੱਲਤਾ ਤੇ ਉਦਾਸੀਨਤਾ ਨੂੰ ਲਾਇਬ੍ਰੇਰੀ ਆਹਰੇ ਲਾਉਂਦੀ ਹੈ, ਸਾਥੀ ਬਣਦੀ ਹੈ ਤੇ ਤੁਹਾਡੇ ਨਾਲ਼ ਸੰਵਾਦ ਰਚਾ ਕੇ ਹਿਰਦੇ ਅੰਦਰ ਪ੍ਰਸੰਨਤਾ ਦੇ ਭਾਵ ਪੈਦਾ ਕਰਦੀ ਹੈ। ਅਲਬਰਟ ਆਈਨਸਟਾਈਨ ਦਾ ਕਹਿਣਾ ਹੈ ਕਿ ਤੁਹਾਡੇ

ਲਈ ਸਭ ਤੋਂ ਜ਼ਰੂਰੀ ਉਸ ਜਗ੍ਹਾ ਦਾ ਗਿਆਨ ਹੋਣਾ ਹੈ ਜਿੱਥੇ ਲਾਇਬ੍ਰੇਰੀ ਸਥਿਤ ਹੈ। ਮੈਂ ਆਪਣੇ ਸ਼ਹਿਰ ਦੀ ਜ਼ਿਲ੍ਹਾ ਲਾਇਬ੍ਰੇਰੀ ਦੇ ਸਾਹਮਣਿਉਂ ਸੈਂਕੜੇ ਵਾਰ ਗੁਜ਼ਰਿਆ ਸਾਂ। ਪਰ ਇਸ ਲਾਇਬ੍ਰੇਰੀ ਬਾਰੇ ਕਦੀ ਭਿਣਖ਼ ਤੱਕ ਨਹੀਂ ਸੀ ਪਈ। ਸਾਡੇ ਇੱਕ ਦੋਸਤ ਦੀ ਕੋਈ ਸਾਹਿਤਕ ਲੋੜ ਉਸ ਨੂੰ ਇਸ ਲਾਇਬ੍ਰੇਰੀ ਤੱਕ ਲੈ ਕੇ ਗਈ। ਇਸ ਲਾਇਬ੍ਰੇਰੀ ਦੀ ਇੰਚਾਰਜ ਆਪਣੇ ਕੰਮ ਨੂੰ ਸਮਰਪਿਤ ਸੁਹਿਰਦ ਔਰਤ ਸੀ। ਉਸ ਦੀ ਪ੍ਰੇਰਨਾ ਸਦਕਾ ਸਾਡੀ ਸੰਸਥਾ ਦਾ ਇਸ ਕਾਮਰੇਡ ਸੋਹਣ ਸਿੰਘ ਜੋਸ਼ ਜਿਲ੍ਹਾ ਲਾਇਬ੍ਰੇਰੀ ਨਾਲ਼ ਪੱਕਾ ਰਿਸ਼ਤਾ ਬਣ ਗਿਆ ਤੇ ਅਸੀਂ ਹਰ ਮਹੀਨੇ ਇਥੇ ਜੁੜਦੇ ਤੇ ਸਾਹਿਤਕ ਸਰਗਰਮੀਆਂ ਕਰਦੇ। ਸਾਥੋਂ ਪ੍ਰੇਰਤ ਹੋ ਕੇ ਸ਼ਹਿਰ ਦੀਆਂ ਹੋਰ ਸਾਹਿਤਕ ਸੰਸਥਾਵਾਂ ਨੇ ਵੀ ਇਥੇ ਸਮਾਗਮ ਕਰਨੇ ਸ਼ੁਰੂ ਕਰ ਦਿੱਤੇ। ਬਹੁਤ ਸਾਰੇ ਵਿਦਿਆਰਥੀ ਇਥੇ ਪੜ੍ਹਨ ਤੇ ਆਪਣੇ ਇਮਤਿਹਾਨਾਂ ਦੀ ਤਿਆਰੀ ਕਰਨ ਲਈ ਇਥੇ ਆਉਂਦੇ। ਇੰਝ ਇਸ ਅਣਗੌਲੀ ਪਈ ਲਾਇਬ੍ਰੇਰੀ ਵਿਚ ਜੀਵਨ ਧੜਕਣ ਲੱਗ ਪਿਆ। ਅਲਬਰਟ ਦੇ ਕਥਨ ਦੀ ਸਾਰਥਿਕਤਾ ਵੀ ਸਾਹਮਣੇ ਆਈ। ਪਰ ਗੱਲ ਇਸ ਲਾਇਬ੍ਰੇਰੀ ਤੋਂ ਵੀ ਅਗਾਂਹ ਜਾਂਦੀ ਹੈ। ਉਹ ਗੱਲ ਇਹ ਹੈ ਕਿ ਲਾਇਬ੍ਰੇਰੀ ਕਿਸੇ ਵੀ ਵਲਗਣ ਤੋਂ ਪਾਰ ਇੱਕ ਸੁਤੰਤਰ ਸੋਚ ਹੈ ਤੇ ਜਿਸਦਾ ਵਿਚਾਰ ਸਾਡੇ ਅਹਿਸਾਸਾਂ 'ਚ ਡੂੰਘਾ ਲਹਿ ਚੁੱਕਾ ਹੈ। ਲਾਇਬ੍ਰੇਰੀ ਸੂਖ਼ਮ ਕਲਾਵਾਂ ਦਾ ਸੰਗ੍ਰਹਿ ਵੀ ਹੁੰਦੀ ਹੈ ਤੇ ਇਹਨਾਂ ਨੂੰ ਸਿੱਖਣ ਦੀ ਜਗ੍ਹਾ ਵੀ। ਸੰਗੀਤ, ਨ੍ਰਿਤ, ਪੇਂਟਿੰਗ ਸਮੇਤ ਹੋਰ ਕਲਾਵਾਂ ਦੀ ਪ੍ਰਦਰਸ਼ਨੀ ਅਤੇ ਇਹਨਾਂ ਦੀ ਪੜ੍ਹਾਈ ਸਿਖਲਾਈ ਵੀ ਲਾਇਬ੍ਰੇਰੀ ਦਾ ਹਿੱਸਾ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ। ਲਾਇਬ੍ਰੇਰੀ ਛੋਟੇ ਬੱਚਿਆਂ ਨੂੰ ਖੇਡ ਵਿਧੀ ਨਾਲ਼ ਸਿਖਾਉਣ, ਪੜ੍ਹਾਉਣ ਤੇ ਮਨੋਰੰਜਨ ਕਰਨ ਦਾ ਸਥਾਨ ਵੀ ਹੁੰਦਾ ਹੈ। ਵਿਦਿਆਰਥੀਆਂ ਅਤੇ ਵੱਡੀ ਉਮਰ ਦੇ ਲੋਕਾਂ ਲਈ ਪੜ੍ਹਨ ਦੇ ਨਾਲ਼ ਨਾਲ਼ ਜੁੜ ਬੈਠਣ, ਵਿਚਾਰ ਚਰਚਾ ਕਰਨ, ਦੇਸ਼ ਦੀ ਰਾਜਨੀਤਕ ਦਸ਼ਾ, ਸਮਾਜਿਕ ਤੇ ਆਰਥਿਕ ਮਸਲਿਆਂ ਬਾਰੇ ਗੱਲਬਾਤ, ਆਪਣੀ ਸਿਹਤ ਤੇ ਘਰੇਲੂ ਸਮੱਸਿਆਵਾਂ ਨਾਲ਼ ਸਬੰਧਤ ਚੁੰਝ ਚਰਚਾ, ਚੁਟਕਲੇ ਨੁਮਾ ਗੱਲਾਂ, ਹਾਸਾ-ਠੱਠਾ ਤੇ ਹੋਰ ਹਲਕੀਆਂ ਫੁਲਕੀਆਂ ਗੱਲਾਂ ਸਾਂਝੀਆਂ ਕਰਨੀਆਂ ਵੀ ਇਸ ਆਧੁਨਿਕ ਲਾਇਬ੍ਰੇਰੀ ਦੇ ਵਿਹਾਰ ਦਾ ਹਿੱਸਾ ਹੈ। ਅਖ਼ਬਾਰਾਂ ਪੜ੍ਹਨੀਆਂ, ਰੇਡੀਓ ਸੁਣਨਾ ਤੇ ਆਪਣੇ ਆਪਣੇ ਦ੍ਰਿਸ਼ਟੀ ਨਾਲ਼ ਸਮੀਖਿਆ ਕਰਨੀ ਵੀ ਲਾਇਬ੍ਰੇਰੀ ਦੇ ਨਿੱਤ ਵਿਹਾਰ ਵਿਚ ਸ਼ਾਮਿਲ ਹੋ ਗਿਆ ਹੈ। ਲਾਇਬ੍ਰੇਰੀ ਵਿਚ ਬਹੁਤ ਸਾਰੇ ਹੱਥ-ਲਿਖਤ ਗ੍ਰੰਥ, ਗ੍ਰਾਮੋਫੋਨ ਰਿਕਾਰਡ, ਮਾਨਚਿੱਤਰ ਤੇ ਹੋਰ ਬਹੁਤ ਸਾਰੀ ਪੜ੍ਹਨ ਸਮੱਗਰੀ ਵੀ ਹੁੰਦੀ ਹੈ। ਲਾਇਬ੍ਰੇਰੀ ਉਹ ਥਾਂ ਹੈ ਜਿੱਥੇ ਨਵਾਂ ਸੰਸਾਰ ਸਿਰਜਤ ਹੁੰਦਾ ਹੈ, ਨਵੀਆਂ ਗੱਲਾਂ ਤੇ ਵਿਚਾਰ ਸਿਖਣ ਨੂੰ ਮਿਲਦੇ ਹਨ, ਨਵੇਂ ਲੋਕਾਂ ਨਾਲ਼ ਮਿਲਣ ਦਾ ਮੌਕਾ ਬਣਦਾ ਹੈ। ਨਵੇਂ ਲੋਕਾਂ ਕੋਲ਼ ਨਵੀਆਂ ਗੱਲਾਂ ਹੁੰਦੀਆਂ ਹਨ। ਨਵਾਂ ਤੇ ਵੱਖਰਾ ਦ੍ਰਿਸ਼ਟੀਕੋਣ ਹੁੰਦਾ ਹੈ। ਹਰ ਇੱਕ

ਕੋਲ਼ ਇੱਕ ਵਿਚਾਰਾਂ ਦੀ ਲਾਇਬ੍ਰੇਰੀ ਸਾਂਭੀ ਹੁੰਦੀ ਹੈ। ਇਹ ਵਿਚਾਰ ਸੰਚਾਰ ਕਰਦੇ ਹਨ। ਸੰਵਾਦ ਰਚਾਉਣਾ ਸਿੱਖਣ ਸਿਖਾਉਣ ਦੀ ਸਭ ਤੋਂ ਵਧੀਆ ਅਧਿਆਪਨ ਵਿਧੀ ਹੈ। ਕੁਝ ਸੁਣਨਾ, ਕੁਝ ਕਹਿਣਾ ਅਜਿਹੇ ਸਥਾਨ 'ਤੇ ਹੀ ਸੰਭਵ ਹੋ ਸਕਦਾ ਹੈ। ਲਾਇਬ੍ਰੇਰੀ ਵਿਚ ਬੈਠ ਅਸੀਂ ਦੁਨੀਆਂ ਦੀ ਯਾਤਰਾ ਕਰ ਸਕਦੇ ਹਾਂ, ਲੁਕੇ ਹੋਏ ਰਹੱਸ ਬੇਪਰਦ ਹੁੰਦੇ ਹਨ। ਕਹਿਣ ਤੋਂ ਭਾਵ ਇਹ ਹੈ ਕਿ ਲਾਇਬ੍ਰੇਰੀ ਆਪਣੇ ਅੰਦਰ ਬਹੁਤ ਸਾਰੀਆਂ ਸੰਭਾਵਨਾਵਾਂ ਸਮੋਈ ਸੰਸਥਾ ਹੈ। ਸਾਡਾ ਮਕਸਦ ਇਹਨਾਂ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਹੋਣਾ ਚਾਹੀਦਾ ਹੈ।

ਆਧੁਨਿਕ ਲਾਇਬ੍ਰੇਰੀ ਵਿਚ ਹੋਰਨਾਂ ਸਹੂਲਤਾਂ ਦੇ ਨਾਲ਼ ਲੈਪਟੌਪ ਵੀ ਪਏ ਹੁੰਦੇ ਹਨ ਜਿੱਥੇ ਬੈਠ ਕੇ ਲੋਕ, ਖ਼ਾਸ ਕਰਕੇ ਵਿਦਿਆਰਥੀ, ਆਪਣਾ ਕੰਮ ਕਰਦੇ ਹਨ। ਸੀ.ਡੀਜ਼, ਟੈਬ ਤੇ ਹੋਰ ਉਪਕਰਣ ਵੀ ਹੁੰਦੇ ਹਨ। ਕਿਤਾਬਾਂ ਵੱਲ ਨਿਗ੍ਹਾ ਮਾਰੀਏ ਤਾਂ ਭਾਸ਼ਾ ਦੇ ਆਧਾਰ 'ਤੇ, ਵਿਸ਼ੇ ਦੇ ਆਧਾਰ 'ਤੇ ਵੰਡ ਕੀਤੀ ਹੁੰਦੀ ਹੈ। ਬੱਚਿਆਂ ਦੀਆਂ ਕਿਤਾਬਾਂ ਲਈ ਵੱਖਰਾ ਕੋਨਾ ਰਾਖਵਾਂ ਹੁੰਦਾ ਹੈ ਜਿੱਥੋਂ ਬੱਚੇ ਆਪਣੀ ਮਰਜ਼ੀ ਦੀਆਂ ਕਿਤਾਬਾਂ ਦੀ ਚੋਣ ਕਰ ਸਕਦੇ ਹਨ। ਲਾਇਬ੍ਰੇਰੀ ਦਾ ਕਾਰਡ ਬਣਿਆਂ ਹੋਵੇ ਤਾਂ ਘਰ ਲਿਜਾਣ ਲਈ ਦਸ, ਵੀਹ ਜਾਂ ਇਸ ਤੋਂ ਵੀ ਵੱਧ ਕਿਤਾਬਾਂ ਤਿੰਨ ਹਫ਼ਤਿਆਂ ਲਈ ਇਕੋ ਵੇਲ਼ੇ ਜਾਰੀ ਕਰਵਾਉਣ ਦੀ ਸਹੂਲਤ ਵੀ ਹੁੰਦੀ ਹੈ। ਪੂਰੀ ਲਾਇਬ੍ਰੇਰੀ ਵਿਚ ਰੈਕਾਂ ਵਿਚ ਪਈਆਂ ਪੁਸਤਕਾਂ ਤੁਹਾਡੀ ਪਹੁੰਚ ਵਿਚ ਹੁੰਦੀਆਂ ਹਨ। ਤੁਸੀਂ ਕਿਸੇ ਵੀ ਕਿਤਾਬ ਨੂੰ ਰੈਕ ਵਿਚੋਂ ਕੱਢ ਕੇ ਵੇਖ ਸਕਦੇ ਹੋ। ਲਾਇਬ੍ਰੇਰੀ ਦੇ ਖੁੱਲ੍ਹੇ ਹਾਲ ਕਮਰਿਆਂ ਵਿਚ ਘੁੰਮਦਿਆਂ, ਕਿਤਾਬਾਂ ਵਾਚਦਿਆਂ ਤੁਹਾਨੂੰ ਕਿੰਨਾ ਚਿਰ ਹੋ ਗਿਆ ਹੈ, ਇਸ ਗੱਲ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਹਾਂ, ਤੁਸੀਂ ਕਾਊਂਟਰ 'ਤੇ ਮੌਜੂਦ ਸਟਾਫ਼ ਕੋਲੋਂ ਮਦਦ ਲੈ ਸਕਦੇ ਹੋ।

ਚੁੱਪ ਦੀਆਂ ਕਈ ਤਹਿਆਂ ਹਨ। ਲਾਇਬ੍ਰੇਰੀ ਤੁਹਾਨੂੰ ਚੁੱਪ ਰਹਿਣਾ ਵੀ ਸਿਖਾਉਂਦੀ ਹੈ ਤੇ ਆਪਣੇ ਅੰਦਰ ਝਾਕਣਾ ਤੇ ਸੰਵਾਦ ਰਚਾਉਣਾ ਵੀ। ਲਾਇਬ੍ਰੇਰੀ ਵਿਚ ਜਾ ਕੇ ਤੁਹਾਨੂੰ ਕਿਤਾਬਾਂ ਦੇ ਵਿਸ਼ਾਲ ਸੰਸਾਰ ਦੀ ਥਾਹ ਪੈਂਦੀ ਹੈ। ਇੱਕ ਚੰਗੀ ਲਾਇਬ੍ਰੇਰੀ ਵਿਚ ਦੁਨੀਆਂ ਦੀਆਂ ਬੇਹਤਰੀਨ ਕਿਤਾਬਾਂ ਪਈਆਂ ਹੁੰਦੀਆਂ ਹਨ। ਤੁਸੀਂ ਉਨ੍ਹਾਂ ਨੂੰ ਪਲੋਸ ਸਕਦੇ ਹੋ, ਹੱਥਾਂ ਵਿਚ ਫੜ੍ਹ ਕੇ ਨਿਹਾਰ ਸਕਦੇ ਹੋ। ਤੁਸੀਂ ਕਿਤਾਬ ਦੇ ਪੰਨੇ ਪਲਟ ਕੇ ਉਸ ਅੰਦਰ ਝਾਕ ਸਕਦੇ ਹੋ। ਪੰਨੇ ਪਲਟਦਿਆਂ ਕੋਈ ਸ਼ਬਦ, ਕੋਈ ਸਤਰ ਤੁਹਾਡੇ ਅੰਦਰ ਲਹਿ ਸਕਦੀ ਹੈ। ਤੁਹਾਡਾ ਉਸ ਕਿਤਾਬ ਨੂੰ ਪੜ੍ਹਨ ਦਾ ਮਨ ਬਣ ਸਕਦਾ ਹੈ। ਸੋਸ਼ਲ ਮੀਡੀਆ ਦੇ ਇਸ ਡਿਜ਼ੀਟਲ ਯੁੱਗ ਵਿਚ ਕੁਝ ਲੋਕਾਂ ਨੂੰ ਲੱਗਦਾ ਹੈ ਕਿ ਕਿਤਾਬਾਂ ਪੜ੍ਹਨ ਦਾ ਰੁਝਾਨ ਜੇ ਖ਼ਤਮ ਨਹੀਂ ਹੋਇਆ ਤਾਂ ਘੱਟ ਜ਼ਰੂਰ ਗਿਆ ਹੈ। ਪਰ ਇਹ ਉਹਨਾਂ ਦਾ ਵਹਿਮ ਹੈ। ਅਸਲ ਵਿਚ ਅੱਜ ਵੀ ਕਿਤਾਬਾਂ ਪੜ੍ਹਨ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਕੁਝ ਲੋਕ ਤਾਂ

ਮਾਣ ਨਾਲ਼ ਦੱਸਦੇ ਹਨ ਕਿ ਉਹ ਰੋਜ਼ਾਨਾ ਸੌ ਪੰਨੇ ਪੜ੍ਹਦੇ ਹਨ। ਕੁਝ ਇਸ ਤੋਂ ਵੀ ਜ਼ਿਆਦਾ। ਕੁਝ ਦੋਸਤਾਂ ਦੇ ਘਰਾਂ ਵਿਚ ਪਈਆਂ ਕਿਤਾਬਾਂ ਵੇਖ ਕੇ ਤਾਂ ਹੈਰਾਨ ਹੋ ਜਾਈਦਾ ਹੈ। ਇਹ ਪੁੱਛਣ 'ਤੇ ਕਿ ਤੁਸੀਂ ਏਨੀਆਂ ਸਾਰੀਆਂ ਕਿਤਾਬਾਂ ਕਿਵੇਂ ਪੜ੍ਹ ਲੈਂਦੇ ਹੋ, ਉਹ ਤੁਹਾਨੂੰ ਪੜ੍ਹਨ ਦੀ ਨਵੀਂ ਤਕਨੀਕ ਵੀ ਦੱਸਣਗੇ। ਇਹ ਤਕਨੀਕ ਉਹਨਾਂ ਨੇ ਖ਼ੁਦ ਈਜਾਦ ਕੀਤੀ ਹੁੰਦੀ ਹੈ। ਉਹਨਾਂ ਲਈ ਰੋਜ਼ਾਨਾ ਸੌਣ ਤੋਂ ਪਹਿਲਾਂ ਆਪਣੇ ਨਾਲ਼ ਖੇਡੀ ਗਈ ਗੇਮ ਹੀ ਇਹ ਹੈ ਕਿ ਚਲੋ ਦੇਖਦੇ ਹਾਂ ਕਿ ਅੱਜ ਰਾਤ ਮੈਂ ਕਿੰਨੇ ਪੰਨੇ ਪੜ੍ਹ ਸਕਦਾ ਹਾਂ। ਇਹ ਖੇਡ ਭੁਲਾ ਦਿੰਦੀ ਹੈ ਕਿ ਰਾਤ ਕਿੰਨੀ ਬੀਤ ਗਈ ਹੈ। ਪੜ੍ਹਦਿਆਂ ਜਦ ਕੋਈ ਸਤਰ ਤੁਹਾਡੇ ਅੰਦਰ ਲਹਿ ਜਾਂਦੀ ਹੈ ਤਾਂ ਤੁਸੀਂ ਕਿਤਾਬ ਬੰਦ ਕਰਕੇ ਸਾਹਮਣੀ ਕੰਧ 'ਤੇ ਟਿਕ-ਟਿਕੀ ਲਾ ਲੈਂਦੇ ਹੋ। ਇਹ ਪਲ ਤੁਹਾਨੂੰ ਵਿਸਮਾਦ ਦੀ ਸਥਿਤੀ ਵਿਚ ਲੈ ਜਾਂਦੇ ਹਨ। ਤੁਹਾਡਾ ਅੰਦਰ ਇੱਕ ਅਗਿਆਤ ਪ੍ਰਸੰਨਤਾ ਨਾਲ਼ ਭਰ ਜਾਂਦਾ ਹੈ। ਇੱਕ ਸਾਲਮ-ਸਬੂਤੀ ਲਾਇਬ੍ਰੇਰੀ ਤੁਹਾਡੇ ਗਿਰਦ ਉੱਸਰ ਜਾਂਦੀ ਹੈ। ਡਿਜੀਟਲ ਯੁੱਗ ਅੰਦਰ ਈ ਬੁਕਸ ਨੇ ਤੁਹਾਡੀ ਪਹੁੰਚ ਦੁਨੀਆਂ ਭਰ ਦੀਆਂ ਕਿਤਾਬਾਂ ਤੱਕ ਵਿਸਥਾਰ ਦਿੱਤੀ ਹੈ। ਲਾਇਬ੍ਰੇਰੀ ਤੁਹਾਡੇ ਮੋਬਾਈਲ, ਕੰਪਿਊਟਰ ਅੰਦਰ ਸਥਾਪਤ ਹੋ ਜਾਂਦੀ ਹੈ। ਇਹ ਵਿਸਥਾਰ ਤੁਹਾਡੇ ਅੰਦਰ ਜਗਿਆਸਾ ਪੈਦਾ ਕਰਦਾ ਹੈ। ਇਹ ਜਗਿਆਸਾ ਤੁਹਾਨੂੰ ਪਹਿਲਾਂ ਕਿਤਾਬ ਤੇ ਫਿਰ ਲਾਇਬ੍ਰੇਰੀ ਤੱਕ ਲੈ ਕੇ ਜਾਂਦੀ ਹੈ।

ਲਾਇਬ੍ਰੇਰੀ ਬਾਰੇ ਹੋਰ ਗੱਲਾਂ ਕਰਨੀਆਂ ਹੋਣ ਤਾਂ ਇਹ ਕਿਸੇ ਇਮਾਰਤ ਵਿਚ ਪਈਆਂ ਕਿਤਾਬਾਂ ਹੀ ਨਹੀਂ ਹੁੰਦੀ। ਜਿਸ ਵਿਅਕਤੀ ਨੂੰ ਕਿਤਾਬਾਂ ਪੜ੍ਹਨ ਦੀ ਲਗਨ ਲੱਗ ਜਾਵੇ, ਉਸ ਦਾ ਘਰ ਵੀ ਲਾਇਬ੍ਰੇਰੀ ਹੁੰਦੀ ਹੈ ਅਤੇ ਉਸਦੇ ਅੰਦਰ ਵੀ। ਉਸ ਨੂੰ ਚੰਗੀਆਂ ਕਿਤਾਬਾਂ ਪਸੰਦ ਹੁੰਦੀਆਂ ਹਨ, ਕਿਤਾਬਾਂ ਪੜ੍ਹਨ ਦਾ ਸ਼ੌਕ ਰੱਖਦੇ ਲੋਕ ਪਸੰਦ ਹੁੰਦੇ ਹਨ। ਪੜ੍ਹਨ ਲਈ ਆਰਾਮ ਕੁਰਸੀ, ਕਿਤਾਬਾਂ ਖਰੀਦਣ ਲਈ ਪੈਸੇ, ਪੜ੍ਹਨ ਲਈ ਵਕਤ, ਕਿਤਾਬਾਂ ਨਾਲ਼ ਭਰੇ ਸੈਲਫ ਤੇ ਪੀਣ ਲਈ ਗਰਮ ਚਾਹ ਦਾ ਪ੍ਰਬੰਧ ਹੋਣਾ ਉਸ ਦੀਆਂ ਲੋੜਾਂ ਹੁੰਦੀਆਂ ਹਨ। ਉਹ ਵਿਅਕਤੀ ਜਿਊਂਦੀ ਜਾਗਦੀ ਤੁਰੀ ਫਿਰਦੀ ਲਾਇਬ੍ਰੇਰੀ ਹੁੰਦਾ ਹੈ। ਉਹ ਇੱਕ ਕਿਤਾਬ ਖ਼ਤਮ ਕਰਦੇ ਹਨ ਤੇ ਨਾਲ਼ ਹੀ ਦੂਜੀ ਕਿਤਾਬ ਪੜ੍ਹਨੀ ਸ਼ੁਰੂ ਕਰ ਦਿੰਦੇ ਹਨ। ਉਹਨਾਂ ਅੰਦਰ ਜਾਗਦੀ ਲਾਇਬ੍ਰੇਰੀ ਦੇ ਬੰਦ ਹੋਣ ਦਾ ਕੋਈ ਸਮਾਂ ਨਹੀਂ ਹੁੰਦਾ। ਅਜਿਹਾ ਅਹਿਸਾਸ ਹੀ ਲਾਇਬ੍ਰੇਰੀ ਹੈ। ਜਿੱਥੇ ਕਿਤੇ ਇਹ ਅਹਿਸਾਸ ਹੈ, ਉਥੇ ਲਾਇਬ੍ਰੇਰੀ ਹੈ, ਦੀਵਾਰਾਂ, ਵਲਗਣਾ ਤੋਂ ਮੁਕਤ ਲਾਇਬ੍ਰੇਰੀ। ਜਿਸ ਹਿਰਦੇ ਅੰਦਰ ਇਹ ਅਹਿਸਾਸ ਭਰ ਜਾਵੇ, ਉਸ ਨੂੰ ਕਈ ਕਿਤਾਬਾਂ ਮੂੰਹ ਜ਼ਬਾਨੀ ਯਾਦ ਹੋ ਜਾਂਦੀਆਂ ਹਨ।

ਚੰਗੇ ਸਮਾਜ ਦੀ ਸਿਰਜਣਾ ਲਈ ਅਤੇ ਆਪਣੇ ਟੀਚੇ ਹਾਸਲ ਕਰਨ ਲਈ ਸਾਨੂੰ ਨਵੇਂ ਵਿਚਾਰ ਚਾਹੀਦੇ ਹਨ। ਨਵੇਂ ਵਿਚਾਰ ਕਿਤਾਬਾਂ ਵਿਚ ਹੁੰਦੇ ਹਨ।

ਕਿਤਾਬਾਂ ਦੇ ਸਿਆਣੇ ਤੇ ਸੂਝਵਾਨ ਪਾਠਕਾਂ ਲਈ ਪਬਲਿਕ ਲਾਇਬ੍ਰੇਰੀਆਂ ਦੀ ਲੋੜ ਹੈ। ਰਾਜਨੀਤਕ, ਆਰਥਿਕ ਤੇ ਸਮਾਜਿਕ ਸੋਝੀ ਰੱਖਣ ਵਾਲੇ ਲੋਕ ਜਦ ਲਾਇਬ੍ਰੇਰੀ ਵਿਚ ਜਾ ਕੇ ਚੰਗੀਆਂ ਕਿਤਾਬਾਂ ਪੜ੍ਹਨਗੇ, ਬਹੁਤ ਸਾਰੇ ਨਵੇਂ ਖ਼ਿਆਲਾਂ ਤੇ ਵਿਚਾਰਾਂ ਨਾਲ਼ ਲੈਸ ਹੋ ਕੇ ਉਹ ਸਮਾਜ ਦੀ ਅਗਵਾਈ ਕਰਨਗੇ। ਜਦ ਤੱਕ ਅਨਪੜ੍ਹ ਲੋਕ ਸਾਡੀ ਅਗਵਾਈ ਕਰਦੇ ਰਹਿਣਗੇ, ਸਦੀਆਂ ਪੁਰਾਣੇ ਸੰਸਕਾਰ ਸਾਡੇ 'ਤੇ ਥੋਪਦੇ ਰਹਿਣਗੇ, ਅਸੀਂ ਤਰੱਕੀ ਨਹੀਂ ਕਰ ਸਕਦੇ। ਸੜਕਾਂ ਬਣਨੀਆਂ, ਪੁਲਾਂ ਦਾ ਨਿਰਮਾਣ ਹੋਣਾ, ਨਵੇਂ ਤੇ ਵੱਡੇ ਏਅਰਪੋਰਟ ਬਣਨੇ ਤਰੱਕੀ ਨਹੀਂ ਹੁੰਦੀ। ਜਦ ਤੱਕ ਅਸੀਂ ਬੌਧਿਕ ਵਿਕਾਸ ਨਹੀਂ ਕਰਦੇ, ਚੰਗਾ ਸਾਹਿਤ ਨਹੀਂ ਪੜ੍ਹਦੇ, ਮਾਨਵੀ ਕਦਰਾਂ ਕੀਮਤਾਂ ਨਹੀਂ ਅਪਣਾਉਂਦੇ, ਇੱਕ ਸੁਲਝੇ ਹੋਏ ਸਮਾਜ ਦੀ ਸਿਰਜਣਾ ਨਹੀਂ ਕਰ ਸਕਾਂਗੇ। ਕੁਝ ਪਿੰਡਾਂ ਵਾਲਿਆਂ, ਖਾਸ ਕਰਕੇ ਮਾਲਵੇ ਦੇ ਪਿੰਡਾਂ ਨੇ ਵਿਦੇਸ਼ੀ ਵਸਦੇ ਦੋਸਤਾਂ ਦੀ ਮਦਦ ਨਾਲ਼ ਲਾਇਬ੍ਰੇਰੀਆਂ ਖੋਲ੍ਹੀਆਂ ਹਨ। ਇਹ ਇੱਕ ਸਿਹਤਮੰਦ ਵਰਤਾਰਾ ਹੈ। ਸਕੂਲਾਂ ਵਿਚ ਲਾਇਬ੍ਰੇਰੀਆਂ ਨੂੰ ਵਿਕਸਤ ਕਰਨ ਲਈ ਹਰ ਸਕੂਲ ਨੂੰ ਇੱਕ ਲਾਇਬ੍ਰੇਰੀਅਨ ਦੀ ਸਥਾਈ ਪੋਸਟ ਦੇਣੀ ਜ਼ਰੂਰੀ ਹੋਣੀ ਚਾਹੀਦਾ ਹੈ। ਪਿੰਡ-ਪਿੰਡ ਠੇਕੇ ਖੋਲ੍ਹਣ ਨਾਲੋਂ ਲਾਇਬ੍ਰੇਰੀਆਂ ਖੋਲ੍ਹਣ ਵੱਲ ਧਿਆਨ ਦੇਣਾ ਚਾਹੀਦਾ ਹੈ। ਜੋ ਚੀਜ਼ ਤੁਹਾਡੇ ਸਾਹਮਣੇ ਪਰੋਸੀ ਜਾਵੇਗੀ, ਤੁਸੀਂ ਉਸੇ ਦੇ ਆਦੀ ਹੋ ਜਾਵੋਗੇ। ਲੋਕਾਂ ਸਾਹਮਣੇ ਲਾਇਬ੍ਰੇਰੀਆਂ ਪਰੋਸ ਕੇ ਵੇਖੋ, ਸਾਡਾ ਸਮਾਜ ਇੱਕ ਸੁਧਰੇ ਹੋਏ ਨਕਸ਼ਾਂ ਵਾਲਾ ਸਮਾਜ ਬਣ ਜਾਵੇਗਾ। ਇਹ ਬਿਨਾਂ ਕਿਸੇ ਰੌਲ਼ੇ ਦੇ ਹੋਇਆ ਸਿਹਤਮੰਦ ਪਰਿਵਰਤਨ ਹੋਵੇਗਾ। ਲਾਇਬ੍ਰੇਰੀਆਂ ਦਾ ਹੋਣਾ ਅਤੇ ਸਾਡੇ ਅੰਦਰ ਇਸਦਾ ਅਹਿਸਾਸ ਹੋਣਾ ਬਹੁਤ ਜ਼ਰੂਰੀ ਹੈ। ਦਾਨ-ਪੁੰਨ ਕਰਨ ਵਾਲੇ ਲੋਕਾਂ ਨੂੰ ਵੀ ਲਾਇਬ੍ਰੇਰੀ ਕਲਚਰ ਪੈਦਾ ਕਰਨ ਲਈ ਦਸਵੰਧ ਕੱਢਣਾ ਚਾਹੀਦਾ ਹੈ। ਪਿੰਡ ਦੀ ਨੌਜਵਾਨ ਪੀੜ੍ਹੀ ਨੂੰ ਹੋਰ ਅਲਾਮਤਾਂ ਤੋਂ ਬਚਾਉਣ ਲਈ ਲਾਇਬ੍ਰੇਰੀ ਕਲਚਰ ਜ਼ਰੂਰ ਸਹਾਈ ਹੋਵੇਗਾ ਤੇ ਅਖੀਰ ਵਿਚ ਕਿਸੇ ਅਗਿਆਤ ਦੀ ਨਸੀਹਤ ਕਿ ਮੀਟਿੰਗ 'ਤੇ ਜਾਣ ਵੇਲੇ, ਪਾਰਕ ਵਿਚ ਸੈਰ ਕਰਨ ਵੇਲ਼ੇ ਜਾਂ ਕਿਸੇ ਹੋਰ ਵੇਲ਼ੇ ਕਿਤਾਬ ਤੁਹਾਡੇ ਕੋਲ਼ ਹੋਣੀ ਚਾਹੀਦੀ ਹੈ। ਜ਼ਰੂਰੀ ਨਹੀਂ ਕਿ ਤੁਸੀਂ ਉਹ ਕਿਤਾਬ ਪੜ੍ਹਨੀ ਹੈ, ਕਿਤਾਬ ਤੁਹਾਡੇ ਕੋਲ਼ ਹੋਵੇ, ਇਹ ਹੀ ਕਾਫ਼ੀ ਹੈ।

# ਕੈਨੇਡਾ, ਪਰਵਾਸ ਤੇ ਪੰਜਾਬੀ ਭਾਈਚਾਰਾ

**ਸੁਰਖ਼ੀਆਂ 'ਚ ਕੈਨੇਡਾ** : ਬਰੈਂਪਟਨ (ਕੈਨੇਡਾ) ਵਿਚ ਛਪਦੀਆਂ ਅਖ਼ਬਾਰਾਂ ਵਿਚ ਪਹਿਲੇ ਪੰਨੇ 'ਤੇ ਮੋਟੀ ਸੁਰਖੀ ਛਪਦੀ ਹੈ ਜਿਸ ਅਨੁਸਾਰ ਪੁਲਿਸ ਨੇ ਤਿੰਨ ਪੰਜਾਬੀ ਮੁੰਡਿਆਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿਚ ਕਾਬੂ ਕੀਤਾ ਹੈ। ਤਿੰਨਾਂ ਦੇ ਨਾਵਾਂ ਪਿੱਛੇ ਪ੍ਰੀਤ ਲੱਗਦਾ ਹੈ। ਇਹ ਖ਼ਬਰ ਪੜ੍ਹ ਕੇ ਅਸੀਂ ਆਚੰਭਿਤ ਨਹੀਂ ਹੁੰਦੇ। ਇਹ ਖ਼ਤਰਨਾਕ ਵਰਤਾਰਾ ਹੈ। ਜਦ ਅਜਿਹੀਆਂ ਘਟਨਾਵਾਂ ਸਾਨੂੰ ਹੈਰਾਨ ਨਾ ਕਰਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੀਵਨ ਦੀਆਂ ਬੇ ਤਰਤੀਬੀਆਂ ਨਾਲ਼ ਸਮਝੌਤਾ ਕਰ ਲਿਆ ਹੈ। ਸਮਾਜ ਵਿਚ ਗਲਤ ਹੋ ਵਾਪਰ ਰਹੇ ਦੇ ਨਤੀਜਿਆਂ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਅਸੀਂ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਹੇ ਹਾਂ। ਅਜਿਹਾ ਓਦੋਂ ਵੀ ਵਾਪਰਦਾ ਹੈ ਜਦੋਂ ਸਾਡੇ ਆਸ ਪੜੋਸ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੁੰਦਾ ਹੈ, ਪਰਿਵਾਰ ਬਿਖਰ ਰਹੇ ਹੁੰਦੇ ਹਨ, ਜਵਾਨ ਲੜਕੇ ਮਰ ਰਹੇ ਹੁੰਦੇ ਹਨ ਤੇ ਅਸੀਂ ਚੁੱਪ ਰਹਿੰਦੇ ਹਾਂ। ਅਜਿਹਾ ਚੋਣਾਂ ਵਿਚ ਹਰ ਵਾਰ ਕਿਸੇ ਕਾਤਲ, ਬਲਾਤਕਾਰੀ, ਗੁੰਡੇ, ਬਦਮਾਸ਼ ਤੇ ਭ੍ਰਿਸ਼ਟ ਦਾ ਵੱਡੇ ਫਰਕ ਨਾਲ ਚੋਣਾਂ ਜਿੱਤਣ ਤੋਂ ਬਾਅਦ ਸੰਸਦ ਵਿਚ ਪਹੁੰਚਣ ਵੇਲੇ ਵੀ ਵਾਪਰਦਾ ਹੈ। ਇਹ ਘਟਨਾਵਾਂ ਆਪਣੀ ਸੂਲ਼ੀ ਦਾ ਆਪਣੇ ਹੱਥੀਂ ਪ੍ਰਬੰਧ ਕਰਨਾ ਹੁੰਦਾ ਹੈ। ਪਰਵਾਸ ਕਰਕੇ ਬਿਹਤਰ ਜੀਵਨ ਹਾਲਤਾਂ ਲਈ ਦੂਜੇ ਦੇਸ਼ ਵਿਚ ਅਜਿਹੀਆਂ ਕਰਤੂਤਾਂ ਡੂੰਘੀ ਸੋਚ ਵਿਚਾਰ ਮੰਗਦੀਆਂ ਹਨ। ਕੈਨੇਡਾ ਵਿਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਵਾਹੀ ਖੇਤੀ ਕਿਰਸਾਨੀ ਛੱਡ ਕੇ ਦੋ-ਮੰਜ਼ਲੀ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ ਲਈ ਤਰਲੋ ਮੱਛੀ ਹੋ ਰਹੇ ਹਾਂ। ਅਸੀਂ ਆਪਣੀਆਂ ਅਠਾਂਰਾਂ-ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ੇ ਚਾੜ੍ਹ ਰਹੇ ਹਾਂ? ਸ਼ਾਇਦ ਬਹੁਤ ਕੁਝ ਸੀ ਤੇ ਹੈ ਵੀ। ਪਰ ਸਾਡਾ ਵਿਹਾਰ ਤੇ ਚਾਲ-ਚੱਲਣ ਇਸ ਦੇ ਸਿਫਤੀ ਮੁਹਾਂਦਰੇ ਨੂੰ ਵਲੂੰਦਰ ਰਿਹਾ ਹੈ। ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ ਕਰਨ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਮਾਨ ਲੁੱਟ ਕੇ ਲੈ ਜਾਣ, ਸਟੋਰਾਂ ਦੀਆਂ ਟਰਾਲੀਆਂ ਵਿਚ ਗਰੋਸਰੀ ਦਾ ਸਮਾਨ ਲੱਦ ਕੇ ਆਪਣੇ ਘਰ ਤੱਕ ਲਿਜਾਕੇ ਟਰਾਲੀ ਕਿਸੇ ਗਲੀ ਸੜਕ ਕਿਨਾਰੇ ਲਵਾਰਿਸ ਛੱਡ ਦੇਣੀ, ਕਾਰਾਂ ਵਿਚ ਉੱਚੀ ਆਵਾਜ਼ ਵਿਚ ਗਾਣੇ ਲਾਉਣੇ ਤੇ ਪਲਾਜ਼ਿਆਂ,

ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿਚ ਗੇੜੇ ਲਾਉਣੇ, ਕੁੜੀਆਂ ਨੂੰ ਕਾਮੀ ਨਿਗਾਹਾਂ ਨਾਲ ਘੂਰਨਾ ਆਦਿ ਕਈ ਨਿੱਕੀਆਂ-ਨਿੱਕੀਆਂ ਗੱਲਾਂ ਹਨ ਜਿਨ੍ਹਾਂ ਦੇ ਨਤੀਜੇ ਵੱਡੇ ਨਿਕਲਣ ਵਾਲੇ ਹਨ। ਅਜਿਹੇ ਧੰਦਿਆਂ 'ਚ ਲੁਪਤ ਭਾਵੇਂ ਥੋੜ੍ਹੇ ਜਿਹੇ ਹਨ, ਪਰ ਸਮੁੱਚੇ ਭਾਈਚਾਰੇ ਦੇ ਮੱਥੇ 'ਤੇ ਕਲੰਕ ਦਾ ਦਾਗ ਲਾਉਣ ਲਈ ਬਥੇਰੇ ਹਨ।

**ਪੱਕੇ ਹੋਣ ਲਈ ਰਾਹ** : ਇਹ ਹੁਣ ਕੋਈ ਨਵੀਂ ਗੱਲ ਨਹੀਂ ਕਿ ਕੈਨੇਡਾ ਵਿਚ ਪਰਵਾਸੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਥੇ ਪੱਕੇ ਹੋਣ ਲਈ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਨੇੜੇ ਪੁੱਜ ਗਈ ਹੈ ਜਿਹਨਾਂ ਵਿਚ 10000 ਪੰਜਾਬੀ ਹਨ। ਅਸਾਇਲਮ (ਸ਼ਰਨ) ਕੈਨੇਡਾ ਵਿਚ ਪੱਕੇ ਹੋਣ ਦਾ ਇੱਕ ਰਾਹ ਹੈ। ਇਸਦੀ ਇਜਾਜ਼ਤ ਤਾਂ ਮਿਲਦੀ ਹੈ ਜੇਕਰ ਤੁਹਾਡੀ ਨਸਲ, ਧਰਮ, ਕੌਮੀਅਤ, ਜਾਂ ਰਾਜਨੀਤਕ ਵਿਚਾਰਾਂ ਕਾਰਣ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿਚ ਸਤਾਇਆ ਜਾ ਰਿਹਾ ਹੈ। ਤੁਹਾਡੇ ਉਪਰ ਅੱਤਿਆਚਾਰ ਹੋ ਰਿਹਾ ਹੈ ਜਾਂ ਹੋਣ ਦਾ ਡਰ ਹੈ। ਇਸ ਤੋਂ ਇਲਾਵਾ ਵਰਕ ਪਰਮਿਟ ਵੀ ਇੱਕ ਤਰੀਕਾ ਹੈ ਜਿਸ ਨਾਲ ਅਸੀਂ ਕੈਨੇਡਾ ਵਿਚ ਪੱਕੇ ਹੋਣ ਦੀ ਆਸ ਕਰ ਸਕਦੇ ਹਾਂ। ਵਿਦਿਆਰਥੀ ਵੀਜ਼ੇ ਉੱਪਰ ਕੈਨੇਡਾ ਆਏ ਜਾਂ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਗਾਤਾਰ ਵੱਧ ਰਹੀਆਂ ਹਨ। ਰਾਹ ਗਲੀ ਮਿਲਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜਦੋਂ ਜੌਬ ਦਾ ਪੁੱਛੀ ਦਾ ਤਾਂ ਬਹੁਤਿਆਂ ਦਾ ਜਵਾਬ ਹੁੰਦਾ ਕਿ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਮਿਲੀ ਨਹੀਂ। ਗਰੌਸਰੀ ਮਹਿੰਗੀ ਹੋ ਗਈ ਹੈ। ਰਹਿਣ ਲਈ ਬੇਸਮੈਂਟਾਂ ਦੇ ਕਿਰਾਏ ਵੱਧ ਗਏ ਹਨ। ਜ਼ੇਕਰ ਇਨ੍ਹਾਂ ਦੇ ਭਵਿੱਖ ਦੀ ਗੱਲ ਕਰੀਏ ਤਾਂ ਹਾਲਾਤ ਹੱਕ ਵਿਚ ਭੁਗਤਦੇ ਨਹੀਂ ਲੱਗਦੇ। ਪਰੈੱਸ ਦੇ ਇੱਕ ਹਿੱਸੇ ਦੀ ਖ਼ਬਰ ਹੈ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਵਿਚ ਨਹੀਂ ਰਹਿ ਸਕਦੇ। ਉਸ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਕੇ ਆਪਣੇ ਘਰ ਪਰਤ ਜਾਣ ਦੀ ਸਲਾਹ ਦਿੱਤੀ ਹੈ। ਅਫ਼ਵਾਹਾਂ ਵਰਗੀ ਖ਼ਬਰ ਇਹ ਵੀ ਹੈ ਕਿ ਕੈਨੇਡਾ ਸਰਕਾਰ ਵਰਕ ਪਰਮਿਟ ਦੇਣੇ ਬੰਦ ਕਰ ਰਹੀ ਹੈ। ਉਂਝ ਜਦੋਂ ਇਸ ਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਸਥਿਤੀ ਭਿੰਨ ਲੱਗਦੀ ਹੈ। ਵਿਦਿਆਰਥੀ ਵੀਜ਼ੇ 'ਤੇ ਆਏ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿਚ ਆਉਂਦੀ ਰਕਮ ਅਰਬਾਂ ਡਾਲਰ ਹੈ। ਇਸ ਦੇਸ਼ ਦੀ ਆਰਥਿਕਤਾ ਪਰਵਾਸੀਆਂ ਦੁਆਰਾ ਫੀਸ ਅਤੇ ਟੈਕਸ ਦੇ ਰੂਪ ਵਿਚ ਆਉਂਦੀ ਰਾਸ਼ੀ ਉਪਰ ਨਿਰਭਰ ਹੈ। ਕੁਝ ਵੀ ਹੋਵੇ ਹੁਣ ਦੇ ਵੇਲਿਆਂ ਵਿਚ ਹਰ ਹੈਸੀਅਤ ਦਾ ਪਰਵਾਸੀ ਸੰਕਟ ਵਿਚ ਹੈ। ਪਰਵਾਸ ਲਈ ਘਰੋਂ ਤੁਰਨਾ ਕਠਿਨ ਫੈਸਲਾ ਹੁੰਦਾ ਹੈ। ਰਿਵਰਸ ਪਰਵਾਸ ਹੋਰ ਵੀ ਕਠਿਨ ਤੇ ਨਿਰਾਸ਼ਾਜਨਕ ਹੁੰਦਾ ਹੈ। ਕੁਝ ਇਹ ਕਠਿਨ ਫੈਸਲਾ ਕਰ ਵਾਪਸ ਵੀ ਪਰਤ ਰਹੇ ਹਨ।

ਇਹ ਰੁਝਾਨ ਅਜੇ ਮੁਢਲੇ ਪੜਾਅ 'ਤੇ ਹੈ। ਫਿਰ ਵੀ ਸਥਿਤੀ ਦਾ ਮੁਲਾਂਕਣ ਕਰਨ ਲਈ ਬਹੁਤ ਹੈ। ਬਾਕੀਆਂ ਨੂੰ ਵੀ ਸੋਚਣ ਦੀ ਲੋੜ ਹੈ।

**ਚਾਹਵਾਨਾਂ ਦੀ ਲੁੱਟ** : ਵਿਜ਼ਟਰ ਵੀਜ਼ੇ 'ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿੱਕ ਜਾਣਾ ਚਾਹੁੰਦੇ ਹਨ। ਇਸ ਲਈ ਉਸ ਏਜੰਟਾਂ ਤੇ ਵਕੀਲਾਂ ਦੀ ਸ਼ਰਨ ਵਿਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਅਸਾਇਲਮ ਲਈ ਲਾ ਦਿੰਦੇ ਹਨ। ਫਾਈਲ ਨਾਲ਼ ਝੂਠੇ ਸੱਚੇ ਡਾਕੂਮੈਂਟਸ ਵਕੀਲ ਤਿਆਰ ਕਰ ਲੈਂਦੇ ਹਨ। ਅਸਾਇਲਮ ਮਿਲਣ 'ਤੇ ਬੰਦੇ ਨੂੰ ਰਿਫਊਜੀ ਦਾ ਸਟੇਟਸ ਮਿਲ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿਚ ਖ਼ਤਰਾ ਹੈ। ਇਥੇ ਕੈਨੇਡਾ ਵਿਚ ਪੱਕੇ ਹੋਣ ਲਈ ਆਪਣੇ ਦੇਸ਼ ਵਿਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ। ਬੱਸ ਸਟਾਪ 'ਤੇ ਮਿਲੀ ਲੜਕੀ ਦੱਸਦੀ ਹੈ ਕਿ ਮੇਰੇ ਕੋਲ਼ ਵਰਕ ਪਰਮਿਟ ਹੈ ਪਰ ਵਰਕ ਨਹੀਂ। ਕੈਨੇਡਾ ਦੇ ਚਾਹਵਾਨਾਂ ਨਾਲ਼ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ। ਇੱਕ ਸ਼ੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਖੁੱਲ ਕੇ ਗੱਲ ਕਰਨ ਦਾ ਮੌਕਾ ਦਿੱਤਾ ਤਾਂ ਬਹੁਤ ਸਾਰੀਆਂ ਗੱਲਾਂ ਦਾ ਓਹਲਾ ਰੱਖ ਕੇ ਲੜਕੀਆਂ ਨੇ ਦੱਸਿਆ ਕਿ ਜੌਬ ਦੇਣ ਬਦਲੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਨੂੰ ਕਿਹਾ ਜਾਂਦਾ ਹੈ ਜਿਸ ਦਾ ਜ਼ਿਕਰ ਉਹ ਇਥੇ ਨਹੀਂ ਕਰ ਸਕਦੀਆਂ। ਇੱਕ ਲੜਕੀ ਨੂੰ ਮਸਾਜ਼ ਕਰਨ ਦੀ ਨੌਕਰੀ ਦੀ ਪੇਸ਼ਕਸ ਕੀਤੀ ਗਈ। ਉਹ ਮਸਾਜ਼ ਦੇ ਅਰਥ ਸਮਝਦੀ ਸੀ। ਪੇਸ਼ਕਸ਼ ਠੁਕਰਾਅ ਕੇ ਆ ਗਈ। ਇੱਕ ਹੋਰ ਨੂੰ ਸ਼ਰਾਬ ਵਰਤਾਉਣ ਦੀ ਜੌਬ ਦੇਣ ਵੇਲੇ ਸ਼ਰਤ ਸੀ ਕਿ ਕੱਪੜੇ ਛੋਟੇ ਪਹਿਨਣੇ ਹਨ ਅਤੇ ਖ਼ੁਦ ਸ਼ਰਾਬ ਦਾ ਸੇਵਨ ਕਰਨਾ ਹੈ ਤਾਂ ਜੋ ਗਾਹਕ ਨੂੰ ਉਸਦੇ ਸਵਾਦ ਬਾਰੇ ਦੱਸਿਆ ਜਾਵੇ। ਉਸ ਨੂੰ ਵੀ ਜੌਬ ਠੁਕਰਾਉਣੀ ਠੀਕ ਲੱਗੀ। ਇਹ ਸਮਝ ਤੇ ਇਰਾਦਾ ਹਰ ਕਿਸੇ ਕੋਲ਼ ਨਹੀਂ ਹੁੰਦਾ। ਕਿਸੇ ਸਵੀਕਾਰ ਵੀ ਕਰ ਲਿਆ ਹੋਵੇਗਾ। ਇੰਝ ਕੁਝ ਹੋਰ ਵਿਦਿਆਰਥੀਆਂ ਨੇ ਆਪਣੇ ਮੁੱਢਲੇ ਦਿਨਾਂ ਦੇ ਸੰਘਰਸ਼ ਦੀਆਂ ਲੂੰ ਕੰਡੇ ਖੜੇ ਕਰਨ ਵਾਲੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸੈਸ਼ਨ ਦੌਰਾਨ ਮੈਨੂੰ ਇਹ ਸਮਝ ਆਈ ਕਿ ਸਾਨੂੰ ਵੱਧ ਤੋਂ ਵੱਧ ਅਜਿਹੇ ਮੰਚ ਮੁਹੱਈਆ ਕਰਵਾਉਣੇ ਚਾਹੀਦੇ ਹਨ ਜਿੱਥੇ ਉਹ ਆਪਣੇ ਸੰਘਰਸ਼ ਦੀ ਗੱਲ ਕਰਦਿਆਂ ਆਉਂਦੀਆਂ ਮੁਸ਼ਕਿਲਾਂ ਬਾਰੇ ਗੱਲ ਕਰ ਸਕਣ। ਇੰਝ ਹੋਰਾਂ ਅਤੇ ਨਵਿਆਂ ਨੂੰ ਲੋੜੀਂਦਾ ਗਿਆਨ ਮਿਲ ਸਕਦਾ ਹੈ ਜਿਸ ਨਾਲ ਉਹ ਆਉਣ ਵਾਲੀਆਂ ਚੁਣੌਤੀਆਂ ਨਾਲ਼ ਨਜਿੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਸਕਦੇ ਹਨ।

**ਕੁਲ ਮਿਲਾਕੇ** : ਕੈਨੇਡਾ ਚੰਗਾ ਮੁਲਕ ਹੈ। ਪੌਣ, ਪਾਣੀ ਤੇ ਭੋਇੰ ਨੂੰ ਸੰਭਾਲਿਆ ਹੈ। ਲੋਕ ਨਿਯਮਾਂ ਦਾ ਪਾਲਣ ਕਰਦੇ ਹਨ। ਆਪਣੇ ਕਿਸੇ ਕੰਮ ਲਈ ਦਫ਼ਤਰਾਂ ਵਿਚ ਖੱਜਲ ਖੁਆਰ ਨਹੀਂ ਹੋਣਾ ਪੈਂਦਾ। ਪਰ ਮੰਦੀ ਦਾ ਦੌਰ ਚੱਲ ਰਿਹਾ

ਹੈ। ਨਵੇਂ ਆਏ ਵਿਦਿਆਰਥੀਆਂ ਨੂੰ ਤੇ ਕਈ ਪੁਰਾਣਿਆਂ ਨੂੰ ਵੀ ਜੌਬ ਨਹੀਂ ਮਿਲ ਰਹੀ। ਵਿਆਜ ਦਰਾਂ ਵੱਧਣ ਕਾਰਨ ਘਰ ਖਰੀਦਣੇ ਔਖੇ ਹੋ ਗਏ ਹਨ। ਜਿਉਣਾ ਮਹਿੰਗਾ ਹੋ ਗਿਆ ਹੈ। ਅਜਿਹੇ 'ਚ ਤਹੱਮਲ ਰੱਖਣ ਦੀ ਲੋੜ ਹੈ। ਪਰਵਾਸੀ ਜਿਹੜੇ ਸਿਸਟਮ ਦੇ ਮੇਚ ਨਹੀਂ ਆਉਂਦੇ, ਸਰਕਾਰ ਦੀ ਅੱਖ 'ਚ ਰੜਕਦੇ ਹਨ। ਸਟੱਡੀ ਵੀਜ਼ੇ 'ਤੇ ਆਇਆਂ ਨੂੰ ਪੀ.ਆਰ ਨਾ ਦੇਣ ਦੇ ਫੈਸਲੇ ਵਰਗੇ ਹੋਰ ਕਠਿਨ ਫੈਸਲੇ ਵੀ ਆ ਸਕਦੇ ਹਨ। ਪਰਵਾਸੀਆਂ ਤੇ ਖਾਸ ਕਰਕੇ ਪੰਜਾਬੀ ਪਰਵਾਸੀਆਂ ਨੂੰ ਸੋਚਣ ਦੀ ਲੋੜ ਹੈ। ਨਹੀਂ ਤਾਂ ਕੈਨੇਡਾ ਹੱਥਾਂ 'ਚੋਂ ਤਿਲਕ ਜਾਵੇਗਾ।

# ਫੁੱਲਾਂ ਦਾ ਸ਼ਹਿਰ ਬਰੈਂਪਟਨ

ਬਰੈਂਪਟਨ ਵਿਚ ਇਹ ਮੇਰੀ ਦੂਜੀ ਫੇਰੀ ਹੈ। ਪਹਿਲੀ ਵਾਰ ਇਸ ਸ਼ਹਿਰ ਨੇ ਮੈਨੂੰ ਚਕ੍ਰਿਤ ਕੀਤਾ ਸੀ। ਇਸ ਵਾਰ ਸਹਿਜ ਹਾਂ। ਸਹਿਜ ਹੋਇਆਂ ਹੀ ਸੁਹਜ ਨਾਲ ਯਥਾਰਥਿਕ ਸੰਵਾਦ ਸੰਭਵ ਹੁੰਦਾ ਹੈ। ਇਹ ਸ਼ਹਿਰ ਕੈਨੇਡਾ ਦੇ ਪ੍ਰਾਂਤ ਓਨਟਾਰੀਓ ਦੇ ਪ੍ਰਮੁੱਖ ਸ਼ਹਿਰ ਟੋਰਾਂਟੋ ਦੀ ਬੁੱਕਲ ਵਿੱਚ ਸਾਂਭਿਆ ਆਧੁਨਿਕ ਕਸਬਾ ਹੈ। ਇਸਦਾ ਇਹ ਨਾਂ ਇੰਗਲੈਂਡ ਦੇ ਕਸਬੇ ਬਰੈਂਪਟਨ ਤੋਂ ਪਿਆ। ਇਸ ਨੂੰ ਕੈਨੇਡਾ ਦਾ ਫਲਾਵਰ ਟਾਊਨ ਵੀ ਕਿਹਾ ਜਾਂਦਾ ਹੈ। ਅਜਿਹਾ ਇਥੇ ਬਹੁਤ ਸਾਰੀ ਗਰੀਨ ਹਾਊਸ ਇੰਡਸਟਰੀ ਹੋਣ ਕਰਕੇ ਹੈ। ਇਥੋਂ ਦੀਆਂ ਪਾਰਕਾਂ, ਝੀਲਾਂ ਤੇ ਹੋਰ ਪਬਲਿਕ ਥਾਵਾਂ 'ਤੇ ਲੱਗੇ ਸਾਈਨ ਬੋਰਡਾਂ ਉਪਰ ਸਿਟੀ ਆਫ਼ ਫਲਾਵਰ ਲਿਖਿਆ ਹੈ। ਘਰਾਂ ਦੇ ਬਾਹਰ ਅਤੇ ਹੋਰ ਪਬਲਿਕ ਥਾਵਾਂ 'ਤੇ ਖੁਬਸੂਰਤ ਫੁੱਲ ਵੇਖਣ ਨੂੰ ਮਿਲਦੇ ਹਨ। ਇਹ ਪੰਜਾਬੀਆਂ ਦੇ ਨੱਕ 'ਤੇ ਚੜ੍ਹਿਆ ਖੂਬਸੂਰਤ ਸ਼ਹਿਰ ਵੀ ਹੈ। ਇਹ ਨਵਾਂ ਆਬਾਦ ਹੋ ਰਿਹਾ ਪੰਜਾਬ ਵੀ ਹੈ। ਚੜ੍ਹਦੇ ਲਹਿੰਦੇ ਪੰਜਾਬ ਤੋਂ ਬਾਅਦ ਇਸ ਨੂੰ ਤੀਜਾ ਪੰਜਾਬ ਵੀ ਕਿਹਾ ਜਾ ਸਕਦਾ ਹੈ। ਰਾਜਨੀਤਕ ਖੇਤਰ ਵਿੱਚ ਵੀ ਇਥੇ ਪੰਜਾਬੀਆਂ ਦਾ ਕਬਜਾ ਹੈ। ਪਿਛਲੀ ਸਰਕਾਰ ਵਿੱਚ ਇਥੋਂ ਦੇ ਚਾਰੇ ਐਮ.ਪੀ. ਪੰਜਾਬੀ ਸਨ। ਹੁਣੇ ਹੋਈਆਂ ਚੋਣਾ ਵਿੱਚ ਇਹ ਕਾਰਗੁਜ਼ਾਰੀ ਦੁਹਰਾਈ ਗਈ ਹੈ। ਵਪਾਰਕ ਅਦਾਰਿਆਂ ਵਿੱਚ ਵੀ ਪੰਜਾਬੀਆਂ ਦਾ ਦਬਦਬਾ ਹੈ। ਇਥੋਂ ਦੇ ਮੀਡੀਆ, ਆਰਟ, ਸਪੋਰਟਸ ਤੇ ਮਿਊਜ਼ਿਕ ਵਿਚ ਪੰਜਾਬੀਆਂ ਦਾ ਵੱਡਾ ਯੋਗਦਾਨ ਹੈ। ਦਰਜਨ ਤੋਂ ਵੱਧ ਹਫ਼ਤਾਵਾਰੀ ਪੰਜਾਬੀ ਅਖ਼ਬਾਰਾਂ ਇੱਥੋਂ ਛੱਪਦੀਆਂ ਹਨ। ਸਿੱਖ ਸਪੋਕਸਮੈਨ, ਪਰਵਾਸੀ, ਪੰਜਾਬੀ ਆਵਾਜ਼, ਹਮਦਰਦ, ਅਜੀਤ, ਪੰਜਾਬ ਸਟਾਰ, ਪੰਜਾਬੀ ਆਵਾਜ਼ ਆਦਿ ਕੁਝ ਪ੍ਰਮੁੱਖ ਅਖ਼ਬਾਰਾਂ ਹਨ। ਏਨੀਆਂ ਕੁ ਪੰਜਾਬੀ ਸਾਹਿਤ ਸਭਾਵਾਂ ਸਰਗਰਮ ਹਨ। ਪੰਜਾਬੀ ਕਲਮਾਂ ਦਾ ਕਾਫਲਾ ਸਭ ਤੋਂ ਪੁਰਾਣੀ ਸਾਹਿਤ ਸਭਾ ਹੈ, ਕੋਈ ਛੱਬੀ ਸਾਲ ਪੁਰਾਣੀ। ਕਹਾਣੀਕਾਰ ਜਰਨੈਲ ਸਿੰਘ, ਉਕਾਂਰਪ੍ਰੀਤ, ਕਥਾਕਾਰ ਵਰਿਆਮ ਸਿੰਘ ਸੰਧੂ, ਪ੍ਰਿੰਸੀਪਲ ਸਰਵਣ ਸਿੰਘ, ਪ੍ਰੋ.ਜਗੀਰ ਸਿੰਘ ਕਾਹਲੋਂ, ਪਰਮਜੀਤ ਦਿਓਲ ਸਮੇਤ ਬਹੁਤ ਸਾਰੇ ਨਾਮੀ ਲੇਖਕ ਇਸ ਸੰਸਥਾ ਦੇ ਅਹੁਦੇਦਾਰ ਹਨ। ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਇੱਕ ਹੋਰ ਸਰਗਰਮ ਸੰਸਥਾ ਹੈ ਜਿਸ ਵਿੱਚ ਕਵਿਤਰੀ ਸੁਰਜੀਤ ਤੋਂ ਇਲਾਵਾ ਸੁਖਦੇਵ ਸਿੰਘ ਝੰਡ, ਕਰਨ ਅਜਾਇਬ ਸਿੰਘ ਸੰਘਾ, ਪਰਮਜੀਤ ਢਿੱਲੋਂ, ਤਲਵਿੰਦਰ ਮੰਡ ਆਦਿ ਮੈਂਬਰ ਹਨ। ਲਿਟਰੇਰੀ ਰਿਫਲੈਕਸ਼ਨਜ, ਅਸੀਸ ਮੰਚ, ਰਾਮਗੜ੍ਹੀਆ ਸਾਹਿਤ ਸਭਾ ਸਮੇਤ ਕੁਝ

ਅਖਬਾਰਾਂ ਦੀਆਂ ਆਪਣੀਆਂ ਸਭਾਵਾਂ ਵੀ ਹਨ। ਇਹ ਸਾਰੀਆਂ ਸਭਾਵਾਂ ਮਹੀਨਾਵਾਰ ਆਪਣੀਆਂ ਮੀਟਿੰਗਾਂ ਕਰਦੀਆਂ ਹਨ। ਬਹੁਤ ਸਾਰੇ ਟੀ.ਵੀ.ਚੈਨਲ ਤੇ ਰੇਡੀਓ ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ, ਲੋੜਾਂ ਦੇ ਨਾਲ-ਨਾਲ ਲੋੜੀਂਦੀ ਜਾਣਕਾਰੀ ਵੀ ਮੁਹੱਈਆ ਕਰਵਾਉਂਦੇ ਹਨ। ਲੇਖਕਾਂ, ਕਲਾਕਾਰਾਂ ਤੇ ਪੰਜਾਬੋਂ ਗਏ ਸਾਹਿਤਕਾਰਾਂ ਨਾਲ ਮੁਲਾਕਾਤਾਂ ਕਰਕੇ ਲਾਈਵ ਟੈਲੀਕਾਸਟ, ਬਰਾਡਕਾਸਟ ਕਰਦੇ ਰਹਿੰਦੇ ਹਨ। ਉਨ੍ਹਾਂ ਨੂੰ ਬਣਦਾ ਸਤਿਕਾਰ ਦਿੱਤਾ ਜਾਂਦਾ ਹੈ।

**ਬਰੈਂਪਟਨ ਦਾ ਕੁਦਰਤੀ ਸੁਹੱਪਣ ਝੀਲਾਂ:** ਬਰੈਂਪਟਨ ਵਿੱਚ ਬਹੁਤ ਸਾਰੀਆਂ ਝੀਲਾਂ ਅਤੇ ਛੱਪੜ ਹਨ। ਇਹ ਸਾਰੀਆਂ ਝੀਲਾਂ ਅਤੇ ਛੱਪੜ ਸੰਘਣੇ ਬਿਰਖਾਂ ਨਾਲ ਘਿਰੇ ਹਨ। ਜੰਗਲ ਅੰਦਰ ਘਿਰੇ ਹਰੇ ਪਾਣੀਆਂ ਦਾ ਆਪਣਾ ਸੁਹੱਪਣ ਹੈ। ਪਾਣੀ ਉਪਰ ਤੈਰਦੀਆਂ ਬੱਤਖਾਂ ਦੀ ਆਵਾਜ਼ ਜਦ ਰੁੱਖਾਂ ਵਿੱਚ ਦੀ ਝਰ ਕੇ ਸੁਣਦੀ ਹੈ ਤਾਂ ਇੰਝ ਲੱਗਦਾ ਹੈ ਜਿਵੇਂ ਉਹ ਤੁਹਾਨੂੰ ਬੁਲਾ ਰਹੀਆਂ ਹੋਣ। ਇਥੇ ਸੈਰ ਕਰਦੇ ਲੋਕਾਂ ਦਾ ਸਾਰਾ ਤਣਾਅ ਇਨ੍ਹਾਂ ਪਾਣੀਆਂ 'ਚ ਘੁਲ ਜਾਂਦਾ ਹੈ। ਸ਼ੁੱਧ ਵਾਤਾਵਰਣ ਵਿੱਚ ਦੁਬਕੀ ਬੈਠੀ ਚੁੱਪ ਤੁਹਾਡੇ ਅੰਦਰ ਸੁੱਤੀ ਕਵਿਤਾ ਨੂੰ ਹਲੂਣਦੀ ਹੈ। ਬੋਝਲ ਕਦਮਾਂ ਨਾਲ ਘਰੋਂ ਨਿਕਲੇ ਕਵੀ ਕੋਲ ਵਾਪਸੀ ਵੇਲੇ ਕਦਮਾਂ 'ਚ ਫੁਰਤੀ ਤੇ ਬੋਝੇ 'ਚ ਕਵਿਤਾ ਹੁੰਦੀ ਹੈ। ਏਨਾ ਸ਼ੁੱਧ ਪਾਣੀ ਆਖਰ ਕਿੱਥੋਂ ਆਉਂਦਾ ਹੈ, ਜਾਨਣਾ ਚਾਹਿਆ ਤਾਂ ਪਤਾ ਲੱਗਾ ਕਿ ਝਰਨੇ, ਦਰਿਆ ਤੇ ਬਾਰਿਸ਼ਾਂ ਇਨ੍ਹਾਂ ਝੀਲਾਂ ਛੱਪੜਾਂ ਦੇ ਪਾਣੀ ਦਾ ਸਰੋਤ ਹਨ। ਵਡੱਤਣ ਤਾਂ ਇਸ ਪਾਣੀ ਦੀ ਸੰਭਾਲ ਹੈ। ਹਰ ਝੀਲ ਦੇ ਪਾਣੀ ਦਾ ਇੱਕ ਲੈਵਲ ਨਿਸ਼ਚਿਤ ਹੈ। ਵੱਧ ਪਾਣੀ ਅਗਾਂਹ ਵਗਦਾ ਰਹਿੰਦਾ ਹੈ ਤੇ ਅਖੀਰ ਦਰਿਆ ਤੇ ਫਿਰ ਸਮੁੰਦਰ ਵਿੱਚ ਜਾ ਡਿੱਗਦਾ ਹੈ। ਇਥੇ ਕੈਨੇਡਾ ਵਿੱਚ ਜ਼ਮੀਨ ਹੇਠਲੇ ਪਾਣੀ ਦੀ ਵਰਤੋਂ ਨਹੀਂ ਕੀਤੀ ਜਾਂਦੀ। ਧਰਤੀ ਉੱਪਰਲਾ ਪਾਣੀ ਹੀ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਤਾਂ ਨਜਾਇਜ਼ ਕਬਜਿਆਂ ਨੇ ਛੱਪੜਾਂ ਦੀ ਹੋਂਦ ਹੀ ਖਤਮ ਕਰ ਦਿੱਤੀ ਹੈ।

**ਪਾਰਕਾਂ ਦਾ ਸੁਹੱਪਣ:** ਬਰੈਂਪਟਨ ਵਿਚਲੀਆਂ ਪਾਰਕਾਂ ਦਾ ਆਪਣਾ ਸੁਹੱਪਣ ਹੈ। ਇਹ ਸੁਹੱਪਣ ਘਾਹ ਤੋਂ ਲੈ ਕੇ ਵਿਸ਼ਾਲ ਬਿਰਖਾਂ ਦੀ ਟੀਸੀ ਤਕ ਫੈਲੀ ਹਰਿਆਵਲ ਕਰਕੇ ਹੈ। ਘਾਹ ਦੀ ਸੁੰਦਰ ਕਟਾਈ, ਬੂਟਿਆਂ, ਪੌਦਿਆਂ ਦਾ ਰੱਖ-ਰਖਾਵ ਤੇ ਸਫਾਈ ਇਨ੍ਹਾਂ ਪਾਰਕਾਂ ਦੀ ਖੂਬਸੂਰਤੀ ਨੂੰ ਕਾਵਿਕ ਨੁਹਾਰ ਦਿੰਦੀ ਹੈ। ਵੱਡੀਆਂ ਪਾਰਕਾਂ ਵਿੱਚ ਖੇਡ ਦੇ ਇੱਕ ਤੋਂ ਵੱਧ ਮੈਦਾਨ ਹਨ। ਵੀਕ ਐਂਡ 'ਤੇ ਇਨ੍ਹਾਂ ਮੈਦਾਨਾਂ ਵਿੱਚ ਨੌਜਵਾਨ ਫੁੱਟਬਾਲ ਖੇਡਦੇ ਹਨ। ਇਨ੍ਹਾਂ ਨੌਜਵਾਨਾਂ ਵਿੱਚ ਬਹੁਤੇ ਪੰਜਾਬੀ ਹੁੰਦੇ ਹਨ। ਇਨ੍ਹਾਂ ਨੂੰ ਖੇਡਦੇ ਵੇਖ ਲੱਗਦਾ ਹੈ ਜਿਵੇਂ ਚਿੱਟੇ ਦੇ ਝੰਬੇ ਪੰਜਾਬ ਵਿੱਚ ਮੁੜ ਜਾਨ ਪੈ ਰਹੀ ਹੋਵੇ। ਸੀਨੀਅਰ ਸਿਟੀਜ਼ਨ ਵਾਸਤੇ ਇਹ ਪਾਰਕਾਂ ਵਰਦਾਨ ਹਨ। ਸੈਰ ਕਰਨ ਤੋਂ ਇਲਾਵਾ ਉਹ ਇਥੇ ਪੰਜਾਬ ਦੀ

ਸਿਆਸਤ ਸਮੇਤ ਅਨੇਕਾਂ ਵਿਸ਼ਿਆਂ 'ਤੇ ਸੰਵਾਦ ਰਚਾਉਂਦੇ ਹਨ। ਪੱਤਝੜ ਦੇ ਦਿਨਾਂ ਵਿੱਚ ਇਥੇ ਰੁੱਖਾਂ ਦੇ ਪੱਤੇ ਬਹੁਰੰਗੇ ਹੋ ਜਾਂਦੇ ਹਨ। ਪਾਰਕਾਂ ਦੀ ਖੂਬਸੂਰਤੀ ਨੂੰ ਜਿਵੇਂ ਚਾਅ ਚੜ੍ਹ ਜਾਂਦਾ ਹੈ।

**ਬਰੈਂਪਟਨ ਵਿਚਲੇ ਗੁਰਦੁਆਰੇ ਤੇ ਮੰਦਿਰ:** ਤੁਸੀਂ ਬਰੈਂਪਟਨ ਦੇ ਕਿਸੇ ਵੀ ਕੋਨੇ ਵਿੱਚ ਵੱਸਦੇ ਹੋਵੋ, ਗੁਰਦੁਆਰਾ ਤੁਹਾਡੇ ਘਰ ਤੋਂ ਬਹੁਤੀ ਦੂਰ ਨਹੀਂ ਹੈ। ਬਰੈਂਪਟਨ ਵਿੱਚ ਦਸ ਵੱਡੇ ਗੁਰਦੁਆਰੇ ਹਨ, ਵਿਸ਼ਾਲ ਇਮਾਰਤਾਂ ਤੇ ਖੁੱਲੀ ਡੁੱਲੀ ਪਾਰਕਿੰਗ। ਭਾਈਚਾਰੇ ਦੇ ਜੁੜ ਬੈਠਣ ਦੀ ਥਾਂ ਜਿੱਥੇ ਉਹ ਕਥਾ ਕੀਰਤਨ ਵੀ ਸੁਣਦੇ ਹਨ, ਆਪੋ ਵਿੱਚ ਵੀ ਮਿਲਦੇ ਤੇ ਦੁੱਖ-ਸੁੱਖ ਸਾਂਝੇ ਕਰਦੇ ਹਨ। ਛੋਟੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਅਤੇ ਸਿੱਖ ਧਰਮ ਨਾਲ ਜੋੜਨ ਲਈ ਹਫਤੇ ਵਿੱਚ ਦੋ ਦਿਨ ਕਲਾਸਾਂ ਵੀ ਲੱਗਦੀਆਂ ਹਨ। ਬਹੁਤ ਸਾਰੇ ਵਿਦਿਆਰਥੀ ਵੀ ਸਮਾਂ ਕੱਢ ਕੇ ਗੁਰਦਵਾਰੇ ਜਾਂਦੇ ਹਨ। ਕੁਝ ਬਜ਼ੁਰਗ ਤਾਂ ਸਾਰਾ ਦਿਨ ਗੁਰਦੁਆਰੇ ਹੀ ਬਿਤਾਉਂਦੇ ਹਨ। ਲੰਗਰ ਦੀ ਸੇਵਾ ਕਰਦੇ ਰਹਿੰਦੇ ਹਨ ਤੇ ਵਿਹਲੇ ਵੇਲੇ ਗੱਪਾਂ ਵੀ ਮਾਰ ਲੈਂਦੇ ਹਨ। ਮੰਦਿਰਾਂ ਦੀ ਗਿਣਤੀ ਵੀ ਕਾਫੀ ਹੈ ਜੋ ਆਪਣੀ ਸਾਰਥਕ ਭੂਮਿਕਾ ਨਿਭਾਅ ਰਹੇ ਹਨ। ਕੁਲ ਮਿਲਾ ਕੇ ਪਰਵਾਸੀ ਪੰਜਾਬੀ ਭਾਈਚਾਰੇ ਲਈ ਗੁਰਦੁਆਰੇ ਤੇ ਮੰਦਰ ਵੱਡਾ ਧਰਵਾਸ ਹਨ। ਕਮਿਊਨਿਟੀ ਸੈਂਟਰ ਅਤੇ ਲਾਇਬ੍ਰੇਰੀਆਂ  ਵਿੱਚ ਵੀ ਬਹੁਤ ਸਾਰੇ ਲੋਕ ਆਪਣਾ ਸਮਾਂ ਗੁਜ਼ਾਰਨ ਜਾਂਦੇ ਹਨ। ਸੀਨੀਅਰ ਸਿਟੀਜ਼ਨ ਪਾਰਕਾਂ ਅਤੇ ਕਮਿਊਨਿਟੀ ਸੈਂਟਰਾਂ ਵਿੱਚ ਤਾਸ਼ ਖੇਡਦੇ ਆਮ ਵੇਖੇ ਜਾਂਦੇ ਹਨ। ਬੰਦਾ ਆਪ ਭਾਵੇਂ ਕੋਈ ਉਦਾਸੀ ਸਹੇੜ ਲਵੇ, ਬਰੈਂਪਟਨ ਤੁਹਾਡੀ ਹਰ ਲੋੜ ਦਾ ਧਿਆਨ ਰੱਖਦਾ ਹੈ।

**ਬਰੈਂਪਟਨ ਦੀ ਅੱਖਰ ਵੰਡ:** ਬਰੈਂਪਟਨ ਸ਼ਹਿਰ ਅੰਗਰੇਜ਼ੀ ਦੇ ਅੱਖਰਾਂ ਅਨੁਸਾਰ ਸੈਕਸ਼ਨਾਂ ਵਿੱਚ ਵੰਡਿਆ ਹੈ। ਅਸੀਂ ਜਿਸ ਇਲਾਕੇ ਵਿੱਚ ਰਹਿੰਦੇ ਹਾਂ ਇਹ ਐੱਨ ਸ਼ੈਕਸ਼ਨ ਹੈ। ਇਥੇ ਸਭ ਗਲੀਆਂ ਦੇ ਨਾਂ ਐੱਨ ਤੋਂ ਸ਼ੁਰੂ ਹੁੰਦੇ ਹਨ। ਸਾਡੀ ਰਿਹਾਇਸ਼ ਵਾਲੀ ਗਲੀ ਦਾ ਨਾਂ ਨਿਊਪੋਰਟ ਸਟਰੀਟ ਹੈ। ਘਰਾਂ ਦੇ ਨੰਬਰ ਇੱਕ ਪਾਸੇ ਈਵਨ ਹਨ ਦੂਜੇ ਆਡ ਭਾਵ ਜਿਸਤ ਤੇ ਟਾਂਕ। ਘਰ ਲੱਭਣ ਵਿੱਚ ਤੁਹਾਨੂੰ ਕੋਈ ਮੁਸ਼ਕਿਲ ਨਹੀਂ ਆਉਂਦੀ। ਪੰਜਾਬੀ ਵਿਦਿਆਰਥੀਆਂ ਦਾ ਮਨਪਸੰਦ ਕਾਲਜ ਸ਼ੈਰੀਡਨ ਵੀ ਬਰੈਂਪਟਨ ਵਿੱਚ ਹੀ ਹੈ। ਜਗ੍ਹਾ-ਜਗ੍ਹਾ ਪਲਾਜ਼ੇ ਹਨ ਜਿੱਥੇ ਹਰ ਤਰ੍ਹਾਂ ਦੀਆਂ ਦੁਕਾਨਾਂ ਹਨ। ਕੁਝ ਇਲਾਕਿਆਂ ਵਿੱਚ ਪੰਜਾਬੀਆਂ ਦਾ ਦਬਦਬਾ ਹੈ ਪਰ ਕੁਲ ਮਿਲਾ ਕੇ ਦੁਨੀਆਂ ਭਰ ਦੇ ਲੋਕ ਇਥੇ ਮਿਲ ਜਾਂਦੇ ਹਨ। ਫੁੱਲਾਂ ਦੀਆਂ ਖੂਬਸੂਰਤ ਵੰਨਗੀਆਂ ਵਾਂਗ ਇਥੇ ਮਨੁੱਖਾਂ ਦੀਆਂ ਵੰਨਗੀਆਂ ਵੀ ਬਰੈਂਪਟਨ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੀਆਂ ਹਨ। ਇਥੇ ਵੱਸਣਾ ਮਹਿੰਗਾ ਹੈ ਪਰ ਚੰਗਾ ਲੱਗਦਾ ਹੈ।

# ਮਾੜੇ ਦੌਰ 'ਚੋਂ ਲੰਘ ਰਿਹਾ ਕੈਨੇਡਾ

ਕੈਨੇਡਾ ਵਿਚ ਵੱਖ-ਵੱਖ ਸਟੇਟਸ ਅਧੀਨ ਆ ਰਹੇ ਪਰਵਾਸੀਆਂ ਲਈ ਕੈਨੇਡਾ ਸਰਕਾਰ ਨਿੱਤ ਕੋਈ ਅਜਿਹਾ ਫ਼ੁਰਮਾਨ ਜਾਰੀ ਕਰਦੀ ਹੈ ਜਿਹੜਾ ਮਾਈਗ੍ਰੈਂਟਸ ਅੰਦਰ ਸਹਿਮ ਪੈਦਾ ਕਰਦਾ ਹੈ। ਕੁਝ ਸੋਸ਼ਲ ਮੀਡੀਆ ਉਪਰ ਸਰਗਰਮ ਚੈਨਲਾਂ ਦੀ ਭਰਮਾਰ ਇਹਨਾਂ ਫੁਰਮਾਨਾਂ ਨੂੰ ਹਊਆ ਬਣਾ ਕੇ ਪੇਸ਼ ਕਰਦੀ ਹੈ। ਪਿਛਲੇ ਕੁਝ ਸਾਲਾਂ ਦੌਰਾਨ ਸਟੱਡੀ ਵੀਜ਼ੇ ਤੋਂ ਇਲਾਵਾ ਟੂਰਿਸਟ ਅਤੇ ਵਿਜ਼ਟਰ ਵੀਜ਼ੇ ਉੱਪਰ ਆਏ ਲੋਕਾਂ ਨੇ ਇਥੇ ਦਲਾਲੀ ਕਰਦੇ ਕੁਝ ਲੋਕਾਂ ਨੂੰ ਵੱਡੀਆਂ ਰਕਮਾਂ ਦੇ ਕੇ ਵਰਕ ਪਰਮਿਟ ਲੈ ਕੇ ਇਥੇ ਪੱਕੇ ਹੋਣ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਹਨ। ਕੁਝ ਨੇ ਅਜਿਹੇ ਹੀ ਦਲਾਲਾਂ ਰਾਹੀਂ ਰਿਫਿਊਜ਼ੀ ਦਾ ਸਟੇਟਸ ਹਾਸਲ ਕਰਨ ਲਈ ਫਾਈਲਾਂ ਲਗਵਾ ਦਿੱਤੀਆਂ ਹਨ। ਇੰਝ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਾਲ਼ ਹੋਰ ਕੈਟਾਗਰੀ ਅਧੀਨ ਇਥੇ ਵੱਡੀ ਗਿਣਤੀ ਵਿਚ ਲੋਕ ਪਹੁੰਚ ਗਏ ਹਨ। ਨਤੀਜਾ ਇਹ ਹੋਇਆ ਹੈ ਕਿ ਇਹਨਾਂ ਨਵਿਆਂ ਲੋਕਾਂ ਲਈ ਕੋਈ ਜੌਬ ਨਹੀਂ ਹੈ। ਘਰ ਦਾ ਕਿਰਾਇਆ, ਗਰੌਸਰੀ ਤੇ ਹੋਰ ਜ਼ਰੂਰੀ ਖਰਚਿਆਂ ਲਈ ਵੀ ਮੁਥਾਜ ਹੋ ਗਏ ਹਨ। ਪਿਛਲੇ ਡੇਢ ਦੋ ਸਾਲਾਂ ਦੌਰਾਨ ਇਥੇ ਪਹੁੰਚਿਆਂ ਦੀ ਸਥਿਤੀ ਵੀ ਇਹ ਹੈ। ਬਦਲ ਵਜੋਂ ਕੁਝ ਔਰਤਾਂ, ਲੜਕੀਆਂ ਨੇ ਘਰਾਂ ਵਿਚ ਬੱਚੇ ਸਾਂਭਣ, ਸਫਾਈ ਕਰਨ ਤੇ ਘਰ ਦੇ ਹੋਰ ਕੰਮ ਕਰਨ ਲਈ ਵੀ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਘਰ ਦੀ ਸਫਾਈ ਕਰਨ ਆਈ ਸੋਹਣੀ ਸੁਨੱਖੀ ਜਵਾਨ ਕੁੜੀ ਨੇ ਦੱਸਿਆਂ ਕਿ ਉਸ ਨੂੰ ਇਥੇ ਆਇਆਂ ਡੇਢ ਸਾਲ ਹੋ ਗਿਆ ਹੈ। ਪਹਿਲਾਂ ਕੋਈ ਜੌਬ ਸੀ ਹੁਣ ਉਹ ਵੀ ਖੁਸ ਗਈ ਹੈ। ਉਸ ਤਰਲਾ ਲਿਆ ਕਿ ਮੈਨੂੰ ਹੋਰ ਘਰਾਂ ਦਾ ਕੰਮ ਵੀ ਦੁਆ ਦੇਵੋ। ਇਹ ਪੁੱਛਣ 'ਤੇ ਕਿ ਕਿੰਨੇ ਕੁ ਲੋਕ ਇਹ ਜੌਬ ਕਰ ਰਹੇ ਹਨ ਤਾਂ ਉਸ ਕਿਹਾ ਕਿ ਬਹੁਤ। ਹਾਲਾਂਕਿ ਗਿਣਤੀ ਦਾ ਕੋਈ ਅੰਕੜਾ ਉਸ ਕੋਲ਼ ਨਹੀਂ ਸੀ। ਗੱਲ ਜਦ ਅੰਕੜਿਆਂ ਤੋਂ ਬਾਹਰ ਚਲੀ ਜਾਵੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਸਥਿਤੀ ਵਿਸਫੋਟਕ ਹੈ। ਕੁਝ ਲੋਕ ਤਾਂ ਮਜਬੂਰੀ ਵੱਸ ਲੜਕੀਆਂ ਦੇ ਗਲਤ ਧੰਦੇ ਵਿਚ ਪੈਣ ਦੀਆਂ ਗੱਲਾਂ ਵੀ ਕਰਦੇ ਹਨ। ਪਰ ਮੇਰੇ ਕੋਲ ਅਜਿਹਾ ਕੋਈ ਸਬੂਤ ਜਾਂ ਭਰੋਸਾ ਨਹੀਂ ਹੈ।

**ਮਹਿੰਗਾ ਹੋ ਗਿਆ ਕੈਨੇਡਾ:** ਕੈਨੇਡਾ ਵਿਚ ਮੰਦਵਾੜੇ ਦਾ ਦੌਰ ਚੱਲ ਰਿਹਾ ਹੈ। ਇੱਕ ਪਾਸੇ ਜੌਬਾਂ ਨਹੀਂ ਮਿਲਦੀਆਂ। ਜਿਹੜੀਆਂ ਮਿਲਦੀਆਂ ਵੀ ਹਨ ਉਥੇ ਘੱਟ

ਮਜ਼ਦੂਰੀ 'ਤੇ ਕੰਮ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਰਿਹਾਇਸ਼ ਲਈ ਘਰਾਂ ਦੇ ਕਿਰਾਏ ਵੱਧ ਗਏ ਹਨ। ਮੁੱਲ ਖਰੀਦਣ ਵਾਲਿਆਂ ਨੂੰ ਵੀ ਹੁਣ ਇਹ ਘਰ ਵਾਰਾ ਨਹੀਂ ਖਾਂਦੇ। ਕਿਹਾ ਜਾ ਰਿਹਾ ਹੈ ਕਿ ਬਾਹਰੋਂ ਆਏ ਪਰਵਾਸੀਆਂ ਦੀ ਗਿਣਤੀ ਵੱਧ ਗਈ ਹੈ। ਇਸ ਲਈ ਘਰਾਂ ਦੀ ਕਿੱਲਤ ਹੋ ਗਈ ਹੈ। ਪਰ ਇਹ ਪੂਰਾ ਸੱਚ ਨਹੀਂ ਹੈ। ਘਰਾਂ ਦੀ ਇਸ ਸਮੱਸਿਆ ਦਾ ਕਾਰਨ ਪਿਛਲੇ ਕੁਝ ਦਹਾਕਿਆਂ ਦੌਰਾਨ ਸਰਕਾਰ ਦਾ ਸੋਸ਼ਲ ਹਾਊਸਿੰਗ ਦੇ ਸੈਕਟਰ ਵੱਖ ਹੋ ਜਾਣਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੀ ਰਿਹਾਇਸ਼ ਲਈ ਹੋਸਟਲਾਂ ਦੀ ਘਾਟ ਜਿਸ ਕਾਰਣ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕੈਂਪਸ ਤੋਂ ਬਾਹਰ ਦੀ ਅਬਾਦੀ ਵਿਚ ਘਰ ਕਿਰਾਏ 'ਤੇ ਲੈਣੇ ਪੈ ਰਹੇ ਹਨ। ਇੱਕ ਹੋਰ ਮਹੱਤਵਪੂਰਨ ਕਾਰਣ ਸਮਰੱਥ ਲੋਕਾਂ ਅਤੇ ਛੋਟੇ ਇਨਵੈਸਟਰਾਂ ਦਾ ਵੱਡੀ ਪੱਧਰ 'ਤੇ ਘਰਾਂ ਦੀ ਮੰਡੀ ਵਿਚ ਪੈਸਾ ਲਾਉਣਾ ਹੈ। ਕੁਝ ਸਾਲ ਪਹਿਲਾਂ ਬੈਂਕਾਂ ਨੇ ਵਿਆਜ ਦਰਾਂ ਘਟਾ ਕੇ ਡੇਢ ਫੀਸਦੀ ਤੱਕ ਥੱਲੇ ਲੈ ਆਂਦੀਆਂ ਸਨ। ਨਤੀਜਾ ਇਹ ਹੋਇਆ ਕਿ ਲੋਕਾਂ ਨੇ ਇੱਕ ਤੋਂ ਵੱਧ ਘਰ ਖਰੀਦਣੇ ਸ਼ੁਰੂ ਕਰ ਦਿੱਤੇ। ਘਰਾਂ ਦੀਆਂ ਕੀਮਤਾਂ ਦੋ ਤੋਂ ਚਾਰ ਲੱਖ ਡਾਲਰ ਤੱਕ ਵੱਧ ਗਈਆਂ। ਇੰਝ ਮੰਡੀ ਦੇ ਸਮੁੱਚੇ ਵਿਹਾਰ 'ਚ ਉਛਾਲ ਆ ਗਿਆ ਤੇ ਮਹਿੰਗਾਈ ਆਮ ਬੰਦੇ ਦੀ ਪਹੁੰਚ ਤੋਂ ਬਾਹਰ ਹੋ ਗਈ। ਸਸਤੀਆਂ ਵਿਆਜ ਦਰਾਂ ਦੇ ਲਾਲਚ ਵਿਚ ਮਹਿੰਗੇ ਭਾਅ ਖਰੀਦੇ ਘਰਾਂ ਦੇ ਮਾਲਕ ਹੁਣ ਕਸੂਤੀ ਸਥਿਤੀ ਵਿਚ ਫਸੇ ਹਨ। ਮਕਾਨਾਂ ਦੀਆਂ ਕੀਮਤਾਂ ਦੋ ਢਾਈ ਲੱਖ ਥੱਲੇ ਆ ਗਈਆਂ ਹਨ ਤੇ ਮੌਰਗੇਜ ਵੱਧ ਗਈ ਹੈ।

**ਵਿਕਸਤ ਪੂੰਜੀਵਾਦ ਦੇ ਸਾਈਡ ਇਫੈਕਟ:** ਅੱਜ ਤੋਂ ਦੋ-ਤਿੰਨ ਦਹਾਕੇ ਪਹਿਲਾਂ ਇਥੇ ਗੈਸ-ਸਟੇਸ਼ਨਾਂ 'ਤੇ ਬਹੁਤ ਸਾਰੇ ਪੰਜਾਬੀ ਪਾਈਪ ਫੜ੍ਹ ਕੇ ਕਾਰਾਂ ਦੀਆਂ ਟੈਂਕੀਆਂ ਭਰਦੇ ਆਮ ਨਜ਼ਰ ਆਉਂਦੇ ਸਨ। ਹੌਲੀ-ਹੌਲੀ ਇਹਨਾਂ ਕਾਮਿਆਂ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ। ਹੁਣ ਗੈਸ ਸਟੇਸ਼ਨ 'ਤੇ ਕਾਰ ਰੁਕਦੀ ਹੈ। ਬੰਦਾ ਬਾਹਰ ਨਿਕਲਦਾ ਹੈ। ਆਪਣਾ ਕਾਰਡ ਸਕੈਨ ਕਰ ਪਾਈਪ ਫੜ੍ਹ ਤੇਲ ਪਾ ਕੇ ਚਲਦਾ ਬਣਦਾ ਹੈ। ਸਕਿਉਰਿਟੀ ਗਾਰਡ ਦੀ ਥਾਂ ਵੀ ਮਸ਼ੀਨਾਂ ਨੇ ਲੈ ਲਈ ਹੈ। ਵੇਅਰ ਹਾਊਸਾਂ ਵਿਚ ਕੰਮ ਕਰਦੀ ਲੇਬਰ ਦਾ ਹੱਕ ਵੀ ਰੋਬੋਟਾਂ ਨੇ ਖੋਹ ਲਿਆ ਹੈ। ਹੁਣ ਘਰਾਂ ਵਿਚ ਬੇਬੀ ਸਿੰਟਿੰਗ ਜਾਂ ਕੰਮ ਵਾਲੀ ਬਣ ਸਫਾਈ ਕਰਨ ਤੋਂ ਬਾਹਰ ਬਹੁਤਾ ਕੁਝ ਬਚਿਆ ਵੀ ਨਹੀਂ ਲੱਗਦਾ। ਅਜੇ ਤਾਂ ਨਕਲੀ ਬੁੱਧੀ ਨੇ ਆਪਣੇ ਜੌਹਰ ਵਿਖਾਉਣੇ ਹਨ। ਅਸਿੱਖਿਅਤ ਲੇਬਰ ਲਈ ਹੋਰ ਵੀ ਬੁਰੇ ਦਿਨ ਆਉਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਕੈਨੇਡਾ ਹੌਲੀ-ਹੌਲੀ ਪਰਵਾਸੀਆਂ ਲਈ ਤਿੜਕਿਆ ਸੁਪਨਾ ਬਣਨ ਵੱਲ ਵੱਧ ਰਿਹਾ ਹੈ। ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਟਰੰਪ ਨੇ ਤਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੂੰ ਇਹ

ਕਹਿ ਕੇ ਹੈਰਾਨ ਕਰ ਦਿੱਤਾ ਕਿ ਕੈਨੇਡਾ ਨੂੰ ਅਮਰੀਕਾ ਦੀ 51 ਵੀਂ ਸਟੇਟ ਬਣਾ ਲੈਂਦੇ ਹਾਂ ਤੇ ਤੈਨੂੰ ਉਸਦਾ ਗਵਰਨਰ ਬਣਾ ਦਿੰਦੇ ਹਾਂ। ਭਾਵੇਂ ਕੈਨੇਡਾ ਨੇ ਇਸ ਨੂੰ ਮਜ਼ਾਕ ਵਾਂਗ ਲਿਆ ਹੈ ਪਰ ਟਰੰਪ ਨੇ ਆਪਣੀ ਅਗਲੀ ਪੋਸਟ ਵਿਚ ਫਿਰ ਟਰੂਡੋ ਨੂੰ ਗਵਰਨਰ ਕਿਹਾ ਹੈ। ਵਿਸ਼ਵ ਵਿਆਪੀ ਵਰਤਾਰੇ ਵਿਚ ਇਹ ਕਿਸੇ ਦੇਸ਼ ਦੇ ਪਤਨ ਦੀ ਸੂਹ ਦਿੰਦਾ ਹੈ। ਟਰੂਡੋ ਮੰਤਰੀ ਮੰਡਲ ਵਿਚੋਂ ਮੰਤਰੀਆਂ ਦੇ ਅਸਤੀਫੇ, ਟਰੂਡੋ ਦੇ ਅਸਤੀਫੇ ਦੀ ਮੰਗ ਅਤੇ ਐਨ.ਡੀ.ਪੀ. ਦੇ ਮੁੱਖੀ ਜਗਮੀਤ ਸਿੰਘ ਵੱਲੋਂ ਟਰੂਡੋ ਸਰਕਾਰ ਦੀ ਹਮਾਇਤ ਵਾਪਸ ਲੈਣ ਦੇ ਚਰਚੇ ਇਸ ਮੁਲਕ ਦੀ ਡਾਵਾਂ ਡੋਲ ਸਥਿਤੀ ਨੂੰ ਦਰਸਾਉਂਦੇ ਹਨ।

ਦਰਅਸਲ ਇਸ ਨਿਘਾਰ ਲਈ ਪਿਛਲੇ ਵਰ੍ਹਿਆਂ ਦੌਰਾਨ ਕੈਨੇਡਾ ਸਰਕਾਰ ਵੱਲੋਂ ਅਪਣਾਈਆਂ ਗਈਆਂ ਬੇਲਗਾਮ ਨੀਤੀਆਂ ਹਨ। ਪਰਵਾਸੀਆਂ ਲਈ ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਪੱਕੀ ਇਮੀਗ੍ਰੇਸ਼ਨ ਨੂੰ ਪ੍ਰਸ਼ਾਦ ਵਾਂਗ ਵੰਡਣ ਕਾਰਣ ਨਿਰਾਸ਼ਾ ਜਨਕ ਹਾਲਾਤ ਪੈਦਾ ਹੋਏ ਹਨ। ਹੁਣ ਕੈਨੇਡਾ ਸਰਕਾਰ ਨੇ ਇਮੀਗ੍ਰੇਸ਼ਨ ਦੀਆਂ ਨੀਤੀਆਂ ਸਖਤ ਕਰ ਦਿੱਤੀਆਂ ਹਨ ਜਿਸ ਕਾਰਣ ਬਾਹਰੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ। ਐੱਲ.ਐੱਮ.ਆਈ.ਏ. ਦੇ ਨੁਕਸਦਾਰ ਸਿਸਟਮ ਕਾਰਨ ਵੱਡੇ ਪੱਧਰ 'ਤੇ ਘਪਲੇਬਾਜ਼ੀਆਂ ਹੋਈਆਂ ਹਨ। ਇਥੇ ਸਥਾਪਤ ਹੋ ਚੁੱਕੇ ਸਾਡੇ ਆਪਣੇ ਭਾਈਚਾਰੇ ਦੇ ਲੋਕਾਂ ਨੇ ਐੱਲ.ਐੱਮ.ਆਈ. ਏ. ਨੂੰ ਵਪਾਰ ਬਣਾ ਕੇ ਲੱਖਾਂ ਡਾਲਰ ਕਮਾਏ ਹਨ। ਇਨ੍ਹਾਂ ਸੁਧਾਰਾਂ ਦੇ ਚਲਦਿਆਂ ਇਥੇ ਆਉਣ ਵਾਲੇ ਵਿਦਿਆਰਥੀਆਂ ਤੇ ਵਿਜ਼ਟਰਾਂ ਨੂੰ ਮੁਸ਼ਕਿਲਾਂ ਆਉਣਗੀਆਂ। ਪਰ ਵੱਧ ਰਹੀ ਮਹਿੰਗਾਈ, ਘਰਾਂ ਦੀ ਥੋੜ, ਜੌਬਾਂ ਦੀ ਘਾਟ ਅਤੇ ਲੇਬਰ ਕਰ ਰਹੇ ਪਰਵਾਸੀਆਂ ਦੇ ਸ਼ੋਸ਼ਣ ਨੂੰ ਰੋਕਣ ਲਈ ਇਹ ਜ਼ਰੂਰੀ ਸੀ। ਕਈ ਚੋਰ ਮੋਰੀਆਂ ਲਈ ਰਾਹ ਖੋਲਦੀ ਵਿਜ਼ਟਰ ਵੀਜ਼ਾ ਨੀਤੀ ਕਾਰਣ ਵਿਦੇਸ਼ਾਂ ਤੋਂ ਕੈਨੇਡਾ ਪਹੁੰਚ ਕੇ ਸ਼ਰਨ ਲੈਣ ਦੀ ਅਰਜੀ ਪਾਉਣ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਜੇਕਰ ਅੰਕੜਿਆਂ ਦੇ ਹਵਾਲੇ ਨਾਲ਼ ਗੱਲ ਕਰਨੀ ਹੋਵੇ ਤਾਂ ਚਾਲੂ ਸਾਲ ਦੌਰਾਨ ਹੀ ਸ਼ਰਨ ਮੰਗਣ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ, ਜਿਹਨਾਂ ਵਿਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ, ਬੀਤੇ ਸਾਲ ਦੇ ਮੁਕਾਬਲੇ ਪੰਜ ਸੌ ਪ੍ਰਤੀਸ਼ਤ ਵੱਧ ਗਈ ਹੈ। ਇਹ ਅੰਕੜੇ ਦੱਸਦੇ ਹਨ ਕਿ ਇਥੇ ਜੌਬਾਂ ਦੀ ਕਿੱਲਤ ਕਿਉਂ ਹੈ ਤੇ ਉਚੇਰੀ ਪੜ੍ਹਾਈ ਕਰਨ ਆਈਆਂ ਕੁੜੀਆਂ ਨੂੰ ਘਰਾਂ ਵਿਚ ਕੰਮ ਕਰਨ ਲਈ ਕਿਉਂ ਮਜਬੂਰ ਹੋਣਾ ਪੈ ਰਿਹਾ ਹੈ।

ਇਥੇ ਸੈਕੰਡਰੀ ਤੱਕ ਦੀ ਪੜ੍ਹਾਈ ਮੁਫ਼ਤ ਹੈ। ਅੱਗੋਂ ਯੂਨੀਵਰਸਿਟੀ ਦੀ ਪੜ੍ਹਾਈ ਦੀ ਗੱਲ ਕਰੀਏ ਤਾਂ ਉਹ ਏਨੀ ਕੁ ਮਹਿੰਗੀ ਹੈ ਕਿ ਸਟੱਡੀ ਵੀਜ਼ੇ 'ਤੇ ਆਏ ਬੱਚਿਆਂ ਲਈ ਇਹ ਲਗਭਗ ਅਸੰਭਵ ਹੈ। ਇਥੇ ਦੇ ਪੱਕੇ ਵਸਨੀਕ ਤੇ

ਸ਼ਿਟੀਜਨ ਬਣ ਚੁੱਕੇ ਲੋਕਾਂ ਦੇ ਬੱਚੇ ਵੀ ਅਧਵਾਟੇ ਪੜ੍ਹਾਈ ਛੱਡਣ ਲਈ ਮਜਬੂਰ ਹਨ। ਕੁਲ ਮਿਲਾ ਕੇ ਕਹਿ ਸਕਦੇ ਹਾਂ ਕਿ ਜਿਨ੍ਹਾਂ ਗੱਲਾਂ ਕਰਕੇ ਕੈਨੇਡਾ ਵਿਸ਼ਵ ਭਰ ਦੇ ਲੋਕਾਂ ਲਈ ਖਿੱਚ ਦਾ ਕਾਰਣ ਸੀ, ਉਹ ਖਿੱਚ ਬਣਾਈ ਰੱਖਣ ਲਈ ਸਰਕਾਰੀ ਨੀਤੀਆਂ ਖਾਸ ਕਰਕੇ ਇਮੀਗ੍ਰੇਸ਼ਨ ਨਾਲ਼ ਸੰਬੰਧਾਂ ਨੀਤੀਆਂ ਦੇ ਕਮਜ਼ੋਰ ਪੱਖਾਂ ਬਾਰੇ ਮੁੜ ਸੋਚਣ ਦੀ ਲੋੜ ਹੈ। ਕੈਨੇਡਾ ਸਰਕਾਰ ਨੂੰ ਕੁਝ ਵੱਡੇ ਤੇ ਸਖ਼ਤ ਫੈਸਲੇ ਲੈਣੇ ਪੈਣਗੇ।

✿

# ਕੈਨੇਡਾ ਵਿੱਚ ਪਾਰਕਾਂ ਸੰਗ ਸੰਵਾਦ

ਲੰਘਿਆ ਤਾਂ ਕੱਲ ਵੀ ਸਾਂ ਇਸ ਪਾਰਕ ਵਿਚੋਂ ਤੇ ਇਹ ਸਮਾਨ ਦਾ ਢੇਰ ਲੱਗਾ ਵੀ ਵੇਖਿਆ ਸੀ। ਕੋਲ ਇੱਕ ਟਰਾਲੀ ਖੜ੍ਹੀ ਸੀ ਛੋਟੀ। ਸੋਚਿਆ ਕਿਸੇ ਨੇ ਆਪਣੇ ਘਰ ਦਾ ਸਮਾਨ ਬਾਹਰ ਸੁੱਟਿਆ ਹੋਣਾ। ਇਥੇ ਘਰ ਦੇ ਪੁਰਾਣੇ ਹੋ ਚੁੱਕੇ ਜਾਂ ਵਾਧੂ ਸਮਾਨ ਨੂੰ ਰੁਖ਼ਸਤ ਕਰਨ ਦਾ ਇਹੋ ਤਰੀਕਾ ਹੈ। ਸਮਾਨ ਘਰ ਦੇ ਬਾਹਰ ਰੱਖ ਦਿੱਤਾ ਜਾਂਦਾ ਹੈ। ਜੇ ਕੋਈ ਲੋੜਵੰਦ ਨਾ ਲੈ ਜਾਵੇ ਤਾਂ ਕੂੜੇ ਵਾਲੇ ਲੈ ਜਾਂਦੇ ਹਨ। ਕੱਲ੍ਹ ਇਕੱਲਾ ਸਾਂ। ਅੱਜ ਕੁਝ ਸਾਥੀ ਨਾਲ ਸਨ। ਸਾਥੀ ਹੋਣ ਤਾਂ ਸੈਰ ਦੇ ਨਾਲ ਸੰਵਾਦ ਵੀ ਹੁੰਦਾ ਹੈ। ਹਰ ਸੰਵਾਦ ਦਾ ਇੱਕ ਚਿਹਰਾ ਹੁੰਦਾ ਹੈ, ਪਹਿਲਾਂ ਤੋਂ ਨਿਰਧਾਰਤ ਚਿਹਰਾ। 'ਕਿਹੜੇ ਜ਼ਿਲ੍ਹੇ ਤੋਂ ਹੋ ? ਕਿਸ ਮਹਿਕਮੇਂ 'ਚੋਂ ਰਿਟਾਇਰ ਹੋਏ ਹੋ ? ਕਿੰਨੀ ਦੇਰ ਤੋਂ ਇਥੇ ਹੋ ਕੈਨੇਡਾ ਵਿਚ ? ਅੱਛਾ ਅਜੇ ਨਵੇਂ ਆਏ ਓ। ਧੀ ਕੋਲ ਆਏ ਹੋ ਜਾਂ ਪੁੱਤ ਕੋਲ ? ਸਾਨੂੰ ਤਾਂ ਪੈਂਤੀ ਸਾਲ ਹੋ ਗਏ। ਹਰ ਸਾਲ ਕੁਝ ਮਹੀਨੇ ਪੰਜਾਬ ਦਾ ਗੇੜਾ ਲਾ ਆਈ ਦਾ' ਵਗੈਰਾ ਵਗੈਰਾ। ਇਹ ਪਹਿਲੀ ਮੁਲਾਕਾਤ ਵੇਲੇ ਦਾ ਸੰਵਾਦ ਹੈ। ਅੱਜ ਵਿਸ਼ਾ ਪਾਰਕ 'ਚ ਰਾਹ ਤੋਂ ਥੋੜਾ ਹਟਵਾਂ ਪਿਆ ਸਮਾਨ ਸੀ। ਸਾਥੀਆਂ ਦੱਸਿਆ ਕਿ ਇਹ ਬੇ-ਘਰੇ ਲੋਕ ਹਨ, ਮੰਗ ਕੇ ਗੁਜ਼ਾਰਾ ਕਰਦੇ ਹਨ। ਮੈਂ ਹੈਰਾਨ ਹੋਇਆ, ਕੈਨੇਡਾ ਵਿਚ ਵੀ ਮੰਗਤੇ ! 'ਇਹ ਲੋਕ ਨਸ਼ੇੜੀ ਨੇ। ਸਰਕਾਰ ਇਨ੍ਹਾਂ ਦੇ ਰਹਿਣ ਤੇ ਖਾਣ-ਪੀਣ ਦਾ ਪ੍ਰਬੰਧ ਵੀ ਕਰਦੀ ਹੈ'। ਚਲੋ ਹੋਰ ਕਾਰਨ ਵੀ ਹੋਣਗੇ। ਇਥੇ ਪ੍ਰਾਪਰਟੀ ਵੀ ਬੜੀ ਮਹਿੰਗੀ ਹੋ ਗਈ ਹੈ। ਹਰ ਕੋਈ ਘਰ ਖਰੀਦ ਵੀ ਨਹੀਂ ਸਕਦਾ'। ਫਿਰ ਇੱਕ ਦਿਨ ਬੇਟੇ ਨਾਲ ਕਾਰ 'ਚ ਜਾਂਦਿਆਂ ਸਿਗਨਲ 'ਤੇ ਇੱਕ ਆਦਮੀ ਦੇਖਿਆ ਜਿਸ ਨੇ ਹੱਥ ਵਿਚ ਤਖਤੀ ਫੜੀ ਸੀ। ਉਪਰ ਬੇਘਰ ਹੋਣ ਦੀ ਸੂਚਨਾ ਤੇ ਮਦਦ ਕਰਨ ਦੀ ਬੇਨਤੀ ਸੀ। ਉਹ ਗੱਡੀਆਂ ਮਗਰ ਭੱਜਦਾ ਅਤੇ ਸ਼ੀਸ਼ਿਆਂ ਨੂੰ ਥਪਥਪਾਉਂਦਾ ਨਹੀਂ ਸੀ। ਆਪਣੀ ਥਾਂ 'ਤੇ ਖੜ੍ਹਾ ਸੀ ਸ਼ਾਂਤ।

ਕਿਸੇ ਹੋਰ ਦਿਨ ਦਾ ਸੰਵਾਦ ਸੀ, 'ਬੱਚੇ ਬਹੁਤ ਆ ਗਏ ਜੀ ਵਿਦਿਆਰਥੀ ਵੀਜ਼ੇ 'ਤੇ। ਹੁਣ ਤਾਂ ਇਨ੍ਹਾਂ ਨੂੰ ਕੰਮ ਵੀ ਨਹੀਂ ਮਿਲਦਾ। ਅੱਧੇ ਰੇਟ 'ਤੇ ਜੌਬਾਂ ਕਰ ਰਹੇ ਹਨ। ਇਥੇ ਬਰੈਂਪਟਨ ਵਿਚ ਤਾਂ ਪ੍ਰਾਪਰਟੀ ਬਹੁਤ ਮਹਿੰਗੀ ਹੋ ਗਈ ਹੈ। ਘਰ ਖਰੀਦਣਾ ਔਖਾ ਹੋ ਗਿਆ। ਕਿਰਾਏ ਤੇ ਬੇਸਮੈਂਟਾਂ ਬਹੁਤ ਮਹਿੰਗੀਆਂ ਮਿਲਦੀਆਂ ਹਨ। ਛੋਟਾ ਜਿਹਾ ਘਰ ਵੀ ਲੈਣਾ ਹੋਵੇ ਤਾਂ ਛੇ ਲੱਖ ਦਾ ਯਾਨੀ ਤਿੰਨ ਕਰੋੜ ਦਾ'। ਦੱਸਣ ਵਾਲੇ ਨੂੰ ਡਾਲਰ ਜਾਂ ਰੁਪਈਏ ਕਹਿਣ ਦੀ ਲੋੜ ਨਹੀਂ। ਪਤਾ ਹੈ ਲੱਖਾਂ ਤੋਂ

ਕਰੋੜ ਡਾਲਰਾਂ ਦੇ ਰੁਪਈਏ ਹੀ ਬਣਦੇ ਹਨ। ਫੀਸਾਂ ਦੇ ਰੂਪ 'ਚ ਤਾਂ ਹਰ ਸਾਲ ਅਰਬਾਂ ਰੁਪਈਆ ਪੰਜਾਬ ਤੋਂ ਕੈਨੇਡਾ ਆ ਹੀ ਰਿਹਾ ਹੈ। ਹੁਣ ਇਥੇ ਪੱਕੇ ਹੋ ਗਏ ਧੀ ਪੁੱਤ ਨੇ ਘਰ ਲੈਣਾ ਹੋਵੇ ਤਾਂ ਮਾਪਿਆਂ ਦੀ ਸਾਰੀ ਉਮਰ ਦੀ ਸਾਂਭੀ ਜੋੜੀ ਰਕਮ ਵੀ ਘਰ ਦੀ ਡਾਊਨ ਪੇਮੈਂਟ 'ਤੇ ਲੱਗ ਜਾਂਦੀ ਹੈ। ਘਰ ਲੱਭਣ ਤੁਰੀਏ ਤਾਂ ਕਿਤੇ ਘਰ ਸਾਡੇ ਸੁਪਨਿਆਂ ਦੇ ਹਾਣ ਦਾ ਨਹੀਂ ਤੇ ਕਿਤੇ ਸਾਡੀ ਜੇਬ ਘਰ ਦੇ ਹਾਣ ਦੀ ਨਹੀਂ। ਉਹ ਦਿਨ ਬਹੁਤ ਪਿੱਛੇ ਰਹਿ ਗਏ ਜਦ ਕੈਨੇਡਾ ਆਇਆ ਪੁੱਤ ਪਿੰਡ ਡਾਲਰ ਭੇਜਦਾ ਸੀ। ਬਾਪੂ ਜ਼ਮੀਨਾਂ ਖਰੀਦਦਾ ਸੀ, ਕੋਠੀ ਪਾਉਂਦਾ ਸੀ। ਜਹਾਜ਼ ਵਾਲੀ ਕੋਠੀ ਵੇਖ ਲੋਕ ਕਹਿੰਦੇ ਸਨ, 'ਵੇਖਿਆ ਪੁੱਤ ਨੇ ਲਹਿਰਾਂ ਬਹਿਰਾਂ ਕਰ ਦਿੱਤੀਆਂ। 'ਹੁਣ ਇਥੇ ਜ਼ਮੀਨਾਂ ਵਾਲੇ ਬਾਪੂ ਬੇਘਰ ਹੋਏ ਮਿਲ ਜਾਂਦੇ ਹਨ। ਕੁਝ ਪੁੱਤ ਨੇ ਕਿਰਾਏ 'ਤੇ ਲੈ ਕੇ ਦਿੱਤੀ ਬੇਸਮੈਂਟ 'ਚ ਉਮਰ ਦੇ ਆਖਰੀ ਦਿਨ ਕੱਟ ਰਹੇ ਹਨ। ਅਸੀਂ ਉਥੇ ਚੰਗੇ ਭਲੇ ਘਰਾਂ ਨੂੰ ਜਿੰਦਰੇ ਮਾਰ ਇਥੇ ਘਰ ਲੱਭਣ ਤੁਰੇ ਰਹਿੰਦੇ ਹਾਂ। ਕੁਝ ਬੰਦ ਘਰਾਂ ਦੇ ਮੱਥੇ 'ਤੇ ਤਾਂ ਸੇਲ ਦੀਆਂ ਤਖਤੀਆਂ ਵੀ ਲਟਕ ਰਹੀਆਂ ਹਨ। ਇਹ ਤਖਤੀਆਂ ਪੌਣੀ ਸਦੀ ਹੰਢਾਅ ਚੁੱਕੇ ਬਜ਼ੁਰਗਾਂ ਦੇ ਸੀਨੇ 'ਚ ਚੀਸ ਪੈਦਾ ਕਰਦੀਆਂ ਹਨ।

ਇਥੇ ਪੈਦਲ ਤੁਰਦਿਆਂ ਰਾਹ 'ਚ ਮਿਲਦੇ ਗੋਰੇ ਗੋਰੀਆਂ ਹੈਲੋ ਹਾਏ ਜ਼ਰੂਰ ਕਹਿੰਦੇ ਹਨ। ਵੇਖਾ ਵੇਖੀ ਅਸੀਂ ਵੀ ਫਤਿਹ ਬੁਲਾਉਣ ਲੱਗ ਪਏ ਹਾਂ। ਇੱਕ ਦਿਨ ਪਾਰਕ 'ਚ ਸਤਿ ਸ੍ਰੀ ਅਕਾਲ ਤੋਂ ਬਾਅਦ ਸੰਵਾਦ ਤੁਰ ਪਿਆ। ਘਣੇ ਬਿਰਖਾਂ ਨਾਲ ਘਿਰੇ ਪਾਰਕ ਦੀ ਹਰਿਆਵਲ ਨੂੰ ਨਿਹਾਰਦਿਆਂ ਉਸ ਕਿਹਾ, ' ਵੇਖੋ! ਬਾਬਾ ਨਾਨਕ ਪੈਦਾ ਕਿੱਥੇ ਹੋਇਆ ਤੇ ਉਹਦੀ ਕੁਦਰਤ ਕਿੱਥੇ ਵੱਸ ਰਹੀ ਹੈ'। ਗੱਲ ਵੱਡੀ ਸੀ। ਸੰਵਾਦ ਰਚਾਉਂਦਾ ਬੰਦਾ ਦਾਰਸ਼ਨਿਕ ਹੋ ਜਾਂਦਾ ਹੈ। ਬੜਾ ਵੱਡਾ ਵਿਅੰਗ ਵੀ ਸੀ। ਹਰਿਆਵਲ ਅਤੇ ਸ਼ਾਂਤੀ ਨਾਲ ਭਰੀਆਂ ਇਨ੍ਹਾਂ ਪਾਰਕਾਂ ਕੋਲ ਲੋਕ ਘਰ ਦੀ ਸਾਰੀ ਥਕਾਵਟ ਲਾਹੁਣ ਆਉਂਦੇ ਹਨ। ਇਹ ਪਾਰਕਾਂ ਉਨ੍ਹਾਂ ਨੂੰ ਖੁੱਲ੍ਹ ਕੇ ਸਾਹ ਲੈਣ ਦਾ ਮੌਕਾ ਦਿੰਦੀਆਂ ਹਨ। ਕੋਈ ਭਾਈ ਬੰਦ ਮਿਲ ਗਿਆ ਤਾਂ ਢਿੱਡ ਵੀ ਫੋਲ ਲੈਂਦੇ ਹਨ। 'ਕੱਲਿਆਂ ਵੀ ਪਾਰਕ ਨਾਲ ਗੱਲਾਂ ਕਰਦੇ ਲੋਕ ਮੈਂ ਵੇਖੇ ਹਨ। ਇੱਕ ਦਿਨ ਮੈਂ ਪੁੱਛ ਬੈਠਾ, 'ਦਿਲ ਲੱਗਾ ਇਥੇ' ? 'ਜਿਸ ਧਰਤੀ 'ਤੇ ਪੰਜਾਹ ਸੱਠ ਸਾਲ ਗੁਜ਼ਾਰੇ ਹੋਣ, ਸਾਰੀਆਂ ਰਿਸ਼ਤੇਦਾਰੀਆਂ, ਦੋਸਤੀਆਂ, ਮੁਹੱਬਤਾਂ, ਸਾਂਝਾਂ, ਦੁਸ਼ਮਣੀਆਂ, ਨਫ਼ਰਤਾਂ ਉਥੇ ਰਹਿ ਗਏ ਹੋਣ, ਉਸ ਤੋਂ ਵਿਛੜ ਕੇ ਦਿਲ ਕਿੱਥੇ ਲੱਗਦਾ ਭਾਊ'। ਇਨ੍ਹਾਂ ਪਾਰਕਾਂ ਕੋਲ ਸਾਡੇ ਬੜੇ ਭੇਤ ਹਨ। ਮਾਵਾਂ ਕਈ ਖੂੰਡੀ ਲੈ ਕੇ ਵੀ ਆਉਂਦੀਆਂ। ਇੱਕ ਦਿਨ ਧੁੱਪ ਸੇਕਦੀ ਮਾਤਾ ਨੂੰ ਧੀਆਂ-ਪੁੱਤਾਂ ਬਾਰੇ ਪੁੱਛਿਆ ਤਾਂ ਕਹਿਣ ਲੱਗੀ, 'ਸਾਡੇ ਤਾਂ ਮਾਂ-ਬਾਪ, ਧੀਆਂ-ਪੁੱਤ ਰਿਸ਼ਤੇਦਾਰ ਸਭ ਸਰਕਾਰ ਹੀ ਹੈ। ਸਰਕਾਰ ਪੈਸੇ ਦਿੰਦੀ ਹੈ। ਕਿਸੇ ਅੱਗੇ ਹੱਥ ਨਹੀਂ ਅੱਡਣਾ ਪੈਂਦਾ'। ਘਰ ਜਦ ਸਾਹ ਘੁਟਣ ਲੱਗਦਾ, ਥਕਾਵਟ ਨਾਲ ਬਦਨ ਦੁਖਣ ਲੱਗਦਾ, ਰਿਸ਼ਤੇ ਅੱਖਾਂ 'ਚ

ਰੜਕਣ ਲੱਗਦੇ, ਉਹ ਪਾਰਕਾਂ ਦਾ ਰੁਖ ਕਰਦੀਆਂ। ਇਥੇ ਗੁਜ਼ਾਰੇ ਪਲ ਉਨ੍ਹਾਂ ਨੂੰ ਫਿਰ ਤੋਂ ਊਰਜਾ ਨਾਲ ਭਰ ਦਿੰਦੇ।

ਸਿਰਾਂ ਉਪਰੋਂ ਲਾਲ ਰੰਗ ਦਾ ਹੈਲੀਕਾਪਟਰ ਲੰਘਿਆ। 'ਕਿਤੇ ਐਕਸੀਡੈਂਟ ਹੋਇਆ'। ਇਹ ਸੰਵਾਦ ਨਹੀਂ ਟਿੱਪਣੀ ਸੀ। ਫੌਰੀ ਪ੍ਰਤੀਕਰਮ। ਲਾਲ ਰੰਗ ਦੀ ਪ੍ਰਵਾਜ਼ ਨਾਲੋਂ ਝੜਿਆ ਇੱਕ ਜ਼ਖ਼ਮੀ ਖੰਭ। ਜ਼ਖਮੀਂ ਹੋਇਆਂ ਨੂੰ ਹੈਲੀਕਾਪਟਰ ਹਸਪਤਾਲ ਪਹੁੰਚਾਵੇਗਾ। ਫੌਰੀ ਰਾਹਤ। ਜਾਨ ਬਚਣ ਦੀ ਸੰਭਾਵਨਾ ਵੱਧਦੀ ਹੈ। 'ਸਿਸਟਮ ਚੰਗਾ ਇੱਥੇ। ਬੰਦੇ ਦੀ ਜਾਨ ਦਾ ਮੁੱਲ ਐ। "ਸਿਸਟਮ ਕਰਕੇ ਤਾਂ ਲੋਕ ਇੱਧਰ ਭੱਜੇ ਆ ਰਹੇ। ਕਾਨੂੰਨ ਦਾ ਰਾਜ ਐ। ਜ਼ਿੰਦਗੀ ਕੋਲ ਇੱਕ ਤਰਤੀਬ ਐ। ਸਾਰੀ ਦੁਨੀਆਂ ਦੇ ਲੋਕ ਇਥੇ ਵੱਸਦੇ। ਕੋਈ ਝਗੜਾ ਨਹੀਂ। ਸਭ ਆਪਣੀ ਆਪਣੀ ਜ਼ਿੰਦਗੀ ਜਿਉਂਦੇ ਨੇ। 'ਸੰਵਾਦ ਚੱਲ ਪੈਂਦਾ ਹੈ। ਦਾਰਸ਼ਨਿਕਤਾ ਝਰਨ ਲੱਗਦੀ ਹੈ। ਪਾਰਕਾਂ ਦੀ ਚੁੱਪ ਹੋਰ ਗਹਿਰੀ ਹੋ ਜਾਂਦੀ ਹੈ। ਸੰਵਾਦ ਅੱਗੇ ਵੱਧਦਾ ਹੈ, 'ਇਹ ਸਿਸਟਮ ਸਾਡੀ ਮਾਨਸਿਕਤਾ ਦੇ ਹਾਣ ਦਾ ਨਹੀਂ। ਇਸੇ ਲਈ ਅਸੀਂ ਇਸ ਵਿਚ ਵਿਗਾੜ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ'। ਸੰਵਾਦ ਅੱਗੇ ਨਹੀਂ ਤੁਰਦਾ। ਰਹੱਸਮਈ ਚੁੱਪ ਵਿਚ ਆ ਕੇ ਬੈਠ ਜਾਂਦੀ ਹੈ। ਪਾਰਕ ਹਨੇਰੇ ਦੀ ਬੁੱਕਲ ਮਾਰ ਲੈਂਦੀ ਹੈ। ਕੱਲ ਫਿਰ ਸੰਵਾਦ ਤੁਰੇਗਾ। ਆਪਣੀ ਗੱਲ ਕਹਿਣ ਦਾ ਮੌਕਾ ਮਿਲੇਗਾ। ਮਨ ਦਾ ਬੋਝ ਕੁਝ ਹਲਕਾ ਹੋਵੇਗਾ। ਕੈਨੇਡਾ ਦੇ ਤਲਿਸਮੀ ਲਿਬਾਸ ਦੀਆਂ ਕੁਝ ਹੋਰ ਪਰਤਾਂ ਖੁੱਲ੍ਹਣਗੀਆਂ। ਇਸ ਆਸ ਨਾਲ ਸਭ ਵਿਦਾ ਹੁੰਦੇ ਹਨ।

✿

# ਕੈਨੇਡਾ, ਪੂੰਜੀਵਾਦੀ ਸਿਸਟਮ, ਪਰਵਾਸ ਤੇ ਪੰਜਾਬੀ ਭਾਈਚਾਰਾ

ਅਖ਼ਬਾਰ ਦੇ ਮੁੱਖ ਪੰਨੇ ਦੀ ਖ਼ਬਰ ਜੇਕਰ ਆਉਂਦੇ ਦਿਨਾਂ ਦੌਰਾਨ ਅੰਦਰਲੇ ਕਿਸੇ ਪੰਨੇ ‘ਤੇ ਇੱਕ ਡੱਬੀ ਵਿਚ ਸਿਮਟ ਕੇ ਰਹਿ ਜਾਵੇ ਤਾਂ ਸਮਝ ਆ ਜਾਂਦਾ ਹੈ ਕਿ ਵੱਡੇ ਮਹੱਤਵ ਵਾਲੀ ਇਸ ਖ਼ਬਰ ਦਾ ਭੋਗ ਪਾ ਦਿੱਤਾ ਗਿਆ ਹੈ। ਕਾਰਣ ਰਾਜਨੀਤਕ ਦਬਾਅ ਵੀ ਹੋ ਸਕਦਾ ਹੈ ਤੇ ਮੀਡੀਆ ਦੀ ਖਰੀਦੋ-ਫ਼ਰੋਖ਼ਤ ਵੀ। ਨਤੀਜਾ ਇਹ ਨਿਕਲਦਾ ਹੈ ਕਿ ਆਉਂਦੇ ਦਿਨਾਂ ਦੌਰਾਨ ਅਸੀਂ ਖ਼ਬਰ ਵਾਲੀ ਉਸ ਘਟਨਾ ਨੂੰ ਭੁੱਲ ਵਿਸਰ ਜਾਂਦੇ ਹਾਂ। ਹਊ ਪਰੇ ਕਰਨ ਵਾਲੀ ਸਾਡੀ ਬਿਰਤੀ ਵਧੀਕੀਆਂ ਸਹਿਣ ਕਰਨ ਵਾਲੀ ਤੇ ਵਿਦਰੋਹਾਂ ਸੰਘਰਸ਼ਾਂ ਤੋਂ ਦੂਰ ਲੈ ਕੇ ਜਾਣ ਵਾਲੀ ਹੁੰਦੀ ਹੈ। ਬਰੈਂਪਟਨ (ਕੈਨੇਡਾ) ਵਿਚ ਛਪਦੀਆਂ ਅਖ਼ਬਾਰਾਂ ਵਿਚ ਪਹਿਲੇ ਪੰਨੇ 'ਤੇ ਮੋਟੀ ਸੁਰਖੀ ਛਪਦੀ ਹੈ ਜਿਸ ਅਨੁਸਾਰ ਪੁਲਿਸ ਨੇ ਤਿੰਨ ਪੰਜਾਬੀ ਮੁੰਡਿਆਂ ਨੂੰ ਸਟੋਰ ਲੁੱਟਣ ਦੇ ਮਾਮਲੇ ਵਿਚ ਕਾਬੂ ਕੀਤਾ ਹੈ। ਤਿੰਨਾਂ ਦੇ ਨਾਵਾਂ ਪਿੱਛੇ ਪ੍ਰੀਤ ਲੱਗਦਾ ਹੈ। ਇਹ ਖ਼ਬਰ ਪੜ੍ਹ ਕੇ ਅਸੀਂ ਆਚੰਭਿਤ ਨਹੀਂ ਹੁੰਦੇ। ਇਹ ਖ਼ਤਰਨਾਕ ਵਰਤਾਰਾ ਹੈ। ਜਦ ਅਜਿਹੀਆਂ ਘਟਨਾਵਾਂ ਸਾਨੂੰ ਹੈਰਾਨ ਨਾ ਕਰਨ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਜੀਵਨ ਦੀਆਂ ਬੇਤਰਤੀਬੀਆਂ ਨਾਲ਼ ਸਮਝੌਤਾ ਕਰ ਲਿਆ ਹੈ। ਸਮਾਜ ਵਿਚ ਗਲਤ ਹੋ ਵਾਪਰ ਰਹੇ ਦੇ ਨਤੀਜਿਆਂ ਬਾਰੇ ਸੋਚਣਾ ਬੰਦ ਕਰ ਦਿੱਤਾ ਹੈ। ਅਸੀਂ ਕਿਸੇ ਵੱਡੇ ਹਾਦਸੇ ਦੇ ਵਾਪਰਨ ਦੀ ਉਡੀਕ ਕਰ ਰਹੇ ਹਾਂ। ਅਜਿਹਾ ਓਦੋਂ ਵੀ ਵਾਪਰਦਾ ਹੈ ਜਦੋਂ ਸਾਡੇ ਆਸ ਪੜੋਸ ਗੈਰ ਕਾਨੂੰਨੀ ਨਸ਼ਿਆਂ ਦਾ ਕਾਰੋਬਾਰ ਹੋ ਰਿਹਾ ਹੁੰਦਾ ਹੈ, ਪਰਿਵਾਰ ਬਿਖਰ ਰਹੇ ਹੁੰਦੇ ਹਨ, ਜਵਾਨ ਲੜਕੇ ਮਰ ਰਹੇ ਹੁੰਦੇ ਹਨ ਤੇ ਅਸੀਂ ਚੁੱਪ ਰਹਿੰਦੇ ਹਾਂ। ਅਜਿਹਾ ਚੋਣਾਂ ਵਿਚ ਹਰ ਵਾਰ ਕਿਸੇ ਕਾਤਲ, ਬਲਾਤਕਾਰੀ, ਗੁੰਡੇ, ਬਦਮਾਸ਼ ਤੇ ਭ੍ਰਿਸ਼ਟ ਦਾ ਵੱਡੇ ਫਰਕ ਨਾਲ ਚੋਣਾਂ ਜਿੱਤਣ ਤੋਂ ਬਾਅਦ ਸੰਸਦ ਵਿਚ ਪਹੁੰਚਣ ਵੇਲੇ ਵੀ ਵਾਪਰਦਾ ਹੈ। ਇਹ ਘਟਨਾਵਾਂ ਆਪਣੀ ਸੂਲ਼ੀ ਦਾ ਆਪਣੇ ਹੱਥੀਂ ਪ੍ਰਬੰਧ ਕਰਨਾ ਹੁੰਦਾ ਹੈ। ਪਰਵਾਸ ਕਰਕੇ ਬਿਹਤਰ ਜੀਵਨ ਹਾਲਤਾਂ ਲਈ ਦੂਜੇ ਦੇਸ਼ ਵਿਚ ਅਜਿਹੀਆਂ ਕਰਤੂਤਾਂ ਡੂੰਘੀ ਸੋਚ ਵਿਚਾਰ ਮੰਗਦੀਆਂ ਹਨ। ਕੈਨੇਡਾ ਵਿਚ ਅਜਿਹਾ ਕੀ ਹੈ ਕਿ ਅਸੀਂ ਆਪਣੀਆਂ ਚੰਗੀਆਂ ਨੌਕਰੀਆਂ ਛੱਡ ਕੇ, ਕਾਰੋਬਾਰ ਤਿਆਗ ਕੇ, ਚੰਗੀ ਭਲੀ ਵਾਹੀ ਖੇਤੀ ਕਿਰਸਾਨੀ ਛੱਡ ਕੇ ਦੋ-ਮੰਜ਼ਲੀ ਕੋਠੀਆਂ ਨੂੰ ਜਿੰਦਰੇ ਮਾਰ ਕੇ ਇੱਧਰ ਆ ਗਏ ਹਾਂ ਜਾਂ ਆਉਣ

ਲਈ ਤਰਲੋਮੱਛੀ ਹੋ ਰਹੇ ਹਾਂ। ਅਸੀਂ ਆਪਣੀਆਂ ਅਠਾਂਰਾਂ-ਅਠਾਰਾਂ ਸਾਲਾਂ ਦੀਆਂ ਮਾਸੂਮ ਧੀਆਂ ਤੇ ਪੁੱਤਰਾਂ ਨੂੰ ਵੱਡੀ ਰਕਮ ਖ਼ਰਚ ਕਰਕੇ ਜਹਾਜ਼ੇ ਚਾੜ੍ਹ ਰਹੇ ਹਾਂ? ਸ਼ਾਇਦ ਬਹੁਤ ਕੁਝ ਸੀ ਤੇ ਹੈ ਵੀ। ਪਰ ਸਾਡਾ ਵਿਹਾਰ ਤੇ ਚਾਲ-ਚੱਲਣ ਇਸ ਦੇ ਸਿਫਤੀ ਮੁਹਾਂਦਰੇ ਨੂੰ ਵਲੂੰਦਰ ਰਿਹਾ ਹੈ। ਕਾਰਾਂ ਚੋਰੀ ਕਰਨ, ਡਰੱਗਜ਼ ਦਾ ਕਾਰੋਬਾਰ ਕਰਨ, ਸਟੋਰਾਂ ਦੀਆਂ ਕੰਧਾਂ ਪਾੜ ਕੇ ਸਮਾਨ ਲੁੱਟ ਕੇ ਲੈ ਜਾਣ, ਸਟੋਰਾਂ ਦੀਆਂ ਟਰਾਲੀਆਂ ਵਿਚ ਗਰੋਸਰੀ ਦਾ ਸਮਾਨ ਲੱਦ ਕੇ ਆਪਣੇ ਘਰ ਤੱਕ ਲਿਜਾਕੇ ਟਰਾਲੀ ਕਿਸੇ ਗਲੀ ਸੜਕ ਕਿਨਾਰੇ ਲਵਾਰਿਸ ਛੱਡ ਦੇਣੀ, ਕਾਰਾਂ ਵਿਚ ਉੱਚੀ ਆਵਾਜ਼ ਵਿਚ ਗਾਣੇ ਲਾਉਣੇ ਤੇ ਪਲਾਜ਼ਿਆਂ, ਸਿਟੀ ਸੈਂਟਰਾਂ ਦੀਆਂ ਪਾਰਕਾਂ ਵਿਚ ਗੇੜੇ ਲਾਉਣੇ, ਕੁੜੀਆਂ ਨੂੰ ਕਾਮੀ ਨਿਗਾਹਾਂ ਨਾਲ ਘੂਰਨਾ ਆਦਿ ਕਈ ਨਿੱਕੀਆਂ ਨਿੱਕੀਆਂ ਗੱਲਾਂ ਹਨ ਜਿਨ੍ਹਾਂ ਦੇ ਨਤੀਜੇ ਵੱਡੇ ਨਿਕਲਣ ਵਾਲੇ ਹਨ। ਅਜਿਹੇ ਧੰਦਿਆਂ 'ਚ ਲੁਪਤ ਲੋਕ ਭਾਵੇਂ ਥੋੜ੍ਹੇ ਜਿਹੇ ਹਨ, ਪਰ ਸਮੁੱਚੇ ਭਾਈਚਾਰੇ ਦੇ ਮੱਥੇ 'ਤੇ ਕਲੰਕ ਦਾ ਦਾਗ ਲਾਉਣ ਲਈ ਬਥੇਰੇ ਹਨ।

ਇਹ ਹੁਣ ਕੋਈ ਨਵੀਂ ਗੱਲ ਨਹੀਂ ਕਿ ਕੈਨੇਡਾ ਵਿਚ ਪਰਵਾਸੀਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਥੇ ਪੱਕੇ ਹੋਣ ਲਈ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਦੋ ਲੱਖ ਦੇ ਨੇੜੇ ਪੁੱਜ ਗਈ ਹੈ ਜਿਹਨਾਂ ਵਿਚ 10000 ਪੰਜਾਬੀ ਹਨ। ਅਸਾਇਲਮ (ਸ਼ਰਨ) ਕੈਨੇਡਾ ਵਿਚ ਪੱਕੇ ਹੋਣ ਦਾ ਇੱਕ ਰਾਹ ਹੈ। ਇਸਦੀ ਇਜਾਜ਼ਤ ਤਾਂ ਮਿਲਦੀ ਹੈ ਜੇਕਰ ਤੁਹਾਡੀ ਨਸਲ, ਧਰਮ, ਕੌਮੀਅਤ, ਜਾਂ ਰਾਜਨੀਤਕ ਵਿਚਾਰਾਂ ਕਾਰਣ ਤੁਹਾਨੂੰ ਤੁਹਾਡੇ ਆਪਣੇ ਦੇਸ਼ ਵਿਚ ਸਤਾਇਆ ਜਾ ਰਿਹਾ ਹੈ। ਤੁਹਾਡੇ ਉਪਰ ਅੱਤਿਆਚਾਰ ਹੋ ਰਿਹਾ ਹੈ ਜਾਂ ਹੋਣ ਦਾ ਡਰ ਹੈ। ਇਸ ਤੋਂ ਇਲਾਵਾ ਵਰਕ ਪਰਮਿਟ ਵੀ ਇੱਕ ਤਰੀਕਾ ਹੈ ਜਿਸ ਨਾਲ ਅਸੀਂ ਕੈਨੇਡਾ ਵਿਚ ਪੱਕੇ ਹੋਣ ਦੀ ਆਸ ਕਰ ਸਕਦੇ ਹਾਂ। ਵਿਦਿਆਰਥੀ ਵੀਜ਼ੇ ਉਪਰ ਕੈਨੇਡਾ ਆਏ ਜਾਂ ਆ ਰਹੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਲਗਾਤਾਰ ਵੱਧ ਰਹੀਆਂ ਹਨ। ਰਾਹ ਗਲੀ ਮਿਲਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਜਦੋਂ ਜੌਬ ਦਾ ਪੁੱਛੀ ਦਾ ਤਾਂ ਬਹੁਤਿਆਂ ਦਾ ਜਵਾਬ ਹੁੰਦਾ ਕਿ ਕੋਸ਼ਿਸ਼ ਕਰ ਰਹੇ ਹਾਂ ਪਰ ਅਜੇ ਮਿਲੀ ਨਹੀਂ। ਗਰੌਸਰੀ ਮਹਿੰਗੀ ਹੋ ਗਈ ਹੈ। ਰਹਿਣ ਲਈ ਬੇਸਮੈਂਟਾਂ ਦੇ ਕਿਰਾਏ ਵੱਧ ਗਏ ਹਨ। ਜੇਕਰ ਇਨ੍ਹਾਂ ਦੇ ਭਵਿੱਖ ਦੀ ਗੱਲ ਕਰੀਏ ਤਾਂ ਹਾਲਾਤ ਹੱਕ ਵਿਚ ਭੁਗਤਦੇ ਨਹੀਂ ਲੱਗਦੇ। ਪਰੈੱਸ ਦੇ ਇੱਕ ਹਿੱਸੇ ਦੀ ਖ਼ਬਰ ਹੈ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਪੱਕੇ ਤੌਰ 'ਤੇ ਕੈਨੇਡਾ ਵਿਚ ਨਹੀਂ ਰਹਿ ਸਕਦੇ। ਉਸ ਨੇ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਮੁਕੰਮਲ ਕਰਕੇ ਆਪਣੇ ਘਰ ਪਰਤ ਜਾਣ ਦੀ ਸਲਾਹ ਦਿੱਤੀ ਹੈ। ਅਫ਼ਵਾਹਾਂ ਵਰਗੀ ਖ਼ਬਰ ਇਹ ਵੀ ਹੈ ਕਿ ਕੈਨੇਡਾ ਸਰਕਾਰ ਵਰਕ ਪਰਮਿਟ ਦੇਣੇ ਬੰਦ ਕਰ ਰਹੀ ਹੈ। ਉਂਝ ਜਦੋਂ

ਇਸ ਦਾ ਦੂਜਾ ਪਾਸਾ ਵੇਖਦੇ ਹਾਂ ਤਾਂ ਸਥਿਤੀ ਭਿੰਨ ਲੱਗਦੀ ਹੈ। ਵਿਦਿਆਰਥੀ ਵੀਜ਼ੇ 'ਤੇ ਆਏ ਵਿਦਿਆਰਥੀਆਂ ਦੀ ਫੀਸ ਦੇ ਰੂਪ ਵਿਚ ਆਉਂਦੀ ਰਕਮ ਅਰਬਾਂ ਡਾਲਰ ਹੈ। ਇਸ ਦੇਸ਼ ਦੀ ਆਰਥਿਕਤਾ ਪਰਵਾਸੀਆਂ ਦੁਆਰਾ ਫੀਸ ਅਤੇ ਟੈਕਸ ਦੇ ਰੂਪ ਵਿਚ ਆਉਂਦੀ ਰਾਸ਼ੀ ਉਪਰ ਨਿਰਭਰ ਹੈ। ਕੁਝ ਵੀ ਹੋਵੇ ਹੁਣ ਦੇ ਵੇਲਿਆਂ ਵਿਚ ਹਰ ਹੈਸੀਅਤ ਦਾ ਪਰਵਾਸੀ ਸੰਕਟ ਵਿਚ ਹੈ। ਪਰਵਾਸ ਲਈ ਘਰੋਂ ਤੁਰਨਾ ਕਠਿਨ ਫੈਸਲਾ ਹੁੰਦਾ ਹੈ। ਰਿਵਰਸ ਪਰਵਾਸ ਹੋਰ ਵੀ ਕਠਿਨ ਤੇ ਨਿਰਾਸ਼ਾਜਨਕ ਹੁੰਦਾ ਹੈ। ਕੁਝ ਇਹ ਕਠਿਨ ਫੈਸਲਾ ਕਰ ਵਾਪਸ ਵੀ ਪਰਤ ਰਹੇ ਹਨ। ਇਹ ਰੁਝਾਨ ਅਜੇ ਮੁਢਲੇ ਪੜਾਅ 'ਤੇ ਹੈ। ਫਿਰ ਵੀ ਸਥਿਤੀ ਦਾ ਮੁਲਾਂਕਣ ਕਰਨ ਲਈ ਬਹੁਤ ਹੈ। ਬਾਕੀਆਂ ਨੂੰ ਵੀ ਸੋਚਣ ਦੀ ਲੋੜ ਹੈ।

ਵਿਜ਼ਟਰ ਵੀਜ਼ੇ 'ਤੇ ਆ ਰਹੇ ਪਰਵਾਸੀ ਇੱਥੇ ਪੱਕੇ ਤੌਰ 'ਤੇ ਟਿੱਕ ਜਾਣਾ ਚਾਹੁੰਦੇ ਹਨ। ਇਸ ਲਈ ਉਸ ਏਜੰਟਾਂ ਤੇ ਵਕੀਲਾਂ ਦੀ ਸ਼ਰਨ ਵਿਚ ਜਾਂਦੇ ਹਨ। ਇਹ ਲੋਕ ਚਾਹਵਾਨਾਂ ਕੋਲੋਂ ਮੋਟੀ ਰਕਮ ਵਸੂਲ ਕੇ ਉਨ੍ਹਾਂ ਦੀ ਫਾਈਲ ਅਸਾਇਲਮ ਲਈ ਲਾ ਦਿੰਦੇ ਹਨ। ਫਾਈਲ ਨਾਲ਼ ਝੂਠੇ ਸੱਚੇ ਡਾਕੂਮੈਂਟਸ ਵਕੀਲ ਤਿਆਰ ਕਰ ਲੈਂਦੇ ਹਨ। ਅਸਾਇਲਮ ਮਿਲਣ 'ਤੇ ਬੰਦੇ ਨੂੰ ਰਿਫਊਜੀ ਦਾ ਸਟੇਟਸ ਮਿਲ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਤੁਹਾਨੂੰ ਆਪਣੇ ਹੀ ਦੇਸ਼ ਵਿਚ ਖ਼ਤਰਾ ਹੈ। ਇਥੇ ਕੈਨੇਡਾ ਵਿਚ ਪੱਕੇ ਹੋਣ ਲਈ ਆਪਣੇ ਦੇਸ਼ ਵਿਚ ਖ਼ਤਰੇ ਦਾ ਖ਼ਤਰਾ ਵੀ ਮੁੱਲ ਲੈਣਾ ਪੈਂਦਾ ਹੈ। ਇੰਝ ਹੀ ਲੋਕ ਮੋਟੀਆਂ ਰਕਮਾਂ ਲੈ ਕੇ ਵਰਕ ਪਰਮਿਟ ਦਿੰਦੇ ਹਨ। ਬੱਸ ਸਟਾਪ 'ਤੇ ਮਿਲੀ ਲੜਕੀ ਦੱਸਦੀ ਹੈ ਕਿ ਮੇਰੇ ਕੋਲ਼ ਵਰਕ ਪਰਮਿਟ ਹੈ ਪਰ ਵਰਕ ਨਹੀਂ ਹੈ। ਕੈਨੇਡਾ ਦੇ ਚਾਹਵਾਨਾਂ ਨਾਲ਼ ਇਹ ਧਾਂਦਲੀਆਂ ਵੀ ਹੋ ਰਹੀਆਂ ਹਨ। ਇੱਕ ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਖੁੱਲ੍ਹ ਕੇ ਗੱਲ ਕਰਨ ਦਾ ਮੌਕਾ ਦਿੱਤਾ ਤਾਂ ਬਹੁਤ ਸਾਰੀਆਂ ਗੱਲਾਂ ਦਾ ਓਹਲਾ ਰੱਖ ਕੇ ਲੜਕੀਆਂ ਨੇ ਦੱਸਿਆ ਕਿ ਜੌਬ ਦੇਣ ਬਦਲੇ ਉਨ੍ਹਾਂ ਨੂੰ ਉਹ ਕੰਮ ਵੀ ਕਰਨ ਨੂੰ ਕਿਹਾ ਜਾਂਦਾ ਹੈ ਜਿਸ ਦਾ ਜ਼ਿਕਰ ਉਹ ਇਥੇ ਨਹੀਂ ਕਰ ਸਕਦੀਆਂ। ਇੱਕ ਲੜਕੀ ਨੂੰ ਮਸਾਜ਼ ਕਰਨ ਦੀ ਨੌਕਰੀ ਦੀ ਪੇਸ਼ਕਸ਼ ਕੀਤੀ ਗਈ। ਉਹ ਮਸਾਜ਼ ਦੇ ਅਰਥ ਸਮਝਦੀ ਸੀ। ਪੇਸ਼ਕਸ਼ ਠੁਕਰਾਅ ਕੇ ਆ ਗਈ। ਇੱਕ ਹੋਰ ਨੂੰ ਸ਼ਰਾਬ ਵਰਤਾਉਣ ਦੀ ਜੌਬ ਦੇਣ ਵੇਲੇ ਸ਼ਰਤ ਸੀ ਕਿ ਕੱਪੜੇ ਛੋਟੇ ਪਹਿਨਣੇ ਹਨ ਅਤੇ ਖ਼ੁਦ ਸ਼ਰਾਬ ਦਾ ਸੇਵਨ ਕਰਨਾ ਹੈ ਤਾਂ ਜੋ ਗਾਹਕ ਨੂੰ ਉਸਦੇ ਸਵਾਦ ਬਾਰੇ ਦੱਸਿਆ ਜਾਵੇ। ਉਸ ਨੂੰ ਵੀ ਜੌਬ ਠੁਕਰਾਉਣੀ ਠੀਕ ਲੱਗੀ। ਇਹ ਸਮਝ ਤੇ ਇਰਾਦਾ ਹਰ ਕਿਸੇ ਕੋਲ਼ ਨਹੀਂ ਹੁੰਦਾ। ਕਿਸੇ ਸਵੀਕਾਰ ਵੀ ਕਰ ਲਿਆ ਹੋਵੇਗਾ। ਇੰਝ ਕੁਝ ਹੋਰ ਵਿਦਿਆਰਥੀਆਂ ਨੇ ਆਪਣੇ ਮੁੱਢਲੇ ਦਿਨਾਂ ਦੇ ਸੰਘਰਸ਼ ਦੀਆਂ ਲੂੰ ਕੰਡੇ ਖੜੇ ਕਰਨ ਵਾਲੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸੈਸ਼ਨ ਦੌਰਾਨ ਮੈਨੂੰ ਇਹ ਸਮਝ ਆਈ ਕਿ ਸਾਨੂੰ ਵੱਧ ਤੋਂ ਵੱਧ ਅਜਿਹੇ ਮੰਚ ਮੁਹੱਈਆ

ਕਰਵਾਉਣੇ ਚਾਹੀਦੇ ਹਨ ਜਿੱਥੇ ਉਹ ਆਪਣੇ ਸੰਘਰਸ਼ ਦੀ ਗੱਲ ਕਰਦਿਆਂ ਆਉਂਦੀਆਂ ਮੁਸ਼ਕਿਲਾਂ ਬਾਰੇ ਗੱਲ ਕਰ ਸਕਣ। ਇੰਝ ਹੋਰਾਂ ਅਤੇ ਨਵਿਆਂ ਨੂੰ ਲੋੜੀਂਦਾ ਗਿਆਨ ਮਿਲ ਸਕਦਾ ਹੈ ਜਿਸ ਨਾਲ ਉਹ ਆਉਣ ਵਾਲੀਆਂ ਚੁਣੌਤੀਆਂ ਨਾਲ਼ ਨਜਿੱਠਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਸਕਦੇ ਹਨ।

ਕੈਨੇਡਾ ਚੰਗਾ ਮੁਲਕ ਹੈ। ਪੌਣ, ਪਾਣੀ ਤੇ ਭੋਇੰ ਨੂੰ ਸੰਭਾਲਿਆ ਹੈ। ਲੋਕ ਨਿਯਮਾਂ ਦਾ ਪਾਲਣ ਕਰਦੇ ਹਨ। ਆਪਣੇ ਕਿਸੇ ਕੰਮ ਲਈ ਦਫ਼ਤਰਾਂ ਵਿਚ ਖੱਜਲ ਖੁਆਰ ਨਹੀਂ ਹੋਣਾ ਪੈਂਦਾ। ਪਰ ਮੰਦੀ ਦਾ ਦੌਰ ਚੱਲ ਰਿਹਾ ਹੈ। ਨਵੇਂ ਆਏ ਵਿਦਿਆਰਥੀਆਂ ਨੂੰ ਤੇ ਕਈ ਪੁਰਾਣਿਆਂ ਨੂੰ ਵੀ ਜੌਬ ਨਹੀਂ ਮਿਲ ਰਹੀ। ਵਿਆਜ ਦਰਾਂ ਵੱਧਣ ਕਾਰਨ ਘਰ ਖਰੀਦਣੇ ਔਖੇ ਹੋ ਗਏ ਹਨ। ਜਿਊਣਾ ਮਹਿੰਗਾ ਹੋ ਗਿਆ ਹੈ। ਅਜਿਹੇ 'ਚ ਤਹੱਮਲ ਰੱਖਣ ਦੀ ਲੋੜ ਹੈ। ਪਰਵਾਸੀ ਜਿਹੜੇ ਸਿਸਟਮ ਦੇ ਮੇਚ ਨਹੀਂ ਆਉਂਦੇ, ਸਰਕਾਰ ਦੀ ਅੱਖ 'ਚ ਰੜਕਦੇ ਹਨ। ਸਟੱਡੀ ਵੀਜ਼ੇ 'ਤੇ ਆਇਆਂ ਨੂੰ ਪੀ.ਆਰ ਨਾ ਦੇਣ ਦੇ ਫੈਸਲੇ ਵਰਗੇ ਹੋਰ ਕਠਿਨ ਫੈਸਲੇ ਵੀ ਆ ਸਕਦੇ ਹਨ। ਪੀ.ਆਰ, ਹੋ ਗਿਆਂ ਨੂੰ ਵੀ ਕਿਸੇ ਭਰਮ ਵਿਚ ਨਹੀਂ ਰਹਿਣਾ ਚਾਹੀਦਾ। ਪੂੰਜੀਵਾਦੀ ਸਿਸਟਮ ਮੁਨਾਫ਼ੇ ਨੂੰ ਕੇਂਦਰ ਵਿਚ ਰੱਖਦਾ ਹੈ। ਜਦ ਤੱਕ ਪਰਵਾਸੀ ਉਹਨਾਂ ਲਈ ਸਸਤੀ ਲੇਬਰ ਹਨ, ਆਪਣੀਆਂ ਮੁੱਢਲੀਆਂ ਲੋੜਾਂ ਲਈ ਸੁਚੇਤ ਨਹੀਂ ਹਨ, ਥਾਂ-ਥਾਂ ਉਸਰ ਗਏ ਧਾਰਮਕ ਸਥਾਨਾਂ ਦੀ ਬਹੁਤਾਤ ਨੂੰ ਹੀ ਆਪਣੀ ਪ੍ਰਾਪਤੀ ਸਮਝ ਰਹੇ ਹਨ, ਸਿਹਤ ਨਾਲ਼ ਸਬੰਧਤ ਲੋੜਾਂ ਲਈ ਸਾਂਝੀ ਆਵਾਜ਼ ਬਣ ਸੜਕਾਂ 'ਤੇ ਨਹੀਂ ਨਿਕਲਦੇ, ਵਧੀਆਂ ਵਿਆਜ ਦਰਾਂ ਤੇ ਮਹਿੰਗੀ ਹੋ ਗਈ ਗਰੌਸਰੀ ਨੂੰ ਮੁੱਦਾ ਨਹੀਂ ਬਣਾਉਂਦੇ ਅਤੇ ਟੈਕਸ ਦਰਾਂ, ਮਾਮੂਲੀ ਉਜਰਤ ਲਈ ਕੈਸ਼ 'ਤੇ ਕੰਮ ਕਰਦੇ ਕਾਮਿਆਂ ਅਤੇ ਉਚੇਰੀ ਸਿੱਖਿਆ ਲਈ ਲੋੜੀਂਦੇ ਕਾਲਜ, ਯੂਨੀਵਰਸਿਟੀਆਂ ਦੀ ਮੰਗ ਲਈ ਇਕੱਠੇ ਨਹੀਂ ਹੁੰਦੇ, ਪੂੰਜੀਵਾਦੀ ਸਰਕਾਰ ਪੀ.ਆਰ. ਅਤੇ ਕੱਚੇ ਕਾਮਿਆਂ ਦਾ ਸਵਾਗਤ ਕਰਦੀ ਰਹੇਗੀ। ਜਦ ਸਿਸਟਮ ਨੂੰ ਸਾਡੀ ਲੋੜ ਨਾ ਰਹੀ, ਇੱਕ ਨੋਟਿਸ ਨਾਲ਼ ਸਾਨੂੰ ਬਾਹਰ ਜਾਣ ਦਾ ਫ਼ੁਰਮਾਨ ਜਾਰੀ ਹੋ ਜਾਵੇਗਾ। ਅਜਿਹੀ ਸਥਿਤੀ ਦੇ ਸੱਚ ਨੂੰ ਸਮਝਦਿਆਂ ਪਰਵਾਸੀਆਂ ਤੇ ਖਾਸ ਕਰਕੇ ਪੰਜਾਬੀ ਪਰਵਾਸੀਆਂ ਨੂੰ ਸੋਚਣ ਦੀ ਲੋੜ ਹੈ। ਨਹੀਂ ਤਾਂ ਕੈਨੇਡਾ ਹੱਥਾਂ 'ਚੋਂ ਤਿਲਕ ਜਾਵੇਗਾ।



# ਜ਼ਿੰਦਗੀ ਨੂੰ ਸੀਪ ਲਾਉਂਦੀਆਂ ਉਮਰਾਂ

ਇਹ ਸੌਕਰ ਸੈਂਟਰ ਹੈ। ਬਾਹਰੋਂ ਵੇਖਿਆਂ ਸਿਰਫ਼ ਇੱਕ ਇਮਾਰਤ। ਪਰ ਇਸ ਵਿਸ਼ਾਲ ਇਮਾਰਤ ਦੇ ਅੰਦਰ ਖੇਡ ਸੰਸਾਰ ਵੱਸਦਾ ਹੈ। ਚਾਰ ਖੇਡ ਮੈਦਾਨ ਹਨ। ਇਥੇ ਫੁੱਟਬਾਲ, ਬਾਸਕਟਬਾਲ, ਵਾਲੀਬਾਲ ਤੇ ਬੈਡਮਿੰਟਨ ਤੇ ਕਈ ਹੋਰ ਖੇਡਾਂ ਖੇਡੀਆਂ ਜਾਂਦੀਆਂ ਹਨ। ਛੋਟੇ ਬੱਚਿਆਂ ਦੀਆਂ ਕੋਚਿੰਗ ਕਲਾਸਾਂ ਤੋਂ ਇਲਾਵਾ ਸ਼ਨੀਵਾਰ-ਐਤਵਾਰ ਨੂੰ ਸਕੂਲ ਤੇ ਕਾਲਜ ਪੱਧਰ ਦੇ ਖਿਡਾਰੀਆਂ ਦੇ ਮੁਕਾਬਲੇ ਹੁੰਦੇ ਹਨ। ਵੱਖ-ਵੱਖ ਕਲੱਬਾਂ ਦੇ ਖਿਡਾਰੀਆਂ ਦੇ ਮੁਕਾਬਲੇ ਵੀ ਹੁੰਦੇ ਹਨ। ਇਹਨਾਂ ਖਿਡਾਰੀਆਂ ਵਿਚ ਏਸ਼ੀਆ, ਅਫਰੀਕਾ ਅਤੇ ਨਾਰਥ ਅਮਰੀਕਾ ਦੇ ਵੱਖ-ਵੱਖ ਦੇਸ਼ਾਂ ਦੇ ਖਿਡਾਰੀ ਖੇਡਦੇ ਹਨ। ਖੇਡ ਰਹੇ ਬੱਚਿਆਂ ਦੇ ਮਾਪੇ, ਸਾਥੀ ਤੇ ਅਧਿਆਪਕ ਗੈਲਰੀ ਵਿਚ ਬੈਠ ਕੇ ਇਹ ਮੈਚ ਵੇਖਦੇ ਹਨ। ਅਸੀਂ ਵੀ ਥੋੜ੍ਹਾ ਝਿਜਕਦੇ ਚੜ੍ਹ ਜਾਂਦੇ ਹਾਂ ਪੌੜੀਆਂ ਤੇ ਗੈਲਰੀ ‘ਚ ਬੈਠ ਵੇਖਦੇ ਰਹਿੰਦੇ ਹਾਂ ਖੇਡ ਰਹੇ ਬੱਚਿਆਂ ਦਾ ਜਜ਼ਬਾ ਤੇ ਲਗਨ। ਇੰਝ ਰੀਂਗ-ਰੀਂਗ ਤੁਰਦਾ ਸਾਡਾ ਸਮਾਂ ਸਮੇਂ ਦੀਆਂ ਸੂਈਆਂ ਵਿਸਾਰ ਦਿੰਦਾ ਹੈ। ਇਸੇ ਇਮਾਰਤ ਅੰਦਰ ਇੱਕ ਅਜਿਹੇ ਹੀ ਹਾਲ ਅੰਦਰ ਸਵੇਰੇ 9 ਵਜੇ ਤੋਂ 3 ਵਜੇ ਤੱਕ ਤੁਸੀਂ ਸੈਰ ਕਰ ਸਕਦੇ ਹੋ। ਸਾਲਾਨਾ ਥੋੜ੍ਹੇ ਜਿਹੇ ਪੈਸੇ ਲੱਗਦੇ ਹਨ। ਸੱਤਰ ਸਾਲ ਤੋਂ ਵੱਧ ਉਮਰ ਵਾਲਿਆਂ ਲਈ ਇਹ ਸੈਰ ਦੀ ਸੁਵਿਧਾ ਮੁਫ਼ਤ ਹੈ। ਸਰਦੀਆਂ ਦੇ ਦਿਨਾਂ ਦੌਰਾਨ ਜਦੋਂ ਬਾਹਰ ਸਨੋਅ ਪਈ ਹੁੰਦੀ ਹੈ, ਤਾਪਮਾਨ ਮਨਫ਼ੀ ਡਿਗਰੀ ਹੁੰਦਾ ਹੈ, ਇਥੇ ਤੁਸੀਂ ਆਰਾਮ ਨਾਲ ਸੈਰ ਕਰ ਸਕਦੇ ਹੋ। ਗਰਮੀਆਂ ‘ਚ ਟੇਡੀਆਂ ਕਿਰਨਾਂ ਦੇ ਸੇਕ ਤੋਂ ਬਚਣ ਲਈ ਇਹ ਇਮਾਰਤ ਆਸਰਾ ਦਿੰਦੀ ਹੈ। ਜਿੰਨ੍ਹਾਂ ਨੇ ਇਸ ਸੁਵਿਧਾ ਲਈ ਆਪਣਾ ਨਾਂ ਦਰਜ਼ ਨਹੀਂ ਕਰਵਾਇਆ ਉਹ ਬਰਾਮਦਿਆਂ ਅੰਦਰ ਸੈਰ ਕਰ ਸਕਦੇ ਹਨ। ਬਰਾਮਦਿਆਂ 'ਚ ਟਹਿਲਦਿਆਂ ਕਈ ਵਾਰ ਲੋਕਾਂ ਦੇ ਮੂੰਹੋਂ ਇਹ ਗੱਲ ਸੁਣੀ ਹੈ ਕਿ ਯਾਰ ਇਹ ਸਹੂਲਤਾਂ ਪੰਜਾਬ ਵਿਚ ਕਿੱਥੇ ਹਨ। ਉਂਝ ਪੰਜਾਬ ਦੀਆਂ ਸੱਥਾਂ ‘ਚ ਰਹਿ ਗਏ ਹਾਣੀਆਂ ਨੂੰ ਯਾਦ ਕਰਦਿਆਂ ਇਹ ਸਹੂਲਤਾਂ ਨਿਗੂਣੀਆਂ ਵੀ ਲੱਗਦੀਆਂ। ਕੁਝ ਮਲੰਗ ਕਿਸਮ ਦੇ ਬਜ਼ੁਰਗਾਂ ਦੀਆਂ ਟਹਿਲਦੀਆਂ ਜੈਕਟਾਂ ਦੇ ਆਫ਼ਰੇ ਬੋਝੇ ਸੈਰ ਦੇ ਅਖੀਰ ਵਿਚ ਪਰਦੇ ਨਾਲ਼ ਹੋਣ ਵਾਲ਼ੇ ਜਸ਼ਨ ਦੀ ਸੂਹ ਵੀ ਦੇ ਜਾਂਦੇ ਹਨ। ਇਸੇ ਇਮਾਰਤ ਦੇ ਇੱਕ ਹਿੱਸੇ ਵਿਚ ਮੇਜ-ਕੁਰਸੀਆਂ ਸਲੀਕੇ ਨਾਲ਼ ਸੱਜੀਆਂ ਹੋਈਆਂ ਹਨ। ਇਹਨਾਂ ਕੁਰਸੀਆਂ 'ਤੇ ਬੈਠ ਸੀਨੀਅਰ ਸਿਟੀਜ਼ਨ ਤਾਸ਼ ਦੀ ਬਾਜੀ ਲਾਉਂਦੇ ਹਨ। ਤਾਸ਼ ਦੀ ਇਹ ਖੇਡ ਸਵੇਰੇ

ਗਿਆਰਾਂ ਕੁ ਵਜੇ ਸ਼ੁਰੂ ਹੋ ਕੇ ਹਨੇਰਾ ਪੈਣ ਤੱਕ ਚਲਦੀ ਰਹਿੰਦੀ ਹੈ। ਕੁਝ ਬਜ਼ੁਰਗ ਤਾਂ ਆਪਣਾ ਪੂਰਾ ਦਿਨ ਇਸ ਸੌਕਰ ਸੈਂਟਰ ਦੇ ਲੇਖੇ ਲਾਉਂਦੇ ਹਨ। ਇਸ ਇਮਾਰਤ ਦੇ ਬਾਹਰ ਵੀ ਫੁੱਟਬਾਲ ਦੇ ਵਿਸ਼ਾਲ ਮੈਦਾਨ ਹਨ ਜਿਨ੍ਹਾਂ ਨੂੰ ਸਰਦੀਆਂ ਵਿਚ ਸਫੈਦ ਟੈਂਟ ਨੁਮਾ ਅੰਡਾਕਾਰ ਪਰਦੇ, ਜਿਸਨੂੰ ਸ਼ਾਇਦ ਰੇਨ ਫਲਾਈ ਕਹਿੰਦੇ ਹਨ, ਨਾਲ਼ ਢੱਕਿਆ ਹੁੰਦਾ ਹੈ। ਇਸ ਰੇਨ ਫਲਾਈ ਟੈਂਟ ਦੇ ਅੰਦਰ ਫੁੱਟਬਾਲ ਦੇ ਮੈਚ ਚੱਲਦੇ ਰਹਿੰਦੇ ਹਨ। ਇਹ ਸੁਵਿਧਾਵਾਂ ਵੇਖ ਕੇ ਸੱਚ-ਮੁੱਚ ਇਸ ਸਿਸਟਮ 'ਤੇ ਰਸ਼ਕ ਆਉਂਦਾ ਹੈ। ਇਸ ਸੌਕਰ ਸੈਂਟਰ ਦਾ ਓਟ ਆਸਰਾ ਕਿਸੇ ਵੀ ਦੇਸ਼ ਕੌਮ ਦੇ ਲੋਕ ਲੈ ਸਕਦੇ ਹਨ। ਪਰ ਜ਼ਿਆਦਾ ਕਰਕੇ ਇਥੇ ਪੰਜਾਬੀ ਹੀ ਨਜ਼ਰ ਆਉਂਦੇ ਹਨ। ਅਜਿਹਾ ਸ਼ਾਇਦ ਇਸ ਬਰੈਂਪਟਨ ਸ਼ਹਿਰ ਵਿਚ ਪੰਜਾਬੀ ਵੱਸੋਂ ਵੱਧ ਹੋਣ ਕਾਰਨ ਹੈ। ਇਸੇ ਲਈ ਤਾਂ ਇਸ ਨੂੰ ਮਿੰਨੀ ਪੰਜਾਬ ਕਹਿੰਦੇ ਹਨ।

ਗੱਲ ਕਰਦੇ ਹਾਂ ਇਸ ਇਮਾਰਤ ਅੰਦਰ ਤਾਸ਼ ਖੇਡਦੇ ਸੀਨੀਅਰ ਸਿਟੀਜ਼ਨ ਯਾਨੀ ਬਜ਼ੁਰਗਾਂ ਦੀ। ਮੈਂ ਕਈ ਵਾਰ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ ਕਿ ਸਾਰਾ ਸਾਰਾ ਦਿਨ ਤਾਸ਼ ਕੁੱਟਦੇ ਇਹਨਾਂ ਬਜ਼ੁਰਗਾਂ ਦੇ ਪਰਿਵਾਰਕ ਤੇ ਸਮਾਜਿਕ ਹਾਲਾਤ ਕਿਹੋ ਜਿਹੇ ਹੋਣਗੇ? ਕੀ ਇਹ ਵਕਤ ਕੱਟਣ ਲਈ ਇਥੇ ਆਉਂਦੇ ਹਨ ਜਾਂ ਘਰ ਦੀ ਕਿਸੇ ਘੁਟਣ ਤੋਂ ਨਿਜਾਤ ਪਾਉਣ ਲਈ ਹਾਣੀਆਂ ‘ਚ ਬੈਠ ਆਜ਼ਾਦ ਕਹਿ ਕਹੇ ਲਾਉਣ ਦਾ ਲਾਹਾ ਲੈਣ ਲਈ ਨਿੱਤ ਜੁੜਦੇ ਹਨ? ਇਹ ਸਵਾਲ ਭਾਵੇਂ ਇਕਹਿਰਾ ਲੱਗਦਾ ਹੈ ਪਰ ਇਸਦਾ ਜਵਾਬ ਬਹੁ-ਪਰਤੀ ਹੈ। ਕਿਸੇ ਵੀ ਵਰਤਾਰੇ ਦਾ ਸਧਾਰਣੀ ਕਰਨ ਕਰਨਾ ਸੰਭਵ ਨਹੀਂ ਹੁੰਦਾ। ਹਰ ਘਰ, ਹਰ ਪਰਿਵਾਰ ਤੇ ਹਰ ਵਿਅਕਤੀ ਲਈ ਸਥਿਤੀ ਤੇ ਸਮਾਧਾਨ ਬਦਲ ਜਾਂਦੇ ਹਨ। ਇਥੇ ਇਹ ਵੀ ਗੌਲਣ ਯੋਗ ਹੈ ਕਿ ਇਹ ਸਾਰੇ ਸੀਪ ਲਾਉਣੀ ਖੇਡਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਤਿੰਨ-ਚਾਰ ਦਹਾਕੇ ਪਹਿਲਾਂ ਇਥੇ ਆਏ ਹਨ। ਇਥੇ ਆ ਕੇ ਇਹਨਾਂ ਜੌਬਾਂ ਵੀ ਕੀਤੀਆਂ ਹਨ ਤੇ ਹੁਣ ਸੇਵਾ-ਮੁਕਤ ਹੋ ਕੇ ਪੈਨਸ਼ਨਾਂ ਲੈ ਰਹੇ ਹਨ। ਕੁਝ ਆਪਣੇ ਧੀਆਂ-ਪੁੱਤਰਾਂ ਕੋਲ਼ ਆਏ ਹਨ ਤੇ ਇਥੇ ਉਨ੍ਹਾਂ ਦੇ ਨਾਲ਼ ਉਹਨਾਂ ਦੇ ਘਰ ਤੇ ਪਰਿਵਾਰ ਵਿਚ ਰਹਿ ਰਹੇ ਹਨ। ਇਹਨਾਂ ਦੀ ਜ਼ਿੰਦਗੀ ਵਿਚ ਬਹੁਤ ਵਾਰੀ ਸੀਪ ਲੱਗੀ ਹੈ ਤੇ ਕਈ ਥਾਈਂ ਇਨ੍ਹਾਂ ਨੇ ਵੀ ਸੀਪ ਲਾਈ ਹੈ। ਪੰਜਾਬੀ ਭਾਈਚਾਰੇ ਵਿਚ ਸੀਪ ਦਾ ਮਤਲਬ ਕਿਸੇ ਨਾਲ਼ ਧੋਖਾ ਕਰਨਾ ਜਾਂ ਕਿਸੇ ਨੂੰ ਬੇਵਕੂਫ਼ ਬਣਾਉਣਾ ਵੀ ਹੁੰਦਾ ਹੈ। ਜਦ ਮਿਥ ਕੇ ਤੇ ਆਹਮੋ-ਸਾਹਮਣੇ ਬੈਠ ਕੇ ਸੀਪ ਦੀ ਬਾਜੀ ਖੇਡੀ ਜਾਂਦੀ ਹੈ ਤਾਂ ਜਿੱਤਣ ਹਾਰਨ ਦੀ ਭਾਵਨਾ ਪ੍ਰਬਲ ਹੁੰਦੀ ਹੈ। ਇਸ ਭਾਵਨਾ ਕਰਕੇ ਹੀ ਤਾਸ਼ ਖੇਡ ਰਹੇ ਹਾਣੀਆਂ ਦੇ ਬੋਲ ਕਈ ਵਾਰ ਉੱਚੇ ਹੋ ਜਾਂਦੇ ਹਨ। ਗਲਤੀ ਕਰਨ ਵਾਲੇ ਹਾਣੀ ਦੀ ਖਿਚਾਈ ਵੀ ਹੋ ਜਾਂਦੀ ਹੈ। ਤਾਸ਼ ਦੀ ਇਹ ਬਾਜੀ ਖੇਡਦਿਆਂ ਮਨ ਦੀ ਇਕਾਗਰਤਾ ਤੇ ਘੋਖਵੀਂ ਦ੍ਰਿਸ਼ਟੀ ਦਾ ਹੋਣਾ ਬਹੁਤ ਜ਼ਰੂਰੀ ਹੈ। ਚਾਰ ਖਿਡਾਰੀਆਂ ਵਿਚ ਵੰਡੇ ਬਵਿੰਜਾ ਤਾਸ਼ ਦੇ ਪੱਤਿਆਂ ਦੀ

ਸੂਹ ਰੱਖਣੀ ਪੈਂਦੀ ਹੈ। ਸੀਪ ਲੱਗਣ ਦੇ ਪੰਜਾਹ ਨੰਬਰ ਹੁੰਦੇ ਹਨ। ਅਰਥਾਤ ਜਿਸ ਟੀਮ ਨੂੰ ਸੀਪ ਲੱਗ ਗਈ ਉਸ ਦੇ ਹੱਥੋਂ ਬਾਜੀ ਨਿਕਲ ਗਈ। ਤਾਸ਼ ਦੀ ਆਖਰੀ ਬਾਜੀ ਖੇਡ ਵਿਹਲੇ ਹੋਏ ਇੱਕ ਸੂਝਵਾਨ ਲੱਗਦੇ ਬੰਦੇ ਨਾਲ਼ ਇਸ ਖੇਡ ਬਾਰੇ ਗੱਲ ਕੀਤੀ ਤਾਂ ਉਸ ਕਿਹਾ ਕਿ ਇਸ ਉਮਰ ਵਿਚ ਸਰੀਰਕ ਤੇ ਮਾਨਸਿਕ, ਦੋਹਾਂ ਦੀ ਕਸਰਤ ਜ਼ਰੂਰੀ ਹੈ। ਤਾਸ਼ ਖੇਡਣੀ ਸਾਡਾ ਮਾਨਸਿਕ ਰੁਝੇਵਾਂ ਹੈ ਜਿਹੜਾ ਕਿ ਇਸ ਉਮਰ ਵਿਚ ਸਿਹਤਮੰਦ ਰੁਝੇਵਾਂ ਕਿਹਾ ਜਾ ਸਕਦਾ ਹੈ। ਉਂਝ ਕੁਝ ਲੋਕ ਪੈਸੇ ਲਾ ਕੇ ਵੀ ਇਹ ਬਾਜੀ ਖੇਡਦੇ ਹਨ। ਸ਼ਾਇਦ ਇਸੇ ਕਰਕੇ ਤਾਸ਼ ਦੀ ਆਦਤ ਨੂੰ ਸਮਾਜ ਦਾ ਇੱਕ ਵਰਗ ਬੁਰਾ ਸਮਝਦਾ ਹੈ। ਉਹਨਾਂ ਅਨੁਸਾਰ ਤਾਸ਼ ਦੀ ਆਦਤ ਹੀ ਤੁਹਾਨੂੰ ਜੂਆ ਖੇਡਣ ਲਾ ਦਿੰਦੀ ਹੈ। ਨਾਨਕ ਸਿੰਘ ਦੀ ਕਹਾਣੀ 'ਤਾਸ਼ ਦੀ ਆਦਤ' ਵਿਚ ਵੀ ਇੱਕ ਬਾਪ ਆਪਣੇ ਪੁੱਤਰ ਤਾਸ਼ ਖੇਡਣ ਤੋਂ ਵਰਜਦਾ ਹੈ। ਉਂਝ ਇਸ ਕਹਾਣੀ ਦਾ ਬਾਪ ਪਾਤਰ ਪੁਲਿਸ ਅਫ਼ਸਰ ਹੈ ਤੇ ਬੱਚੇ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣ ਵਾਲ਼ਾ ਖ਼ੁਦ ਅਨੈਤਿਕਤਾ ਦਾ ਸ਼ਿਕਾਰ ਯਾਨੀ ਰਿਸ਼ਵਤਖੋਰ ਹੈ।

ਪਰਵਾਸ ਹੰਢਾਉਂਦੇ ਇਨ੍ਹਾਂ ਬਜ਼ੁਰਗਾਂ ਬਾਰੇ ਕੋਈ ਸਾਂਝੀ ਰਾਏ ਬਣਾਉਣੀ ਮੁਸ਼ਕਿਲ ਹੈ। ਹਰ ਇੱਕ ਦਾ ਵਿਅਕਤੀਤਵ ਗੁੰਝਲਦਾਰ ਹੈ। ਇਸ ਲਈ ਕਿਸੇ ਵੀ ਧਾਰਨਾ ਜਾਂ ਰਾਏ ਨੂੰ ਵਿਆਪਕ ਪ੍ਰਸੰਗ ਵਿਚ ਵੇਖਣਾ ਸੰਭਵ ਨਹੀਂ ਹੁੰਦਾ। ਇਸ ਸੌਕਰ ਸੈਂਟਰ ਵਰਗੀਆਂ ਹੋਰ ਥਾਵਾਂ, ਪਾਰਕਾਂ, ਲਾਇਬ੍ਰੇਰੀਆਂ, ਗੁਰਦੁਆਰਿਆਂ ਵਿਚ ਜੁੜ ਬੈਠਣਾ ਇਥੇ ਕੈਨੇਡਾ ਵਿਚ ਸੱਥਾਂ ਬਣਾਉਣ ਵਰਗੀ ਗੱਲ ਹੈ। ਮੈਂ ਤਾਸ਼ ਖੇਡ ਰਹੇ ਇੱਕ ਬਜ਼ੁਰਗ ਨੂੰ ਸੀਪ ਦੇ ਅਰਥ ਪੁੱਛੇ ਤਾਂ ਉਸ ਕਿਹਾ ਕਿ ਸਾਨੂੰ ਤਾਂ ਸਭ ਤੋਂ ਵੱਧ ਸੀਪ ਲੀਡਰਾਂ ਨੇ ਲਾਈ ਹੈ। ਕਿਸਾਨੀ ਸੰਘਰਸ਼ ਦੀ ਗੱਲ ਚੱਲੀ ਤਾਂ ਕਹਿੰਦੇ ਲੱਗਦਾ ਨਹੀਂ ਕੋਈ ਹੱਲ ਨਿਕਲੇ। ਲੱਗਦਾ ਇਸ ਵਾਰ ਵੀ ਸਰਕਾਰ ਨੇ ਕਿਸਾਨਾਂ ਨੂੰ ਸੀਪ ਲਾ ਜਾਣੀ ਹੈ। ਤਾਸ਼ ਤੋਂ ਬਾਹਰ ਨਿਕਲ ਜਦ ਸੀਪ ਰਾਜਨੀਤਕ ਗਲਿਆਰਿਆਂ ਵਿਚ ਪ੍ਰਵੇਸ਼ ਕਰਦੀ ਹੈ ਤਾਂ ਸੀਪ ਖੇਡ ਰਹੇ ਹਾਣੀਆਂ ਦੇ ਕਹਿਕਹੇ ਉਦਾਸ ਹੋ ਜਾਂਦੇ ਹਨ। ਨਿਰਮੋਹੇ ਹੋ ਗਏ ਰਿਸ਼ਤਿਆਂ ਕੋਲ਼ ਜਾ ਕੇ ਇਹ ਕਹਿਕਹੇ ਚੀਸ ਨਾਲ਼ ਭਰ ਜਾਂਦੇ ਹਨ। ਹੱਸਦੇ ਖੇਡਦੇ ਤੇ ਕਹਿ ਕਹੇ ਲਾਉਂਦੇ ਇਨ੍ਹਾਂ ਪਰਵਾਸ ਹੰਢਾਅ ਰਹੇ ਵਿਅਕਤੀਆਂ ਨਾਲ਼ ਜ਼ਿੰਦਗੀ ਨੇ ਕਿੰਨੀ ਵਾਰ ਤੇ ਕਿੱਥੇ ਕਿੱਥੇ ਤਾਸ਼ ਖੇਡੀ ਤੇ ਸੀਪ ਲਾਈ ਹੈ, ਇਹ ਤਾਂ ਇਨ੍ਹਾਂ ਕਹਿ ਕਹਿਆਂ ਦੇ ਓਹਲੇ 'ਚ ਛੁਪੇ ਹੌਕਿਆਂ ਨੂੰ ਹੀ ਪਤਾ ਹੈ। ਦੁਨੀਆਂ ਦੇ ਹਰ ਕੋਨੇ ਵਿਚ ਜਿੱਥੇ ਇਹ ਖੇਡ ਜਾਂ ਇਸ ਨਾਲ਼ ਰਲਦੀ-ਮਿਲਦੀ ਕੋਈ ਹੋਰ ਖੇਡ ਖੇਡੀ ਜਾਂਦੀ ਹੋਵੇਗੀ, ਸੀਪ ਦੀ ਪ੍ਰਸੰਸ਼ਾ, ਨਿਰਾਸ਼ਾ ਤੇ ਦਰਦ ਮਾਣੇ, ਝੱਲੇ ਤੇ ਹੰਢਾਏ ਜਾਂਦੇ ਹੋਣਗੇ। ਸ਼ਾਇਦ ਇਸੇ ਕਰਕੇ ਇਸ ਸੌਕਰ ਸੈਂਟਰ ਵਿਚ ਤਾਸ਼ ਖੇਡ ਰਹੇ ਸੀਨੀਅਰ ਸਿਟੀਜਨ ਆਪਣੀ ਜ਼ਿੰਦਗੀ ਨੂੰ ਸੀਪ ਲਾ ਰਹੀਆਂ ਉਮਰਾਂ ਜਾਪਦੀਆਂ ਹਨ।

# ਕੂੜਾ, ਕੈਨੇਡਾ ਤੇ ਕਵਿਤਾ

ਪਹਿਲਾਂ ਕੈਨੇਡਾ ਦੀ ਗੱਲ ਕਰਦੇ ਹਾਂ। ਬਰਸਾਤੀ ਨਾਲਿਆਂ ਦੇ ਕਿਨਾਰੇ ਅਤੇ ਠਹਿਰੀ ਝੀਲ ਦੇ ਦੁਆਲੇ ਘਣੇ ਰੁੱਖਾਂ ਵਿੱਚ ਦੀ ਲੰਘਦੀ ਪਗਡੰਡੀ ਤੇ ਸੈਰ ਕਰਦਿਆਂ ਸਾਹਾਂ ਵਿੱਚ ਤਾਜ਼ਗੀ ਭਰਦੀ ਹੈ, ਪੰਛੀਆਂ ਦੀਆਂ ਅਵਾਜ਼ਾਂ ਨਾਲ ਮਨ ਸ਼ਾਤ ਹੁੰਦਾ ਹੈ ਤੇ ਰਾਹ ਵਿੱਚ ਮਿਲਦੇ ਲੋਕਾਂ ਨਾਲ ਹੁੰਦੀ ਹੈਲੋ ਹਾਏ ਮੱਥੇ ਦੇ ਤਣਾਅ ਨੂੰ ਸਹਿਜ ਕਰਦੀ ਹੈ। ਇੱਕ ਬਿਰਧ ਗੋਰਾ ਕੂੜਾ ਚੁੱਕਣ ਵਾਲੀ ਛੜੀ ਨਾਲ ਚਾਹ, ਕੌਫ਼ੀ ਦੇ ਗਲਾਸ, ਬੀਅਰ ਦੀਆਂ ਖ਼ਾਲੀ ਬੋਤਲਾਂ ਅਤੇ ਲਾਪਰਵਾਹੀ ਨਾਲ ਸੁੱਟੀਆਂ ਹੋਰ ਵਸਤਾਂ ਇਕੱਠੀਆਂ ਕਰ ਰਿਹਾ ਹੈ। ਉਸ ਨਾਲ ਇੱਕ ਨੌਜਵਾਨ ਵੀ ਹੈ। ਦੋਵੇਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਬੜੇ ਸਹਿਜ ਨਾਲ ਇਹ ਕੰਮ ਕਰ ਰਹੇ ਹਨ। ਮੈਂ ਰੁਕ ਕੇ ਉਨ੍ਹਾਂ ਨਾਲ ਸੰਖੇਪ ਗੱਲਬਾਤ ਕੀਤੀ ਤੇ ਇਸ ਕੰਮ ਲਈ ਉਨ੍ਹਾਂ ਦੀ ਤਾਰੀਫ਼ ਕੀਤੀ। ਬਜ਼ੁਰਗ ਨੇ ਕਿਹਾ ਕਿ ਇਹ ਸਭ ਤੁਹਾਡੇ ਲਈ ਕਰਦੇ ਹਾਂ ਤਾਂ ਕਿ ਤੁਹਾਨੂੰ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਦਾ ਭਾਵ ਸੀ ਕਿ ਸਵੇਰੇ ਤਾਜ਼ੀ ਹਵਾ ਤੇ ਸ਼ੁੱਧ ਵਾਤਾਵਰਣ ਦਾ ਲੁਤਫ਼ ਉਠਾਉਣ ਲਈ ਘਰੋਂ ਨਿਕਲਿਆਂ ਦਾ ਕੂੜਾ ਸਵਾਗਤ ਨਾ ਕਰੇ। ਬੜੀ ਚੰਗੀ ਸੋਚ ਹੈ। ਉਸ ਦੱਸਿਆ ਕਿ ਸਾਥੀ ਨੌਜਵਾਨ ਉਸਦਾ ਬੇਟਾ ਹੈ। ਨੇਕ ਕਾਰਜ ਲਈ ਅਗਲੀਆਂ ਪੀੜ੍ਹੀਆਂ ਵੀ ਤਿਆਰ ਹਨ। ਖ਼ਾਲੀ ਗਲਾਸ, ਬੋਤਲਾਂ ਤੇ ਹੋਰ ਵਸਤਾਂ ਸੁੱਟਣ ਵਾਲੇ ਕੌਣ ਹਨ ? ਕੌਣ ਹਨ ਜੋ ਕੁੱਤੇ ਦਾ ਮਲ ਵੀ ਰਾਹ ਵਿੱਚ ਪਿਆ ਰਹਿਣ ਦਿੰਦੇ ਹਨ ? ਜਗ੍ਹਾ ਜਗ੍ਹਾ ਪਏ ਨੀਲੇ ਰੰਗ ਦੇ ਗਾਰਬਿਜ ਬਿੰਨ ਉਹਨਾਂ ਨੂੰ ਨਜ਼ਰ ਕਿਉਂ ਨਹੀਂ ਆਉਂਦੇ ?

ਇਥੇ ਘਰਾਂ ਵਿੱਚ ਤਿੰਨ ਤਰ੍ਹਾਂ ਦੇ ਕੂੜਾ ਸਾਂਭਣ ਵਾਲੇ ਡਰੰਮ ਹਨ। ਇੱਕ ਕਾਲੇ ਰੰਗ ਦਾ ਜਿਸ ਵਿੱਚ ਸਧਾਰਣ ਕੂੜਾ ਸਾਂਭਿਆ ਜਾਂਦਾ ਹੈ। ਦੂਜਾ ਨੀਲੇ ਢੱਕਣ ਵਾਲਾ ਜਿਸ ਵਿੱਚ ਰੀਸਾਈਕਲ ਹੋਣ ਵਾਲਾ ਕੂੜਾ ਪਾਇਆ ਜਾਂਦਾ ਹੈ। ਤੀਜੇ ਵਿੱਚ ਔਰਗੈਨਿਕ ਮੈਟੀਰੀਅਲ ਭਾਵ ਸਬਜ਼ੀਆਂ, ਫਲਾਂ ਦੇ ਛਿਲਕੇ ਪਾਏ ਜਾਂਦੇ ਹਨ। ਇੱਕ ਹੋਰ ਵੀ ਹੈ ਖਾਕੀ ਰੰਗ ਦਾ ਲਿਫ਼ਾਫ਼ਾ। ਇਸ ਵਿੱਚ ਯਾਰਡ ਵੇਸਟ ਯਾਨੀ ਫੁੱਲਾਂ, ਬੂਟਿਆਂ, ਰੁੱਖਾਂ ਦੀ ਰਹਿੰਦ-ਖੂੰਹਦ ਪਾਈ ਜਾਂਦੀ ਹੈ। ਹਰ ਹਫ਼ਤੇ ਟਰੱਕ ਆਉਂਦੇ ਹਨ ਤੇ ਘਰਾਂ ਦੇ ਬਾਹਰ ਰੱਖੇ ਇਹ ਡਰੰਮ ਖ਼ਾਲੀ ਕਰ ਜਾਂਦੇ ਹਨ। ਪਬਲਿਕ ਥਾਵਾਂ 'ਤੇ ਨੌਜਵਾਨ ਮੁੰਡੇ-ਕੁੜੀਆਂ ਕੂੜਾ ਚੁੱਕਣ, ਘਾਹ ਕੱਟਣ ਤੇ ਪੌਦਿਆਂ ਦੀ ਸਾਂਭ-ਸੰਭਾਲ ਕਰਨ ਵਰਗੇ ਕੰਮ ਬਿਨ੍ਹਾਂ ਕਿਸੇ ਝਿਜਕ ਦੇ ਕਰ ਰਹੇ ਹੁੰਦੇ ਹਨ। ਇਥੇ ਕੰਮ ਜਾਤਾਂ ਨਾਲ ਨਹੀਂ ਜੁੜੇ ਹੋਏ। ਹਰ ਕੰਮ ਇੱਕ ਜੌਬ ਹੈ। ਹਰ ਜੌਬ ਕਰਨ ਵਾਲੇ ਦਾ ਸਮਾਜ

ਵਿੱਚ ਬਰਾਬਰ ਦਾ ਸਤਿਕਾਰ ਹੈ। ਇਸ ਸਾਫ਼-ਸੁਥਰੇ ਦੇਸ਼ ਵਿੱਚ ਪੜ੍ਹੇ-ਲਿਖੇ ਅਤੇ ਆਤਮ ਵਿਸ਼ਵਾਸੀ ਸਫ਼ਾਈ ਕਰਮਚਾਰੀ ਹਨ। ਉਨ੍ਹਾਂ ਸਾਰੀ ਉਮਰ ਇਹ ਕਿੱਤਾ ਨਹੀਂ ਕਰਨਾ ਹੁੰਦਾ। ਉਨ੍ਹਾਂ ਦੇ ਸਾਹਮਣੇ ਇੱਕ ਚੰਗੇ ਭਵਿੱਖ ਦਾ ਸੁਪਨਾ ਹੁੰਦਾ ਹੈ। ਸਾਫ਼-ਸੁਥਰੇ ਇਸ ਕੈਨੇਡਾ ਦੇਸ਼ ਵਿੱਚ ਕੂੜੇ ਨੂੰ ਵਿਗਿਆਨਕ ਢੰਗ ਨਾਲ ਬਹੁਤ ਹੀ ਜ਼ਿੰਮੇਵਾਰੀ ਅਤੇ ਸੁਹਿਰਦਤਾ ਨਾਲ ਸਾਂਭਿਆ ਜਾਂਦਾ ਹੈ। ਕੂੜਾ ਕਿੰਝ ਸਾਂਭਣਾ ਹੈ ਤੇ ਆਪਣਾ ਚੌਗਿਰਦਾ ਕਿਵੇਂ ਸਾਫ਼-ਸੁਥਰਾ ਰੱਖਣਾ ਹੈ, ਇਹ ਇਥੋਂ ਸਿਖਿਆ ਜਾ ਸਕਦਾ ਹੈ। ਕਹਿ ਸਕਦੇ ਹਾਂ ਕਿ ਕੈਨੇਡਾ ਅਜੇ ਕੂੜੇ ਤੋਂ ਪੀੜ੍ਹਤ ਮੁਲਕ ਨਹੀਂ ਬਣਿਆ।

ਆਪਣੇ ਦੇਸ਼ ਦੀ ਗੱਲ ਕਰੀਏ ਖਾਸ ਕਰਕੇ ਪੰਜਾਬ ਦੀ ਤਾਂ ਸਮਝ ਆਉਂਦਾ ਹੈ ਕਿ ਉਥੇ ਸਫ਼ਾਈ ਕਰਮਚਾਰੀ ਅਨਪੜ੍ਹ, ਗਰੀਬ ਅਤੇ ਕਮਜ਼ੋਰ ਹਨ। ਉਨ੍ਹਾਂ ਕੋਲ ਆਪਣਾ ਕਿੱਤਾ ਬਦਲ ਲੈਣ ਦੀ ਸੰਭਾਵਨਾ ਵੀ ਬਹੁਤ ਘੱਟ ਹੁੰਦੀ ਹੈ। ਉਨ੍ਹਾਂ ਨੂੰ ਸਮਾਜ ਵਿੱਚ ਨਾ ਤਾਂ ਸਤਿਕਾਰ ਮਿਲਦਾ ਹੈ ਅਤੇ ਨਾ ਹੀ ਉਨ੍ਹਾਂ ਨਾਲ ਬਰਾਬਰੀ ਦਾ ਵਿਵਹਾਰ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਗੰਦੇ ਅਤੇ ਅਛੂਤ ਸਮਝਿਆ ਜਾਂਦਾ ਹੈ। ਕੁਝ ਲੋਕ ਉਨ੍ਹਾਂ ਨੂੰ ਕੂੜਾ ਕਹਿ ਕੇ ਬੁਲਾਉਂਦੇ ਹਨ। ਜਦਕਿ ਉਹ ਤਾਂ ਕੂੜਾ ਚੁੱਕਣ ਵਾਲੇ ਭਾਵ ਸਫ਼ਾਈ ਕਰਨ ਵਾਲੇ ਹੁੰਦੇ ਹਨ। ਕੂੜਾ ਤਾਂ ਅਸੀਂ ਪੈਦਾ ਕਰਦੇ ਹਾਂ। ਇੱਕ ਹੋਰ ਵਰਤਾਰਾ ਮੈਂ ਆਪਣੀ ਹੀ ਗਲ਼ੀ ਵਿੱਚ ਵੇਖਿਆ ਹੈ। ਕੂੜਾ ਚੁੱਕਣ ਆਉਣ ਵਾਲੇ ਮਹੀਨੇ ਦੇ ਥੋੜ੍ਹੇ ਜਿਹੇ ਪੈਸੇ ਲੈਂਦੇ ਹਨ। ਇਹ ਸੌ ਰੁਪਏ ਤੋਂ ਘੱਟ ਹੀ ਹੁੰਦੇ ਹਨ। ਕੁਝ ਲੋਕ ਇਹ ਪੈਸੇ ਬਚਾਉਣ ਲਈ ਘਰ ਦਾ ਕੂੜਾ ਕਿਸੇ ਲਫ਼ਾਫ਼ੇ ਵਿੱਚ ਪਾ ਕੇ ਕਿਸੇ ਖਾਲੀ ਪਲਾਟ ਵਿੱਚ ਸੁੱਟ ਦਿੰਦੇ ਹਨ। ਭਾਵ ਘਰ ਦੇ ਕੂੜੇ ਨਾਲ ਉਹ ਬਾਹਰ ਗੰਦ ਖਿਲਾਰਦੇ ਹਨ। ਕੂੜੇ ਅਤੇ ਸਫ਼ਾਈ ਪ੍ਰਤੀ ਸਾਡੀ ਇਹ ਮਾਨਸਿਕਤਾ ਸਾਡੇ ਜੀਵਨ ਵਿਹਾਰ ਬਾਰੇ ਹੋਰ ਵੀ ਬੜਾ ਕੁਝ ਕਹਿੰਦੀ ਹੈ।

ਉਪਰੋਕਤ ਵਿਹਾਰ ਵਿਚੋਂ ਹੀ ਇੱਕ ਸਵਾਲ ਉੱਠਦਾ ਹੈ ਕਿ ਅਸੀਂ ਕੂੜਾ ਚੁੱਕਣ ਵਾਲੇ ਭਾਵ ਸਫ਼ਾਈ ਕਰਨ ਵਾਲੇ ਨੂੰ ਗੰਦਾ ਜਾਂ ਅਛੂਤ ਕਿਉਂ ਸਮਝਦੇ ਹਾਂ ? ਸਾਨੂੰ ਤਾਂ ਕੂੜਾ ਚੁੱਕਣ ਵਾਲੇ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਚੰਦ ਛਿੱਲੜ ਦੇ ਕੇ ਅਸੀਂ ਕਦੀ ਵੀ ਉਸ ਦੀ ਮਿਹਨਤ ਜਾਂ ਕੰਮ ਦਾ ਮੁੱਲ ਨਹੀਂ ਤਾਰ ਸਕਦੇ। ਉਹ ਤਾਂ ਸਮਾਜ ਦੀ ਬੜੀ ਵੱਡੀ ਸੇਵਾ ਕਰ ਰਹੇ ਹਨ। ਜ਼ੇਕਰ ਉਹ ਇਹ ਕੰਮ ਨਾ ਕਰਨ ਤਾਂ ਬੜੀ ਵੱਡੀ ਸਮੱਸਿਆ ਪੈਦਾ ਹੋ ਜਾਵੇਗੀ। ਜਦ ਕਦੀ ਉਹ ਆਪਣੀਆਂ ਹੱਕੀ ਮੰਗਾਂ ਲਈ ਕੁਝ ਦਿਨ ਹੜ੍ਹਤਾਲ 'ਤੇ ਚਲੇ ਜਾਂਦੇ ਹਨ ਤਾਂ ਸ਼ਹਿਰ ਦਾ ਜੋ ਹਾਲ ਹੁੰਦਾ ਹੈ, ਉਸ ਦਾ ਅਨੁਭਵ ਆਪਾਂ ਸਾਰਿਆਂ ਨੂੰ ਥੋੜ੍ਹਾ ਬਹੁਤ ਹੈ। ਸਫ਼ਾਈ ਬਾਰੇ ਤਾਂ ਸਾਡੀ ਸੋਚ ਕੂੜੇ ਨਾਲੋਂ ਵੀ ਗੰਦੀ ਹੈ। ਘਰ ਦੀ ਸਫ਼ਾਈ ਲਈ ਇੱਕ ਤੋਂ ਵੱਧ ਕੰਮ ਵਾਲੀਆਂ ਰੱਖਣ ਵਾਲਾ ਸਮਾਜ ਘਰ ਤੋਂ ਬਾਹਰ ਗਲ਼ੀ, ਮੁਹੱਲੇ, ਸ਼ਹਿਰ ਅਤੇ ਦੇਸ਼ ਵਿੱਚ ਫੈਲੀ ਗੰਦਗੀ ਦੀ ਪੂਰੀ ਤਰ੍ਹਾਂ ਅਣਦੇਖੀ ਕਰਦਾ ਹੈ। ਸਮਾਜ ਇਹ ਨਹੀਂ

ਸਮਝਦਾ ਕਿ ਘਰ ਤੋਂ ਬਾਹਰ ਫੈਲੀ ਗੰਦਗੀ ਕਿੰਨੀਆਂ ਭਿਆਨਕ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਦੂਸ਼ਿਤ ਪਾਣੀ ਅਤੇ ਪ੍ਰਦੂਸ਼ਿਤ ਵਾਤਾਵਰਣ ਦੀ ਗੰਦਗੀ ਸਾਡਾ ਫ਼ਿਕਰ ਨਹੀਂ ਹਨ। ਇਹ ਉਹ ਵੱਡੇ ਫ਼ਿਰਕ ਜਾਂ ਮੁੱਦੇ ਹਨ ਜਿੰਨ੍ਹਾਂ ਨੂੰ ਅਸੀਂ ਅਣਗੌਲਿਆਂ ਕਰ ਰੱਖਿਆ ਹੈ। ਪਰੇ ਕਰ ਛੱਡਣ ਵਾਲੀ ਸਾਡੀ ਪ੍ਰਵਿਰਤੀ ਨੇ ਸਾਡੇ ਸਮਾਜਿਕ ਅਤੇ ਰਾਜਨੀਤਕ ਢਾਂਚੇ ਵਿੱਚ ਵੱਡੇ ਵਿਗਾੜ ਪੈਦਾ ਕੀਤੇ ਹਨ। ਅਸੀਂ ਸੁਚੇਤ ਕਦੋਂ ਤੇ ਕਿੰਝ ਹੋਵਾਂਗੇ, ਇਸ ਦਾ ਕੋਈ ਸਪਸ਼ਟ ਜਵਾਬ ਜਾਂ ਏਜੰਡਾ ਸਾਡੇ ਕੋਲ ਨਹੀਂ ਹੈ। ਉਂਝ ਪੰਜਾਬ ਤੋਂ ਇੱਕ ਚੰਗੀ ਖ਼ਬਰ ਵੀ ਹੈ। ਬਟਾਲਾ ਨੇੜਲਾ ਛੋਟਾ ਜਿਹਾ ਪਿੰਡ ਪੋਰੇਸ਼ਾਹ ਕੂੜੇ ਤੋਂ ਜੈਵਿਕ ਖਾਦ ਬਣਾਕੇ ਕਮਾਈ ਕਰ ਰਿਹਾ ਹੈ। ਕੂੜਾ ਪ੍ਰਬੰਧਨ ਦੀ ਸੁਯੋਗ ਵਿਧੀ ਰਾਹੀਂ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪਲਾਂਟ ਲਗਾ ਕੇ ਘਰੇਲੂ ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ ਤੋਂ ਖਾਦ ਤਿਆਰ ਕੀਤੀ ਜਾਂਦੀ ਹੈ। ਕੂੜਾ ਵੀ ਸਾਂਭਿਆ ਜਾਂਦਾ ਹੈ ਤੇ ਪਿੰਡ ਵੀ ਸਾਫ਼ ਰਹਿੰਦਾ ਹੈ। ਅਜਿਹੇ ਉਪਰਾਲੇ ਕੂੜੇ ਦੀ ਸਮੱਸਿਆ ਨੂੰ ਹੱਲ ਕਰਨ ਦਾ ਲਾਹੇਵੰਦਾ ਤਰੀਕਾ ਹੈ।

ਅਸੀਂ ਸਫ਼ਾਈ ਦੇ ਧੰਦੇ ਨੂੰ ਗੰਦਾ ਕੰਮ ਕਿਉਂ ਸਮਝਦੇ ਹਾਂ ? ਇਸ ਦਾ ਸਭ ਤੋਂ ਵੱਡਾ ਕਾਰਨ ਸਾਡੀ ਜਾਤੀਵਾਦੀ ਸੋਚ ਸਮਝ ਹੈ। ਵਿਕਾਸ ਦੀਆਂ ਡੀਗਾਂ ਮਾਰ ਰਿਹਾ ਭਾਰਤ ਜਾਤੀਵਾਦ ਦੀ ਦਲ-ਦਲ ਵਿੱਚ ਬੜੀ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਅਸੀਂ ਸਭ ਜਾਣਦੇ ਹਾਂ, ਅਖ਼ਬਾਰਾਂ ਵਿੱਚ ਵੀ ਅਕਸਰ ਛਪਦਾ ਰਹਿੰਦਾ ਹੈ ਕਿ ਦੇਸ਼ ਵਿੱਚ ਗੰਦਗੀ ਅਤੇ ਕੂੜੇ ਦੀ ਸਮੱਸਿਆ ਬਹੁਤ ਭਿਆਨਕ ਹੋ ਗਈ ਹੈ। ਮੇਰੇ ਆਪਣੇ ਸ਼ਹਿਰ ਵਿੱਚ ਕੂੜੇ ਨੂੰ ਸਾਂਭਣ ਲਈ ਰੀਸਾਈਕਲਿੰਗ ਪਲਾਂਟ ਲਾਉਣ ਦੀ ਗੱਲ ਕਈ ਵਾਰ ਚੱਲੀ ਹੈ। ਹਰ ਵਾਰ ਸਥਾਨਕ ਲੋਕਾਂ ਦਾ ਵਿਰੋਧ ਅਤੇ ਹਲਕੇ ਦੇ ਵਿਧਾਇਕ ਦਾ ਸਹਿਯੋਗ ਇਸ ਕੰਮ ਨੂੰ ਨੇਪਰੇ ਨਹੀਂ ਚੜ੍ਹਨ ਦਿੰਦਾ। ਇਹ ਕਹਾਣੀ ਹਰ ਸ਼ਹਿਰ ਦੀ ਹੋਵੇਗੀ। ਦੂਜੀ ਵੱਡੀ ਸਮੱਸਿਆ ਗੈਰ-ਪ੍ਰਕ੍ਰਿਤਕ ਕੂੜੇ ਦੀ ਹੈ। ਪਲਾਸਟਿਕ, ਪੌਲੀਥੀਨ, ਅਤੇ ਅਜਿਹੇ ਹੋਰ ਪਦਾਰਥ ਜਿਹੜੇ ਧੜਾ-ਧੜ੍ਹ ਪੈਕਿੰਗ ਲਈ ਵਰਤੇ ਜਾ ਰਹੇ ਹਨ, ਦੇ ਕੂੜੇ ਨੇ ਖ਼ਤਰਨਾਕ ਢੰਗ ਨਾਲ ਦੇਸ਼ ਨੂੰ ਜਕੜ ਲਿਆ ਹੈ। ਭਾਰਤ ਵਿੱਚ ਕਈ ਵਾਰ ਅਜਿਹੇ ਪਦਾਰਥਾਂ ਦੀ ਵਰਤੋਂ 'ਤੇ ਪਾਬੰਦੀ ਲਾਉਣ ਦੀ ਗੱਲ ਤੁਰੀ ਹੈ। ਹਰ ਵਾਰ ਸਰਕਾਰਾਂ ਦੇ ਫੈਸਲੇ ਵੋਟਤੰਤਰ ਅੱਗੇ ਹਾਰ ਜਾਂਦੇ ਹਨ। ਪਲਾਸਟਿਕ ਦੇ ਲਿਫ਼ਾਫ਼ਿਆਂ ਦੀ ਵਰਤੋਂ ਨਿਰੰਤਰ ਹੋ ਰਹੀ ਹੈ। ਖੁੱਲ੍ਹੇ ਵਿੱਚ ਲੱਗੇ ਕੂੜੇ ਦੇ ਢੇਰ ਵਾਤਾਵਰਣ ਨੂੰ ਲਗਾਤਾਰ ਪ੍ਰਦੂਸ਼ਿਤ ਕਰ ਰਹੇ ਹਨ।

ਬਚਪਨ ਵੱਲ ਝਾਤੀ ਮਾਰਿਆਂ ਯਾਦ ਆਉਂਦਾ ਹੈ ਕਿ ਓਦੋਂ ਪਿੰਡਾਂ ਵਿੱਚ ਰੂੜੀਆਂ ਹੁੰਦੀਆਂ ਸਨ। ਉਨ੍ਹਾਂ ਰੂੜੀਆਂ 'ਤੇ ਸੁੱਟੇ ਜਾਣ ਵਾਲੇ ਕੂੜੇ ਵਿੱਚ ਡੰਗਰਾਂ ਦਾ ਗੋਹਾ, ਸਬਜ਼ੀਆਂ ਦੇ ਛਿਲਕੇ, ਛੱਟਣ ਤੋਂ ਬਾਅਦ ਨਿੱਕਲੇ ਕੰਕਰ ਤੇ ਖਰਾਬ ਦਾਣੇ, ਰੁੱਖਾਂ ਦੇ ਸੁੱਕ ਕੇ ਝੜ੍ਹ ਗਏ ਪੱਤੇ, ਝਾੜੂ ਲਾਉਣ ਤੋਂ ਬਾਅਦ ਨਿਕਲਿਆ ਘੱਟਾ-

ਮਿੱਟੀ, ਚਮੜੇ ਤੇ ਲੱਕੜੀ ਦੇ ਟੁੱਕੜੇ, ਮਨੁੱਖਾਂ ਦਾ ਮਲ-ਮੂਤਰ, ਬਚਿਆ ਹੋਇਆ ਖਾਣਾ, ਕਾਗਜ਼, ਕੱਪੜਾ ਤੇ ਹੋਰ ਨਿੱਕ-ਸੁੱਕ ਪਦਾਰਥ ਹੁੰਦੇ ਸਨ। ਵਕਤ ਨਾਲ ਇਹ ਪਦਾਰਥ ਕੁਦਰਤੀ ਰੀਸਾਈਕਲਿੰਗ ਨਾਲ ਦੇਸੀ ਰੂੜੀ ਬਣ ਜਾਂਦਾ ਸੀ ਜਿਹੜੀ ਖੇਤਾਂ ਦੀ ਮਿੱਟੀ ਨੂੰ ਉਪਜਾਊ ਬਣਾਉਂਦੀ ਸੀ। ਓਦੋਂ ਰਸਾਇਣਕ ਖਾਦਾਂ ਦੀ ਲੋੜ ਨਹੀਂ ਸੀ ਪੈਂਦੀ। ਪੈਦਾ ਹੋਇਆ ਅਨਾਜ ਵੀ ਸ਼ੁੱਧ ਭਾਵ ਔਰਗੈਨਿਕ ਹੁੰਦਾ ਸੀ। ਪਰ ਅੱਜ ਕੂੜੇ ਦਾ ਰੂਪ ਬਦਲ ਗਿਆ ਹੈ। ਹੁਣ ਬਜ਼ਾਰ ਵਿਚੋਂ ਹਰ ਚੀਜ਼ ਮਹਿੰਗੀ ਪੈਕਿੰਗ ਵਿੱਚ ਮਿਲਦੀ ਹੈ। ਉਸ ਨਾਲ ਵਸਤੂ ਦੀ ਕੀਮਤ ਵੀ ਵੱਧਦੀ ਹੈ ਤੇ ਪੈਕਿੰਗ ਦਾ ਮਟੀਰੀਅਲ ਨਾ ਸਾਂਭੇ ਜਾਣ ਵਾਲੇ ਕੂੜੇ ਦੇ ਢੇਰ ਵਿੱਚ ਜਮ੍ਹਾਂ ਹੁੰਦਾ ਰਹਿੰਦਾ ਹੈ। ਵੱਖ-ਵੱਖ ਤਿਉਹਾਰਾਂ 'ਤੇ ਸਮੁੰਦਰ ਤਟ 'ਤੇ ਅਤੇ ਵੱਖ-ਵੱਖ ਨਦੀਆਂ ਦੇ ਕੰਡਿਆਂ 'ਤੇ ਮੂਰਤੀ ਵਿਸਰਜਨ ਹੁੰਦਾ ਹੈ। ਇਹ ਮੂਰਤੀਆਂ ਵੀ ਕੂੜੇ ਦੇ ਢੇਰ ਵਿੱਚ ਵਾਧਾ ਕਰਦੀਆਂ ਹਨ। ਸ਼ਰਧਾਲੂ ਹਰ ਸਾਲ ਨਵੀਆਂ ਮੂਰਤੀਆਂ ਖਰੀਦਦੇ ਹਨ। ਇੰਝ ਹਰ ਸਾਲ ਨਵੀਆਂ ਮੂਰਤੀਆਂ ਦੇ ਰੂਪ ਵਿੱਚ ਕੂੜੇ ਦੇ ਸੱਜਰੇ ਢੇਰ ਵੇਖਣ ਨੂੰ ਮਿਲਦੇ ਹਨ। ਸੰਖੇਪ ਚਰਚਾ ਉਪਰੰਤ ਕਹਿ ਸਕਦੇ ਹਾਂ ਕਿ ਸਾਨੂੰ ਅਜੇ ਕੂੜੇ ਨੂੰ ਸਾਂਭਣ ਦੀ ਸੋਝੀ ਨਹੀਂ ਆਈ। ਰੇਲ ਯਾਤਰਾ ਦੌਰਾਨ ਰਾਹ ਵਿੱਚ ਮਿਲਦੇ ਗੰਦਗੀ ਦੇ ਢੇਰ ਸਮੁੱਚੇ ਭਾਰਤ ਦੀ ਤਸਵੀਰ ਨੂੰ ਦਰਸਾਉਂਦੇ ਲੱਗਦੇ ਹਨ। ਸਫ਼ਾਈ ਲਈ ਜਿਸ ਮਾਨਸਿਕਤਾ ਦੀ ਲੋੜ ਹੈ ਉਹ ਅਜੇ ਸਾਡੇ ਦੇਸ਼ ਵਿੱਚ ਵਿਕਸਤ ਨਹੀਂ ਹੋਈ। ਇਸ ਦੇ ਬਹੁਤ ਸਾਰੇ ਕਾਰਣ ਹੋ ਸਕਦੇ ਹਨ। ਪਰ ਸਭ ਤੋਂ ਵੱਡਾ ਕਾਰਣ ਇਹੋ ਹੈ ਕਿ ਅਸੀਂ ਇਸ ਕੰਮ ਨੂੰ ਘਟੀਆ ਜਾਂ ਗੰਦਾ ਕੰਮ ਸਮਝਿਆ ਜਾਂਦਾ ਹੈ।

✿

# ਕੈਨੇਡਾ ਤੇ ਪਰਵਾਸ ਦੇ ਸਰੋਕਾਰ

ਪਰਵਾਸ ਇੱਕ ਦੇਸ਼ ਤੋਂ ਦੂਜੇ ਵਿੱਚ ਪ੍ਰਸਥਾਨ ਕਰ ਜਾਣ ਵਾਲਾ ਸਹਿਜ ਵਰਤਾਰਾ ਹੈ। ਉਨਵੀਂ ਸਦੀ ਦੇ ਅੰਤਮ ਵਰ੍ਹਿਆਂ ਦੌਰਾਨ ਪਰਵਾਸ ਦਾ ਆਗਾਜ਼ ਹੁੰਦਾ ਹੈ ਤੇ ਐਨੀ ਮੂਰੇ ਪਰਵਾਸ ਕਰਨ ਵਾਲਾ ਪਹਿਲਾ ਜੀਅ ਬਣਦੀ ਹੈ। ਐਨੀ ਪੰਦਰਾਂ ਸਾਲ ਦੀ ਉਮਰ ਵਿੱਚ ਆਇਰਲੈਂਡ ਤੋਂ ਏਲਿਸ ਆਈਲੈਂਡ ਪਹੁੰਚੀ ਜਿੱਥੋਂ ਉਹ ਅਮਰੀਕਾ ਵਿੱਚ ਦਾਖ਼ਲ ਹੋਈ। ਇੰਝ ਉਹ ਅਮਰੀਕਾ ਪਹੁੰਚਣ ਵਾਲੀ ਵੀ ਪਹਿਲੀ ਪਰਵਾਸੀ ਔਰਤ ਬਣੀ। ਕੈਨੇਡਾ ਦੀ ਗੱਲ ਕੀਤੀ ਜਾਵੇ ਤਾਂ ਫਿਲਪੀਨ, ਭਾਰਤ ਅਤੇ ਚੀਨ ਦੇ ਲੋਕ ਸਭ ਤੋਂ ਵੱਧ ਪਰਵਾਸ ਕਰਕੇ ਇਸ ਧਰਤੀ 'ਤੇ ਪਹੁੰਚੇ ਹਨ।

ਆਸਟਰੇਲੀਆ ਤੋਂ ਬਾਅਦ ਵਿਦਿਆਰਥੀ ਵੀਜ਼ੇ 'ਤੇ ਸਭ ਤੋਂ ਵੱਧ ਵਿਦਿਆਰਥੀ ਕੈਨੇਡਾ ਆਏ ਹਨ ਤੇ ਆ ਰਹੇ ਹਨ। ਬੀਤੇ ਵਰ੍ਹੇ ਸਭ ਤੋਂ ਵੱਧ ਲੋਕ ਭਾਰਤ ਤੋਂ ਪਰਵਾਸ ਕਰਕੇ ਕੈਨੇਡਾ ਵਿੱਚ ਆਏ ਹਨ। ਯਕੀਨਨ ਇਨ੍ਹਾਂ ਵਿੱਚ ਬਹੁ-ਗਿਣਤੀ ਵਿਦਿਆਰਥੀ ਵੀਜ਼ੇ 'ਤੇ ਆਏ ਬੱਚਿਆਂ ਦੀ ਹੈ। ਆਪਣੇ ਮਾਪਿਆਂ ਤੋਂ ਦੂਰ ਆਏ ਇਨ੍ਹਾਂ ਵਿਦਿਆਰਥੀਆਂ ਦੇ ਬਹੁਤ ਸਾਰੇ ਸੁਪਨੇ ਹਨ। ਇਥੇ ਆਉਣ ਨਾਲ ਉਨ੍ਹਾਂ ਦੇ ਪਰਿਵਾਰਾਂ ਦੀ ਬਣਤਰ ਬਦਲ ਜਾਂਦੀ ਹੈ। ਪਰਿਵਾਰ ਦੋ ਦੇਸ਼ਾਂ ਅਤੇ ਦੋ ਘਰਾਂ ਵਿੱਚ ਵੰਡਿਆ ਜਾਂਦਾ ਹੈ। ਕਈ ਹਾਲਤਾਂ ਵਿੱਚ ਬਜ਼ੁਰਗਾਂ ਨੂੰ ਆਪਣੇ ਰਹਿਣ-ਸਹਿਣ ਅਤੇ ਭਾਈਚਾਰਕ ਸਾਂਝ ਦਾ ਤਿਆਗ ਕਰਨਾ ਪੈਂਦਾ ਹੈ। ਪਰ ਅਜਿਹੇ ਵਿਦਿਆਰਥੀਆਂ ਦੀ ਅਬਾਦੀ ਵੱਧਣ ਨਾਲ ਹੁਣ ਇਹ ਇਕੱਲੇ-ਦੁਕੱਲੇ ਨਹੀਂ ਰਹੇ ਸਗੋਂ ਭੀੜਾਂ ਬਣ ਗਏ ਹਨ। ਭੀੜਾਂ ਦੀ ਆਪਣੀ ਮਾਨਸਿਕਤਾ ਅਤੇ ਵਿਵਹਾਰ ਹੁੰਦਾ ਹੈ। ਇਸ ਵਿਵਹਾਰ ਵਿੱਚ ਬਹੁਤ ਸਾਰਾ ਅਜਿਹਾ ਵੀ ਸ਼ਾਮਿਲ ਹੋ ਜਾਂਦਾ ਹੈ ਜੋ ਸਿਸਟਮ ਦੇ ਹਾਣ ਦਾ ਨਹੀਂ ਹੁੰਦਾ। ਇਹ ਵਿਵਹਾਰ ਦਹਾਕੇ ਪਹਿਲਾਂ ਆ ਵੱਸੇ ਹਮ-ਵਤਨੀਆਂ ਦੀ ਸਮਾਜਿਕਤਾ ਨੂੰ ਵੀ ਠੇਸ ਪਹੁੰਚਾਉਂਦਾ ਹੈ। ਨਤੀਜੇ ਵਜੋ ਉਨ੍ਹਾਂ ਸਥਾਈ ਵੱਸੋਂ ਵਾਲਿਆਂ ਦਾ ਇਨ੍ਹਾਂ ਨਵੇਂ ਆਏ ਬੱਚਿਆਂ ਨਾਲ ਰਿਸ਼ਤਾ ਮੋਹ ਵਾਲਾ ਨਹੀਂ ਰਹਿੰਦਾ। ਕੁਝ ਵਰ੍ਹੇ ਪਹਿਲਾਂ ਇਨ੍ਹਾਂ ਨੂੰ ਆਸਰਾ ਦੇਣ ਵਾਲੇ, ਘਰ ਰੱਖ ਕੇ ਰੋਟੀ ਖੁਆਉਣ ਵਾਲੇ ਹੁਣ ਉਲਾਮੇਂ ਦਿੰਦੇ ਹਨ, ਸ਼ਿਕਾਇਤਾਂ ਕਰਦੇ ਹਨ। ਇਥੋਂ ਦੇ ਸਿਸਟਮ ਨਾਲ ਇੱਕ ਸੁਰ ਹੋਏ ਪੁਰਾਣੇ ਲੋਕ ਮਹਿਸੂਸ ਕਰਦੇ ਹਨ ਕਿ ਇਹ ਨਵੀਂ ਆਮਦ ਸਿਸਟਮ ਵਿੱਚ ਵਿਗਾੜ ਪੈਦਾ ਕਰ ਰਹੀ ਹੈ। ਜਿਸ ਸੁਥਰੇ ਸਿਸਟਮ ਦੀ ਖਿੱਚ ਨੇ ਉਨ੍ਹਾਂ ਨੂੰ ਆਪਣੀ ਭੋਇੰ ਛੱਡਣ ਲਈ ਲਈ ਮਜਬੂਰ ਕੀਤਾ ਸੀ ਜਾਂ

ਪ੍ਰੇਰਿਆ ਸੀ, ਉਸ ਦੀ ਨਿਰਸ਼ਲਤਾ ਵਿੱਚ ਕੁਝ ਲੋਕਾਂ ਦਾ ਵਿਵਹਾਰ ਅਤੇ ਪੂੰਜੀ ਕਮਾਉਣ ਦਾ ਲੋਭ ਦੂਸ਼ਿਤ ਵਾਤਾਵਰਣ ਪੈਦਾ ਕਰ ਰਿਹਾ ਹੈ। ਡਰੱਗਜ਼ ਵਰਗਾ ਕਾਰੋਬਾਰ ਜਿਸ ਤੋਂ ਪੰਜਾਬ ਬੁਰ੍ਹੀ ਤਰ੍ਹਾਂ ਪੀੜ੍ਹਤ ਹੈ, ਦੀ ਦਸਤਕ ਜਦ ਸੱਤ ਸਮੁੰਦਰ ਪਾਰ ਇਸ ਧਰਤੀ ਉਪਰ ਸੁਣਦੀ ਹੈ ਤਾਂ ਸੁਪਨੇ ਵਿਲਕਦੇ ਵੀ ਹਨ ਅਤੇ ਟੁੱਟਦੇ ਵੀ ਹਨ। ਡਰੱਗਜ਼ ਦੇ ਇਸ ਘਿਨਾਉਣੇ ਵਰਤਾਰੇ ਦੀ ਪਹੁੰਚ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਤੱਕ ਵੀ ਹੋ ਗਈ ਹੈ। ਜਦੋਂ ਕੋਈ ਪਰਿਵਾਰ ਆਪਣੀ ਚੰਗੀ ਭਲੀ ਜ਼ਿੰਦਗੀ ਅਤੇ ਅਹੁੱਦੇ ਤਿਆਗ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਦੀ ਖਾਤਰ ਇਸ ਵਤਨ ਵਿੱਚ ਪਨਾਹ ਲੈਂਦਾ ਹੈ, ਉਸ ਪਰਿਵਾਰ ਦੇ ਬੱਚੇ ਜੇਕਰ ਇਸ ਅਲਾਮਤ ਦਾ ਸ਼ਿਕਾਰ ਹੋ ਜਾਣ ਤਾਂ ਮਾਪਿਆਂ ਦੀ ਮਾਨਸਿਕਤਾ ਅਤੇ ਪੀੜਾ ਤੁਸੀਂ ਸਮਝ ਹੀ ਸਕਦੇ ਹੋ। ਜਿੰਨ੍ਹਾਂ ਲੋਕਾਂ ਨੇ ਆਪਣੇ ਘਰ ਇਨ੍ਹਾਂ ਵਿਦਿਆਰਥੀਆਂ ਨੂੰ ਕਿਰਾਏ 'ਤੇ ਦਿੱਤੇ ਹਨ, ਉਨ੍ਹਾਂ ਦੀ ਇਹ ਸ਼ਿਕਾਇਤ ਕਿ ਜੀ ਗੰਦ ਬੜਾ ਪਾਉਂਦੇ ਹਨ, ਸ਼ਰਮਸਾਰ ਕਰਦੀ ਹੈ। ਪੰਜਾਬੀ ਸੁਭਾਅ ਦੀਆਂ ਮਾਣਮੱਤੀਆਂ ਪ੍ਰਾਪਤੀਆਂ ਦਾ ਦੁਨੀਆਂ ਵਿੱਚ ਬੋਲਬਾਲਾ ਹੈ। ਪਰ ਇਸੇ ਸੁਭਾਅ ਵਿਚਲੀਆਂ ਖਰਮਸਤੀਆਂ, ਆਪਹੁਦਰਾਪਣ, ਫੁੱਕਰਾਪਣ ਅਤੇ ਹੁੱਲੜਬਾਜ਼ੀ ਸੰਵੇਦਨਸ਼ੀਲ ਬੰਦੇ ਨੂੰ ਪ੍ਰੇਸ਼ਾਨ ਕਰਨ ਲਈ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਸਮਾਜ ਵਿੱਚ ਤੁਹਾਡਾ ਰੁਤਬਾ ਅਹੁੱਦੇ ਕਰਕੇ ਵੀ ਹੁੰਦਾ ਹੈ ਅਤੇ ਤੁਹਾਡੇ ਰਹਿਣ-ਸਹਿਣ ਅਤੇ ਵਿਵਹਾਰ ਕਰਕੇ ਵੀ। ਆਪਣੀ ਸਮਾਜਿਕਤਾ ਨੂੰ ਸਤਿਕਾਰਤ ਮੁਹਾਂਦਰਾ ਦੇਣ ਲਈ ਵਕਤ ਲੱਗਦਾ ਹੈ। ਪਰ ਇਸ ਵਕਾਰ ਨੂੰ ਮਿੱਟੀ ਵਿੱਚ ਮਿਲਾਉਣ ਲਈ ਕੁਝ ਕੁ ਲੋਕਾਂ ਦੀਆਂ ਬੇਤਰਤੀਬ ਹਰਕਤਾਂ ਬਹੁਤ ਹੁੰਦੀਆਂ ਹਨ। ਆਪਣੇ ਦੇਸ਼ ਦੀ ਬੁਰਾਈ ਅਸੀਂ ਜਿਨ੍ਹਾਂ ਗੱਲਾਂ ਕਰਕੇ ਕਰਦੇ ਹਾਂ, ਉਨ੍ਹਾਂ ਗੱਲਾਂ ਦੇ ਵਿਗਸਣ ਦਾ ਮਾਹੌਲ ਜਦ ਇੱਥੇ ਬਣਾਵਾਂਗੇ ਤਾਂ ਸਮਾਂ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ। ਇੱਕ ਪੰਜਾਬੀ ਡਰਾਇਵਰ ਨੇ ਦੱਸਿਆ ਕਿ ਇੱਕ ਸਟਾਪ ਤੋਂ ਪੰਜਾਬੀ ਸੀਨੀਅਰ ਸਿਟੀਜ਼ਨ ਬੱਸ ਵਿੱਚ ਚੜ੍ਹਿਆ। ਮੈਂ ਭਾਈਚਾਰਕ ਤੌਰ 'ਤੇ ਸਾਸਰੀ ਕਾਲ ਬੁਲਾਈ। ਇਹ ਜਾਣਦਿਆਂ ਕਿ ਡਰਾਇਵਰ ਪੰਜਾਬੀ ਹੈ, ਉਸ ਟਿਕਟ ਲੈਣ ਲਈ ਹੱਥ 'ਚ ਫੜ੍ਹੇ ਡਾਲਰ ਵਾਪਸ ਜੇਬ ਵਿੱਚ ਪਾ ਲਏ। ਮੈਂ ਕਿਹਾ, ' ਬਾਬਾ ਜੀ ਉਸ ਪੰਜਾਬ ਦਾ ਬੇੜਾ ਤਾਂ ਗਰਕ ਕਰ ਦਿੱਤਾ ਹੈ, ਹੁਣ ਇਸਦਾ ਵੀ ਕਰਨਾ ਹੈ ?" ਇਸ ਕਥਨ ਦੀ ਵਿਆਖਿਆ ਕਰਨ ਦੀ ਲੋੜ ਨਹੀਂ ਹੈ।

ਕੈਨੇਡਾ ਆ ਵੱਸੇ ਪੰਜਾਬੀਆਂ ਦਾ ਇਸ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਹੈ। ਵੇਅਰ ਹਾਊਸ ਵਿੱਚ ਮਜ਼ਦੂਰੀ ਕਰਨ ਤੋਂ ਇਲਾਵਾ ਆਮਦਨ ਉਪਰ ਟੈਕਸ ਦੇਣਾ, ਖਰੀਦੋ-ਫਰੋਖਤ ਕਰਨੀ, ਰਿਹਾਇਸ਼ੀ ਘਰਾਂ ਦਾ ਕਾਰੋਬਾਰ ਅਤੇ ਟਰਾਂਸਪੋਰਟ ਰਾਹੀਂ ਦੇਸ਼ ਦੀ ਆਰਥਿਕਤਾ ਵਿੱਚ ਪਰਵਾਸੀ ਆਪਣਾ ਹਿੱਸਾ ਪਾ ਰਹੇ

ਹਨ। ਦੇਸ਼ ਦੀ ਰਾਜਨੀਤੀ ਵਿੱਚ ਵੀ ਇਨ੍ਹਾਂ ਪਰਵਾਸੀਆਂ ਦਾ ਯੋਗਦਾਨ ਜ਼ਿਕਰ-ਗੋਚਰਾ ਹੈ। ਸਮਾਜਿਕ ਅਤੇ ਸਾਹਿਤਕ, ਕਲਾਤਮਿਕ, ਕਾਰਜਾਂ ਵਿੱਚ ਰੁੱਝੇ ਲੋਕ ਵੀ ਆਪਣੇ ਭਾਈਚਾਰੇ ਦਾ ਮਾਣ ਵਧਾ ਰਹੇ ਹਨ। ਟਰਾਂਸਪੋਰਟ ਸਮੇਤ ਬਹੁਤ ਸਾਰੇ ਕਾਰੋਬਾਰਾਂ ਵਿੱਚ ਇਨ੍ਹਾਂ ਦੀ ਸਰਦਾਰੀ ਹੈ। ਇਸ ਸਰਦਾਰੀ ਨੂੰ ਬਣਾਈ ਰੱਖਣ ਲਈ ਬਾਲਗ ਪਰਵਾਸੀਆਂ ਨੂੰ ਸਿੱਖਿਅਤ ਕਰਨ ਦੀ ਲੋੜ ਹੈ। ਇਸ ਨਵੀਂ ਆਮਦ ਨੂੰ ਜੌਬ ਲੱਭਣ, ਰਹਿਣ ਲਈ ਰੈਂਟ ਅਤੇ ਖਾਣ-ਪੀਣ ਦਾ ਪ੍ਰਬੰਧ ਕਰਨ ਵਿੱਚ ਮੁਸ਼ਕਿਲਾਂ ਵੀ ਆ ਰਹੀਆਂ ਹਨ। ਇੱਥੇ ਜ਼ਿੰਦਗੀ ਦਾ ਆਰੰਭ ਚੁਣੌਤੀ ਭਰਿਆ ਹੈ। ਪਰ ਜਿਵੇਂ ਜਿਵੇਂ ਤੁਸੀਂ ਇਥੋਂ ਦੇ ਲੋਕਾਂ, ਭਾਸ਼ਾ, ਅਨੁਸਾਸ਼ਨ ਅਤੇ ਸੱਭਿਆਚਾਰ ਬਾਰੇ ਜਾਣੂ ਹੁੰਦੇ ਹੋ, ਜੀਵਨ ਸੁਖਾਲਾ ਹੁੰਦਾ ਜਾਂਦਾ ਹੈ। ਲੋੜ ਆਪਣੀਆਂ ਕੁਝ ਕੁ ਅਮਾਨਵੀ, ਦੂਸ਼ਿਤ, ਰੌਲੇ ਅਤੇ ਝਗੜੇ ਵਰਗੀਆਂ ਆਦਤਾਂ ਨੂੰ ਤਿਆਗਣ ਦੀ ਹੈ। ਇਹ ਆਦਤਾਂ ਹਰ ਨਿਜ਼ਾਮ ਅੰਦਰ ਸਮੱਸਿਆਵਾਂ ਪੈਦਾ ਕਰਦੀਆਂ ਹਨ। ਲੋੜ ਇਥੋਂ ਦੇ ਸਹਿਜ ਨੂੰ ਅਪਨਾਉਣ ਦੀ ਹੈ। ਲੋੜ ਇਥੋਂ ਦੀ ਇਮਾਨਦਾਰਾਨਾ ਸੋਚ ਨੂੰ ਅਪਨਾਉਣ ਦੀ ਹੈ।

# ਸਟੱਡੀ ਵੀਜ਼ੇ ਤੋਂ ਇਨਕਾਰ ਦਾ ਫਿਕਰ

ਇੰਗਲੈਂਡ ਤੋਂ ਬਾਅਦ ਅਮਰੀਕਾ, ਆਸਟਰੇਲੀਆ ਤੇ ਕੈਨੇਡਾ ਪੰਜਾਬੀਆਂ ਦੇ ਮਨਾਂ 'ਤੇ ਛਾਏ ਸੁਪਨ ਸੰਸਾਰ ਰਹੇ ਹਨ ਜਿੱਥੇ ਉਹ ਹਰ ਹਾਲਤ ਵਿੱਚ ਪਹੁੰਚਣਾ ਚਾਹੁੰਦੇ ਹਨ, ਪਹੁੰਚਦੇ ਰਹੇ ਹਨ ਅਤੇ ਪਹੁੰਚ ਰਹੇ ਹਨ। ਹੋਰ ਵਸੀਲਿਆਂ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਟਡੀ ਵੀਜ਼ੇ ਦੀ ਸਹੂਲਤ ਨਾਲ ਇਨ੍ਹਾਂ ਮੁਲਕਾਂ ਵਿੱਚ ਪਹੁੰਚਣਾ ਉਨ੍ਹਾਂ ਨੂੰ ਸੌਖਾ ਤੇ ਕਾਰਗਰ ਤਰੀਕਾ ਲੱਗਾ। ਸਟੱਡੀ ਵੀਜ਼ੇ 'ਤੇ ਸਵਾਰ ਹੋ ਲੱਖਾਂ ਨੌਜਵਾਨ ਇਨ੍ਹਾਂ ਮੁਲਕਾਂ ਵਿੱਚ ਤੇ ਖਾਸ ਕਰਕੇ ਕੈਨੇਡਾ ਵਿੱਚ ਪਹੁੰਚ ਚੁੱਕੇ ਹਨ। ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿੰਦਿਆਂ ਜਦ ਕਦੀ ਵਡੇਰੀ ਉਮਰ ਦੇ ਲੋਕਾਂ ਨਾਲ ਦੁੱਖ-ਸੁੱਖ ਫੋਲੀਦਾ ਹੈ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਤਿੰਨ ਜਾਂ ਚਾਰ ਦਹਾਕੇ ਪਹਿਲਾਂ ਇਥੇ ਆਏ ਹਨ। ਇਥੇ ਵੀਹ ਵੀਹ ਸਾਲ ਜੌਬ ਕੀਤੀ। ਹੁਣ ਪੈਨਸ਼ਨ ਲੈ ਰਹੇ ਹਨ। ਉਸ ਪੈਨਸ਼ਨ 'ਤੇ ਇਨ੍ਹਾਂ ਦਾ ਕਿੰਨਾ ਕੁ ਅਧਿਕਾਰ ਹੈ, ਇਹ ਵੱਖਰਾ ਵਿਸ਼ਾ ਹੈ। ਸਟੱਡੀ ਵੀਜ਼ੇ 'ਤੇ ਕੈਨੇਡਾ ਵੱਲ ਵਹੀਰਾਂ ਘੱਤੀ ਆਉਣ ਵਾਲੇ ਬੱਚਿਆਂ ਦਾ ਰੁਝਾਨ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਵੇਖਣ ਨੂੰ ਮਿਲਦਾ ਹੈ। ਇਸ ਤੋਂ ਪਹਿਲਾਂ ਵਿਦਿਆਰਥੀਆਂ ਲਈ ਆਸਟਰੇਲੀਆ ਪਹਿਲੀ ਪਸੰਦ ਸੀ। ਜਦ ਕੈਨੇਡਾ ਨੇ ਸਟੱਡੀ ਵੀਜ਼ਾ ਦੇਣ ਦੇ ਨਾਲ ਤਿੰਨ ਚਾਰ ਸਾਲਾਂ ਬਾਅਦ ਪੱਕੀ ਰਿਹਾਇਸ਼ (ਪੀ ਆਰ) ਦੇਣੀ ਸ਼ੁਰੂ ਕੀਤੀ ਤਾਂ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦਾ ਰੁਝਾਨ ਕੈਨੇਡਾ ਵੱਲ ਵੱਧ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਆਈਲੈਟਸ ਕਰਵਾਉਣ ਵਾਲਿਆਂ ਦਾ ਹੜ੍ਹ ਆ ਗਿਆ। ਇਸ ਵੇਲੇ ਕੈਨੇਡਾ ਇਮੀਗ੍ਰੇਸ਼ਨ ਕੋਲ ਦੋ ਮਿਲੀਅਨ ਤੋਂ ਵੱਧ ਦਰਖਾਸਤਾਂ ਬਕਾਇਆ ਪਈਆਂ ਹਨ। ਇਹ ਗਿਣਤੀ ਹਰ ਮਹੀਨੇ ਵੱਧਦੀ ਜਾ ਰਹੀ ਹੈ। ਸਾਲ 2016 ਵਿੱਚ ਸਟੱਡੀ ਵੀਜ਼ਾ ਦੇ ਪਰਮਿਟ 264625 ਤੋਂ ਵੱਧਕੇ 2019 ਵਿੱਚ 402427 ਹੋ ਗਏ ਹਨ। ਹੁਣ ਦੀ ਸਥਿਤੀ ਇਹ ਹੈ ਕਿ ਪਿੱਛਲੇ ਕੁਝ ਮਹੀਨਿਆਂ ਦੌਰਾਨ 60 ਪ੍ਰਤੀਸ਼ਤ ਤੋਂ ਵੱਧ ਦਰਖਾਸਤਾਂ ਨੂੰ ਸਟੱਡੀ ਵੀਜ਼ੇ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਇਹ ਸਟੱਡੀ ਵੀਜ਼ੇ 'ਤੇ ਕੈਨੇਡਾ ਆਉਣ ਦੀ ਚਾਹਵਾਨ ਨੌਜਵਾਨ ਪੀੜ੍ਹੀ ਲਈ ਵੱਡੇ ਸਦਮੇਂ ਵਾਲੀ ਗੱਲ ਹੈ। ਇਸ ਇਨਕਾਰ ਪਿੱਛੇ ਕਿਹੜੀ ਸੋਚ ਜਾਂ ਨੀਤੀ ਪਈ ਹੈ, ਇਸ ਬਾਰੇ ਗੱਲ ਕਰਦੇ ਹਾਂ।

ਦਰਅਸਲ ਵੀਜਿਆਂ ਤੋਂ ਇਨਕਾਰੀ ਦਾ ਇਹ ਸਿਲਸਿਲਾ ਕੋਰੋਨਾ ਦੀਆਂ ਪਾਬੰਦੀਆਂ ਅਤੇ ਹਵਾਈ ਸਫ਼ਰ ਦੀਆਂ ਬੰਧਸ਼ਾਂ ਦੌਰਾਨ ਹੀ ਸ਼ੁਰੂ ਹੋ ਗਿਆ ਸੀ। ਵੱਡੀ

ਗਿਣਤੀ ਵਿੱਚ ਅਰਜੀਆਂ ਦਾ ਲੰਬਿਤ ਪਏ ਹੋਣਾ ਵੀ ਇਨਕਾਰ ਦਾ ਇੱਕ ਕਾਰਣ ਬਣਿਆਂ ਹੈ। ਹੋਰ ਕਾਰਣਾਂ ਵਿੱਚ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੀ ਜਾਅਲਸਾਜ਼ੀ ਅਤੇ ਕੈਨੇਡਾ ਵਿੱਚ ਵੱਧ ਰਹੇ ਗੈਂਗਵਾਰ ਜਿਨ੍ਹਾਂ ਵਿੱਚ ਪੰਜਾਬੀ ਭਾਈਚਾਰੇ ਦੀ ਸ਼ਮੂਲੀਅਤ ਹੁੰਦੀ ਹੈ, ਵੀ ਇਸ ਇਨਕਾਰ ਦੇ ਕਾਰਣ ਹੋਣ ਦੇ ਸੰਸੇ ਹਨ। ਕੁਝ ਪ੍ਰਾਈਵੇਟ ਕਾਲਜਾਂ ਦੇ ਲਾਈਸੈਂਸ ਰੱਦ ਹੋਣਾ ਵੀ ਇੱਕ ਕਾਰਨ ਹੈ। ਇਨ੍ਹਾਂ ਕਾਲਜਾਂ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਫੀਸਾਂ ਜਮ੍ਹਾਂ ਹਨ ਜਿਨ੍ਹਾਂ ਦੀ ਵਾਪਸੀ ਲਈ ਉਹ ਜੱਦੋ-ਜਹਿਦ ਕਰ ਰਹੇ ਹਨ। ਜੇ ਉਪਲੱਭਤ ਸੂਚਨਾ ਦੀ ਗੱਲ ਕਰੀਏ ਤਾਂ ਵੀਹ ਲੱਖ ਤੋਂ ਵੱਧ ਅਰਜੀਆਂ ਇਮੀਗਰੇਸ਼ਨ ਦਫ਼ਤਰ ਵਿੱਚ ਪਈਆਂ ਹਨ ਜਿਨ੍ਹਾਂ ਵਿੱਚ ਸਟੱਡੀ ਵੀਜ਼ਾ, ਪੀ.ਆਰ. ਲ਼ਈ ਬੇਨਤੀ ਪੱਤਰ, ਵਿਜ਼ਿਟਰ ਵੀਜ਼ਾ, ਅਤੇ ਵਿਆਹੇ ਜੋੜਿਆਂ ਦੇ ਸਪਾਊਸ ਵੀਜ਼ੇ ਸ਼ਾਮਲ ਹਨ। ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਸੱਤ ਬੈਂਡ ਲੈਣ ਵਾਲੇ ਵਿਦਿਆਰਥੀਆਂ ਦੇ ਵੀਜ਼ੇ ਵੀ ਨਹੀਂ ਮਿਲ ਰਹੇ। ਕੈਨੇਡਾ ਸਰਕਾਰ ਦਾ ਤਾਂ ਇਹ ਵੀ ਕਹਿਣਾ ਹੈ ਕਿ ਵਿਦਿਆਰਥੀਆਂ ਵੱਲੋਂ ਕੈਨੇਡਾ ਆਉਣ ਦਾ ਮਕਸਦ ਬਾਰੇ ਸਟੇਟਮੈਂਟ ਸਾਫ਼ ਨਹੀਂ ਹੈ।

ਸਟੱਡੀ ਵੀਜ਼ੇ ਨਾ ਮਿਲਣ ਦੇ ਕਾਰਣ ਕੁਝ ਵੀ ਹੋਣ, ਫਿਕਰ ਵਾਲੀ ਗੱਲ ਤਾਂ ਹੈ ਅਤੇ ਸੋਚਣਾ ਵੀ ਬਣਦਾ ਹੈ। ਪੂੰਜੀਵਾਦੀ ਸਿਸਟਮ ਹਰ ਫੈਸਲਾ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖ ਕੇ ਕਰਦਾ ਹੈ। ਕੋਰੋਨਾ ਕਾਲ ਤੋਂ ਬਾਅਦ ਦੀ ਗੱਲ ਕਰੀਏ ਤਾਂ ਵੱਖ-ਵੱਖ ਅਦਾਰਿਆਂ ਵਿੱਚ ਕਾਮਿਆਂ ਦੀ ਲੋੜ ਘਟੀ ਹੈ। ਬਹੁਤ ਸਾਰੀਆਂ ਨੌਕਰੀਆਂ ਖਤਮ ਕਰ ਦਿੱਤੀਆਂ ਗਈਆਂ ਹਨ। ਏਅਰ-ਪੋਰਟਾਂ 'ਤੇ, ਪੈਟਰੌਲ ਪੰਪਾਂ 'ਤੇ, ਸਕਿਓਰਿਟੀ ਜੌਬਾਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਵਿਕਸਤ ਟੈਕਨੋਲੋਜ਼ੀ ਨੇ ਬੰਦਿਆਂ ਦੀ ਲੋੜ ਖਤਮ ਕਰ ਦਿੱਤੀ ਹੈ। ਆਹਰੇ ਲੱਗੇ ਕਿਸੇ ਵੀ ਕਾਮੇਂ ਦੀ ਦਿਨ ਦੇ ਕਿਸੇ ਵੀ ਪਹਿਰ ਛੁੱਟੀ ਕਰ ਦਿੱਤੀ ਜਾਂਦੀ ਹੈ ਕਿ ਕੰਮ ਨਹੀਂ ਹੈ। ਵੈਸੇ ਵੀ ਇਥੇ ਕੈਨੇਡਾ ਵਿੱਚ ਕਿਹਾ ਜਾਂਦਾ ਹੈ ਕਿ ਤਿੰਨ ਡਬਲਯੂ ਯਾਨੀ ਮੌਸਮ, ਔਰਤ ਤੇ ਕੰਮ ਦਾ ਕੋਈ ਭਰੋਸਾ ਨਹੀਂ ਹੈ। ਕੰਮ ਦਾ ਭਰੋਸਾ ਨਾ ਹੋਣਾ ਸਭ ਤੋਂ ਖਤਰਨਾਕ ਰੁਝਾਨ ਹੈ ਜਿਸ ਦੀ ਮਾਰ ਸ਼ਾਇਦ ਸਟੱਡੀ ਵੀਜ਼ਾ ਉਡੀਕ ਰਹੇ ਬੱਚੇ ਸਹਿ ਰਹੇ ਹਨ। ਪੂੰਜੀਵਾਦੀ ਸੋਚ, ਸਰਕਾਰੀ ਨੀਤੀਆਂ ਅਤੇ ਮੁਲਕ ਅੰਦਰਲੇ ਹਲਾਤਾਂ ਬਾਰੇ ਆਪਾਂ ਕੁਝ ਨਹੀਂ ਕਹਿ ਸਕਦੇ। ਡੂੰਘਾ ਵਾਹ ਲੈ ਹਲ਼ ਵੇ ਤੇਰੀ ਘਰੇ ਨੌਕਰੀ ਵਾਲੀ ਕਹਾਵਤ 'ਤੇ ਜ਼ੇਕਰ ਅਮਲ ਕਰ ਲਿਆ ਜਾਵੇ, ਸਰਕਾਰਾਂ ਬੱਚਿਆਂ ਦੇ ਭਵਿੱਖ ਲਈ ਸੁਹਿਰਦ ਹੋ ਜਾਣ ਤਾਂ ਇਸ ਫਿਕਰ ਤੋਂ ਥੋੜ੍ਹੀ ਰਾਹਤ ਮਿਲ ਸਕਦੀ ਹੈ। ਇਥੇ ਬੱਚਿਆਂ ਨੂੰ ਵੱਖ-ਵੱਖ ਜੌਬਾਂ 'ਤੇ ਕੰਮ ਕਰਦਿਆਂ ਵੇਖ ਕੇ ਲੋਕ ਅਕਸਰ ਆਖਦੇ ਹਨ ਕਿ ਬਾਬੇ ਨਾਨਕ ਦੀ ਕਿਰਤ ਵਾਲਾ ਫ਼ਲਸਫ਼ਾ ਤਾਂ ਇਥੇ ਕੈਨੇਡਾ ਵਿੱਚ ਸਾਕਾਰ ਹੋਇਆ ਹੈ। ਆਓ ਪੰਜਾਬ ਅਤੇ ਭਾਰਤ ਵਿੱਚ ਵੀ ਇਹ ਫ਼ਲਸਫ਼ਾ ਸਾਕਾਰ ਕਰੀਏ। ਕੋਸ਼ਿਸ਼ ਤਾਂ ਕਰ ਹੀ ਸਕਦੇ ਹਾਂ।

# ਤਾਂਘ ਵਿੱਚ ਸਾਹ ਲੈਂਦਾ ਕੈਨੇਡਾ

ਕੈਨੇਡਾ ਬਹੁਕੌਮੀ ਦੇਸ਼ ਹੈ। ਦੁਨੀਆਂ ਭਰ ਦੇ ਦੇਸ਼ਾਂ ਵਿਚੋਂ ਲੋਕ ਆ ਕੇ ਇਥੇ ਵੱਸੇ ਹੋਏ ਹਨ। ਬਹੁਤੇ ਲੋਕ ਏਸ਼ੀਆ ਤੇ ਸਾਊਥ ਅਫਰੀਕਾ ਦੇ ਦੇਸ਼ਾਂ ਵਿਚੋਂ ਹਨ। ਭਾਰਤ ਵਿਚੋਂ ਪੰਜਾਬ, ਹਰਿਆਣਾ, ਗੁਜਰਾਤ ਅਤੇ ਦੱਖਣੀ ਭਾਰਤ ਦੇ ਪ੍ਰਾਂਤਾਂ ਵਿਚੋਂ ਜ਼ਿਆਦਾ ਲੋਕ ਇਥੇ ਆਏ ਹਨ। ਸਭ ਤੋਂ ਵੱਧ ਪੰਜਾਬੀ ਇਥੇ ਆਏ ਹਨ। ਘੱਟੋ ਘੱਟ 10 ਗੁਰਦਵਾਰੇ ਇਕੱਲੇ ਬਰੈਂਪਟਨ ਸ਼ਹਿਰ ਵਿਚ ਹਨ। ਮੰਦਰਾਂ ਦੀ ਗਿਣਤੀ ਵੀ ਏਨੀ ਕੁ ਹੈ। ਪੰਜਾਬੀਆਂ ਲਈ ਕੈਨੇਡਾ ਸੁਪਨਿਆਂ ਦਾ ਸ਼ਹਿਰ ਹੈ। ਉਹ ਕਿਸੇ ਵੀ ਹੀਲੇ ਇਥੇ ਪਹੁੰਚਣਾ ਚਾਹੁੰਦੇ ਹਨ। ਪਿੱਛਲੇ ਕੁਝ ਸਾਲਾਂ ਤੋਂ ਵਿਦਿਆਰਥੀ ਵੀਜ਼ੇ 'ਤੇ ਇਥੇ ਪਹੁੰਚਣ ਵਾਲਿਆਂ ਦੀ ਗਿਣਤੀ ਬਹੁਤ ਵਧੀ ਹੈ। ਇਹ ਇਥੇ ਪਹੁੰਚਣ ਦਾ ਇੱਕ ਕਾਨੂੰਨੀ ਤਰੀਕਾ ਹੈ। ਬੱਚਾ ਆਪਣੀ ਕਾਬਲੀਅਤ ਦੇ ਸਹਾਰੇ ਇਥੇ ਪਹੁੰਚਦਾ ਹੈ। ਸੱਚ ਇਹ ਵੀ ਹੈ ਕਿ ਉਸਨੂੰ ਇਥੇ ਪਹੁੰਚ ਕੇ ਬੜਾ ਸੰਘਰਸ਼ ਕਰਨਾ ਪੈਂਦਾ ਹੈ। ਆਪਣੇ ਰਹਿਣ ਦਾ ਪ੍ਰਬੰਧ ਕਰਨਾ, ਜੌਬ ਲੱਭਣੀ, ਖਾਣ-ਪੀਣ ਦਾ ਪ੍ਰਬੰਧ ਕਰਨਾ ਤੇ ਅਣਜਾਣ ਲੋਕਾਂ ਵਿਚ ਆਪਣੇ ਆਪ ਨੂੰ ਸਾਬਤ ਕਰਨਾ। ਲੜਕੀਆਂ ਲਈ ਇਹ ਹੋਰ ਵੀ ਸੰਘਰਸ਼ਪੂਰਣ ਹੈ। ਪਰ ਸ਼ਾਬਾਸ਼ ਇਨ੍ਹਾਂ ਬੱਚਿਆਂ ਦੇ, ਇਹ ਸੰਘਰਸ਼ ਵੀ ਕਰ ਰਹੇ ਹਨ ਅਤੇ ਕਾਮਯਾਬ ਵੀ ਹੋ ਰਹੇ ਹਨ। ਆਪਣੇ ਬੱਚਿਆਂ ਨੂੰ ਮਿਲਣ ਲਈ ਆ ਰਹੇ ਮਾਪਿਆਂ ਦੀਆਂ ਵੀ ਲਾਈਨਾਂ ਲੱਗ ਗਈਆਂ ਹਨ। ਟੂਰਿਸਟ ਸਟੇਟਸ ਵਾਲੇ ਵੀਜ਼ਾ ਹੋਲਡਰਾਂ ਨੂੰ ਇਥੇ ਕੰਮ ਕਰਨ ਦੀ ਮਨਾਹੀ ਹੈ। ਵਿਹਲੇ ਮਾਪਿਆਂ ਦਾ ਸਮਾਂ ਨਹੀਂ ਲੰਘਦਾ। ਬੇਸਮੈਂਟਾਂ ਦੀ ਸੁੰਞ ਵੱਡ-ਖਾਣ ਨੂੰ ਪੈਂਦੀ ਹੈ। ਲੱਗਦਾ ਜਿਵੇਂ ਪਾਤਾਲ 'ਚ ਲਹਿ ਗਏ ਹੋਣ। ਉਦਾਸ ਹੁੰਦੇ ਹਨ ਤੇ ਫਿਰ ਡਿਪਰੈਸ਼ਨ ਦਾ ਸ਼ਿਕਾਰ। ਆਦਮੀ ਪਾਰਕਾਂ 'ਚ ਬੈਠ ਵਕਤ ਲੰਘਾਉਂਦੇ ਹਨ। ਗੁਰਦਵਾਰਿਆਂ 'ਚ ਜਾਂਦੇ ਹਨ। ਤੀਜਾ ਕੋਈ ਬਦਲ ਉਨ੍ਹਾਂ ਨੂੰ ਸੁਝਦਾ ਨਹੀਂ। ਸਮਾਂ ਰੀਂਗਣ ਲੱਗ ਪੈਂਦਾ ਹੈ। ਉਦਾਸੀ ਹਰ ਛਿਣ 'ਤੇ ਕਾਬਜ਼ ਹੋ ਜਾਂਦੀ ਹੈ। ਬਹੁਤਿਆਂ ਦਾ ਇਹ ਐਲਾਨ ਵਰਗਾ ਫੈਸਲਾ ਹੁੰਦਾ ਕਿ ਦੁਬਾਰਾ ਇਥੇ ਨਹੀਂ ਆਵਾਂਗਾ। ਪਰ ਵਿਦਿਆਰਥੀ ਵੀਜ਼ੇ 'ਤੇ ਇਥੇ ਆਉਣ ਲਈ ਆਈਲੈਟਸ ਪਾਸ ਕਰਨਾ, ਇਥੇ ਕਿਸੇ ਕਾਲਜ 'ਚ ਦਾਖਲਾ ਲੈਣਾ ਤੇ ਮੋਟੀਆਂ ਫ਼ੀਸਾਂ ਤਾਰਨੀਆਂ ਹਰ ਇੱਕ ਦੀ ਪਹੁੰਚ ਵਿੱਚ ਨਹੀਂ ਹੁੰਦਾ। ਚੰਦਰੀਆਂ ਇਹ ਗੱਲਾਂ ਮਨ ਵਿਚੋਂ ਕੈਨੇਡਾ ਪਹੁੰਚਣ ਦੀ ਤਾਂਘ ਨੂੰ ਘੱਟ ਨਹੀਂ ਕਰਦੀਆਂ। ਕੈਨੇਡਾ, ਅਮਰੀਕਾ, ਆਸਟਰੇਲੀਆ ਤਾਂ ਪੰਜਾਬੀਆਂ ਦੇ ਸੁਪਨੇ ਹਨ। ਕਦੀ ਇਹ ਸੁਪਨਾ

ਇੰਗਲੈਂਡ ਹੁੰਦਾ ਸੀ। ਹੁਣ ਉਹ ਅੰਗੂਰ ਖੱਟੇ ਹੋ ਗਏ ਹਨ। ਹੁਣ ਬਾਕੀ ਬਚੇ ਸੁਪਨਿਆਂ 'ਚੋਂ ਸਭ ਤੋਂ ਵੱਧ ਚਮਕ ਕੈਨੇਡਾ ਦੀ ਹੈ। ਇਹ ਚਮਕ ਇਥੋਂ ਛਪਦੀਆਂ ਅਖ਼ਬਾਰਾਂ ਵਿਚ ਵੀ ਵੇਖੀ ਜਾ ਸਕਦੀ ਹੈ। ਸਪੋਕਸਮੈਨ, ਹਮਦਰਦ, ਅਜੀਤ, ਪੰਜਾਬੀ ਆਵਾਜ਼, ਪੰਜਾਬੀ ਪੋਸਟ, ਪਰਵਾਸੀ, ਖ਼ਬਰਨਾਮਾ ਆਦਿ ਇਥੋਂ ਛਪਦੀਆਂ ਪੰਜਾਬੀ ਅਖ਼ਬਾਰਾਂ ਹਨ। ਇਹ ਸਾਰੀਆਂ ਅਖ਼ਬਾਰਾਂ ਹਫ਼ਤਾਵਾਰੀ ਹਨ। ਗੁਰਦਵਾਰਿਆਂ, ਮੰਦਰਾਂ, ਅਤੇ ਕੁਝ ਸਟੋਰਾਂ ਦੇ ਬਾਹਰ ਬਣੇ ਵਿਸ਼ੇਸ਼ ਕੈਬਿਨਾਂ 'ਚੋਂ ਇਹ ਅਖ਼ਬਾਰਾਂ ਮੁਫ਼ਤ ਵਿਚ ਮਿਲਦੀਆਂ ਹਨ। ਇਨ੍ਹਾਂ ਵਿੱਚ ਬਹੁਤੀਆਂ ਖ਼ਬਰਾਂ ਪੰਜਾਬ, ਕੈਨੇਡਾ ਦੀਆਂ, ਕੁਝ ਆਰਟੀਕਲ ਅਤੇ ਬਹੁਤੇ ਇਸ਼ਤਿਹਾਰ ਹੁੰਦੇ ਹਨ। ਇਨ੍ਹਾਂ ਇਸ਼ਤਿਹਾਰਾਂ ਦੀ ਕਮਾਈ ਨਾਲ ਹੀ ਇਹ ਅਖ਼ਬਾਰਾਂ ਚਲਦੀਆਂ ਹਨ। ਇਨ੍ਹਾਂ ਵਿਚੋਂ ਜਿਹੜੇ ਇਸ਼ਤਿਹਾਰਾਂ ਹੈਰਾਨ ਕਰਦੇ ਹਨ ਉਹ ਹਨ ਮੈਟਰੀਮੋਨੀਅਲਜ ਯਾਨੀ ਵਿਆਹ ਸਬੰਧੀ ਇਸ਼ਤਿਹਾਰ। ਇਨ੍ਹਾਂ ਵਿਚੋਂ ਕੁਝ ਮੈਂ ਤੁਹਾਡੇ ਨਾਲ ਸਾਂਝੇ ਕਰਦਾ ਹਾਂ। ਇੱਕ ਇਸ਼ਤਿਹਾਰ ਹੈ, 'ਜੱਟ ਸਿੱਖ ਪਰਿਵਾਰ ਨਾਲ ਸਬੰਧਤ ਲੜਕੀ, ਉਮਰ ਛੱਬੀ ਸਾਲ, ਕੱਦ ਸਾਢੇ ਪੰਜ ਫੁੱਟ, ਕੈਨੇਡੀਅਨ ਇਮੀਗ੍ਰਾਂਟ, ਗਰੈਜੂਏਟ, ਸੋਹਣੀ ਸੁਨੱਖੀ ਪਰਿਵਾਰਕ ਲੜਕੀ ਲਈ ਇੰਡੀਆ ਤੋਂ ਪੱਗੜੀਧਾਰੀ ਲੜਕੇ ਦੀ ਲੋੜ ਹੈ। ਉਹੀ ਪਰਿਵਾਰ ਸੰਪਰਕ ਕਰਨ ਜਿਹੜੇ ਲੜਕੀ ਦੇ ਇੰਡੀਆ ਰਹਿੰਦੇ ਕਜ਼ਨ ਭਰਾ ਦਾ ਕੈਨੇਡੀਅਨ ਰਿਸ਼ਤਾ ਕਰਵਾ ਸਕਣ। 'ਸਿੱਧੀ ਸਿੱਧੀ ਸੌਦੇਬਾਜ਼ੀ। ਅਜਿਹੇ ਦਰਜ਼ਨਾਂ ਇਸ਼ਤਿਹਾਰ ਅਖ਼ਬਾਰਾਂ ਵਿਚ ਪੜ੍ਹਨ ਨੂੰ ਮਿਲਦੇ ਹਨ। ਇਹ ਇਸ਼ਤਿਹਾਰ ਪੰਜਾਬੀ ਬੰਦੇ ਦੀ ਉਸ ਮਾਨਸਿਕਤਾ ਨੂੰ ਦਰਸਾਉਂਦਾ ਹੈ ਜਿਹੜੀ ਹਰ ਹੀਲੇ ਕੈਨੇਡਾ ਪਹੁੰਚਣਾ ਚਾਹੁੰਦਾ ਹੈ। ਕਦੀ ਸੁਣਦੇ ਹੁੰਦੇ ਸਾਂ ਕਿ ਇੰਗਲੈਂਡ ਪਹੁੰਚਣ ਲਈ ਲੋਕਾਂ ਨੇ ਆਪਣੀਆਂ ਭੈਣਾ ਨਾਲ ਵਿਆਹ ਰਚਾਏ ਸਨ। ਠੇਕੇ 'ਤੇ ਵਿਆਹ ਕਰਵਾਉਣ ਦੀ ਪ੍ਰੰਪਰਾ ਵੀ ਇਥੇ ਰਹੀ ਹੈ। ਜਿਵੇਂ ਪੰਜਾਬ 'ਚ ਮੁਲਾਜ਼ਮਾਂ ਨੂੰ ਠੇਕੇ 'ਤੇ ਭਰਤੀ ਕਰਦੇ ਹਨ। ਪਰ ਜਿਵੇਂ ਜਿਵੇਂ ਭੇਤ ਖੁੱਲ੍ਹ ਰਹੇ ਹਨ, ਇਹ ਦੋ ਨੰਬਰ ਦੇ ਤਰੀਕੇ ਬੰਦ ਹੋ ਰਹੇ ਹਨ। ਅੱਜ ਤਰੀਕੇ ਬਦਲ ਗਏ ਹਨ ਪਰ ਤਾਂਘ ਨਹੀਂ ਮੁੱਕੀ। ਹਾਲਾਂਕਿ ਸਾਰਾ ਸੱਚ ਸੁਪਨੇ ਵਰਗਾ ਨਹੀਂ ਹੈ। ਇਥੇ ਆ ਕੇ ਜਦੋਂ ਲੋਕਾਂ ਨੂੰ ਵਿਪਰੀਤ ਸਥਿਤੀਆਂ ਵਿਚ ਸੰਘਰਸ਼ ਕਰਦੇ ਵੇਖੀ ਦਾ ਹੈ ਤਾਂ ਸੁਪਨੇ ਦੇ ਤਿੜਕਣ ਦੀ ਹਲਕੀ ਜਿਹੀ ਆਵਾਜ਼ ਵੀ ਸੁਣਦੀ ਹੈ। ਚੰਗੀਆਂ ਭਲੀਆਂ ਨੌਕਰੀਆਂ ਤੇ ਕੋਠੀਆਂ ਛੱਡ ਕੇ ਇਥੇ ਆਏ ਲੋਕਾਂ ਦੀ ਹਾਲਤ ਹੋਰ ਵੀ ਤਰਸਯੋਗ ਹੈ। ਪਰ ਗੱਲ ਸਿਸਟਮ 'ਤੇ ਆਕੇ ਮੁੱਕਦੀ ਹੈ। ਸਾਡੇ ਭਾਰਤ ਮਹਾਨ ਵਿੱਚ ਜਿਵੇਂ ਆਮ ਲੋਕਾਂ ਨੂੰ ਆਪਣੇ ਕੰਮਾਂ ਅਤੇ ਲੋੜਾਂ ਲਈ ਜਿਨ੍ਹਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸਦੇ ਮੁਕਾਬਲੇ ਇਥੇ ਕੀਤਾ ਸੰਘਰਸ਼ ਵਾਜ਼ਬ ਲੱਗਦਾ ਹੈ। ਕਿਰਤ ਦਾ ਮੁੱਲ ਪੈਂਦਾ ਹੈ। ਕੁਦਰਤ ਦਾ ਸਾਥ

ਮਿਲਦਾ ਹੈ। ਸੜਕਾਂ 'ਤੇ ਜਾਮ ਨਹੀਂ ਲੱਗਦੇ। ਹਵਾ 'ਚ ਸਾਹ ਨਹੀਂ ਘੁੱਟਦਾ। ਖਾਣ-ਪੀਣ ਦੀਆਂ ਵਸਤਾਂ ਅਸਲੀ ਹਨ। ਹੋਰ ਵੀ ਬੜਾ ਕੁਝ ਹੈ ਚੰਗਾ ਚੰਗਾ। ਪਰ ਆਪਣਾ ਵਤਨ ਹੈ ਕਿ ਭੁੱਲਦਾ ਨਹੀਂ, ਸਾਹਾਂ ਤੋਂ ਵੱਖ ਨਹੀਂ ਹੁੰਦਾ। ਸੱਚ ਕਈ ਨੇ। ਤੁਸੀਂ ਕਿਹੜੇ ਸੱਚ ਨਾਲ ਖਲੋਣਾ ਚਾਹੋਗੇ ?

# ਮਾਪਿਆਂ ਦੀ ਅੱਖ 'ਚ ਰੜਕਦਾ ਕੈਨੇਡਾ

ਥਾਵਾਂ ਨਾਲ ਸਾਡੇ ਰਿਸ਼ਤੇ ਸਮਾਜਿਕ ਰਿਸ਼ਤਿਆਂ ਨਾਲੋਂ ਵਧੇਰੇ ਸੰਵੇਦਨਸ਼ੀਲ ਅਤੇ ਹੰਢਣਸਾਰ ਹੁੰਦੇ ਹਨ। ਇਸ ਦੀ ਥੋੜ੍ਹੀ ਜਿਹੀ ਸੋਝੀ ਇਥੇ ਕੈਨੇਡਾ 'ਚ ਆ ਕੇ ਹੋਈ ਹੈ। ਆਪਣੀ ਉਮਰ ਦੇ ਪੰਜ ਛੇ ਦਹਾਕੇ ਪੰਜਾਬ ਵਿੱਚ ਗੁਜ਼ਾਰਨ ਤੋਂ ਬਾਅਦ ਜਦ ਮਾਪਿਆਂ ਨੂੰ ਵਿਦੇਸ਼ਾਂ ਵਿੱਚ ਪੀ.ਆਰ. ਹੋ ਗਏ ਬੱਚਿਆਂ ਕੋਲ ਜਾ ਕੇ ਰਹਿਣਾ ਪੈਂਦਾ ਹੈ ਤਾਂ ਪਰਾਈ ਧਰਤੀ 'ਤੇ ਬੇਗਾਨਗੀ ਦਾ ਅਹਿਸਾਸ ਜੰਮਣ ਭੋਇੰ ਨਾਲ ਰਿਸ਼ਤੇ ਦੀ ਗਵਾਹੀ ਭਰਦਾ ਹੈ। ਕਾਰਨ ਆਰਥਕ ਵੀ ਹੋ ਸਕਦੇ ਹਨ, ਸਮਾਜਿਕ ਵੀ। ਪਰ ਇਸ ਬੇਗਾਨਗੀ ਦੀ ਵਿਆਪਕਤਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ। ਕੁਝ ਉਦਾਹਰਣਾਂ ਨਾਲ ਗੱਲ ਦੀ ਪ੍ਰੋੜ੍ਹਤਾ ਕਰਨ ਦੀ ਕੋਸ਼ਿਸ਼ ਕਰਦੇ ਹਾਂ।

ਕਿਸੇ ਯੂਨੀਵਰਸਿਟੀ ਤੋਂ ਉਪ-ਕੁਲਪਤੀ ਸੇਵਾ ਮੁਕਤ ਹੋਇਆ ਬਾਪ ਆਪਣੇ ਕੈਨੇਡਾ ਰਹਿੰਦੇ ਪੁੱਤ ਕੋਲ ਗਿਆ। ਪੁੱਤਰ ਨੇ ਕਿਹਾ, "ਪਾਪਾ! ਜਿੰਨੀ ਕੁ ਪੈਨਸ਼ਨ ਤੁਹਾਨੂੰ ਮਿਲਦੀ ਹੈ ਇਸ ਨਾਲ ਇਥੇ ਤੁਹਾਡਾ ਵਧੀਆ ਗੁਜ਼ਾਰਾ ਹੋ ਜਾਣਾ। ਤੁਸੀਂ ਵਾਪਸ ਜਾ ਕੇ ਕੀ ਕਰਨਾ" ਪਿਉ ਨੇ ਸੁਣਿਆਂ, ਵਿਚਾਰਿਆ ਤੇ ਠਰ੍ਹੰਮੇ ਨਾਲ ਜਵਾਬ ਦਿੱਤਾ, "ਪੁੱਤਰ, ਜਿਸ ਪੈਨਸ਼ਨ ਨਾਲ ਮੇਰਾ ਇਥੇ ਗੁਜ਼ਾਰਾ ਹੋਣਾ, ਉਸ ਨਾਲ ਮੇਰੀ ਉਥੇ ਪੰਜਾਬ ਵਿੱਚ ਬਾਦਸ਼ਾਹਤ ਹੈ। ਮੈਂ ਆਪਣੇ ਦੇਸ਼ ਦੀ ਬਾਦਸ਼ਾਹਤ ਛੱਡ ਤੇਰੇ ਸਹੇੜੇ ਦੇਸ਼ ਵਿੱਚ ਗੁਜ਼ਾਰਾ ਕਰਨ ਕਿਉਂ ਆਵਾਂ?" ਪੁੱਤਰ ਕੋਲ ਇਸ ਗੱਲ ਦਾ ਜਵਾਬ ਕੋਈ ਨਹੀਂ। ਪਰ ਮਾਪਿਆਂ ਕੋਲ ਅਜੇ ਸਵਾਲ ਬਹੁਤ ਹਨ। ਚਾਰ ਦਹਾਕੇ ਪਹਿਲਾਂ ਕੈਨੇਡਾ ਆਏ ਲੋਕਾਂ ਦੀ ਅਗਲੀ ਪੀੜ੍ਹੀ ਕੋਲ ਧੰਨ-ਦੌਲਤ ਬਹੁਤ ਹੈ। ਜੇਕਰ ਉਨ੍ਹਾਂ ਨੂੰ ਕੋਈ ਮਾੜੀ ਲਤ ਨਹੀਂ ਹੈ ਤਾਂ ਸੁਖੀ ਜੀਵਨ ਵੀ ਬਿਤਾ ਰਹੇ ਹਨ। ਪਰ ਚਾਰ ਦਹਾਕੇ ਪਹਿਲਾਂ ਆਏ ਮਾਪਿਆਂ ਕੋਲ ਪਿੰਡ ਵਾਲੀ ਬਹੁ-ਮੰਜ਼ਲੀ ਕੋਠੀ ਦਾ ਝੋਰਾ ਹੈ। ਖੰਡਰ ਹੋ ਰਹੀ ਕੋਠੀ ਦੇ ਮੱਥੇ 'ਤੇ ਸੇਲ ਦਾ ਫੱਟਾ ਲਟਕਦਾ ਹੈ ਉਸ ਕੋਠੀ ਦੇ ਮਾਲਕ ਇਥੇ ਕੈਨੇਡਾ ਵਿਚ ਖੰਡਰ ਹੋ ਰਹੀ ਦੇਹ ਦਾ ਸੰਤਪ ਭੋਗ ਰਿਹਾ ਹੈ।

ਸਾਡਾ ਇੱਕ ਦੋਸਤ ਪਤਨੀ ਸਮੇਤ ਆਸਟਰੇਲੀਆ ਪੀ.ਆਰ. ਹੋ ਗਏ ਬੇਟੇ ਕੋਲ ਗਿਆ। ਕੁਝ ਮਹੀਨੇ ਤਾਂ ਸੁਖੀ-ਸਾਂਦੀ ਬੀਤ ਗਏ। ਫਿਰ ਉਨ੍ਹਾਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਾਨੂੰ ਵਾਪਸ ਪੰਜਾਬ ਭੇਜ ਦੇ। ਪਰ ਬੇਟੇ ਨੇ ਕਹਿਣਾ ਕਿ ਤੁਸੀਂ ਉਥੇ ਜਾ ਕੇ ਕੀ ਕਰਨਾ। ਪਰ ਮਾਪਿਆਂ ਦੀ ਜ਼ਿੱਦ ਅੱਗੇ ਬੇਟਾ ਹਾਰ ਗਿਆ ਤੇ ਸਾਡਾ

ਦੋਸਤ ਵਾਪਸ ਪੰਜਾਬ ਆ ਗਿਆ। ਮੈਨੂੰ ਯਾਦ ਹੈ ਜਿਸ ਦਿਨ ਬੇਟੇ ਨੇ ਆਸਟਰੇਲੀਆ ਵਿਚੋਂ ਫੋਨ ਕਰਕੇ ਆਪਣੇ ਬਾਪ ਨਾਲ ਪੀ.ਆਰ. ਮਿਲਣ ਦੀ ਖ਼ਬਰ ਸਾਂਝੀ ਕੀਤੀ ਸੀ, ਓਦੋਂ ਭਾਰਤ ਵਿੱਚ ਅਜੇ ਦਿਨ ਚੜ੍ਹਿਆ ਸੀ। ਪਿਉ ਨੇ ਪਟਿਆਲਾ ਪੈੱਗ ਨੂੰ ਦੋ ਨਾਲ ਗੁਣਾ ਕਰਕੇ ਇਕੋ ਵਾਰ ਅੰਦਰ ਸੁੱਟ ਲਿਆ ਸੀ। ਚਾਅ ਦਾ ਇਹ ਛਿਣ ਹੁਣ ਪੁਰਾਣੀ ਗੱਲ ਹੋ ਗਈ ਹੈ। ਹੁਣ ਮਾਪੇ ਉਸ ਪੀ. ਆਰ.ਪੁੱਤ ਕੋਲ ਕੁਝ ਮਹੀਨੇ ਰਹਿ ਕੇ ਵਾਪਸ ਪਰਤੇ ਹਨ। ਇਥੇ ਰਹਿੰਦੀ ਬੇਟੀ ਮਿਲਣ ਆਈ ਤਾਂ ਮਾਂ-ਪਿਉ ਦੀਆਂ ਧੁਆਂਖੀਆਂ ਸ਼ਕਲਾਂ ਵੇਖ ਫ਼ਿਕਰ ਜ਼ਾਹਰ ਕਰਦਾ ਸਵਾਲ ਕੀਤਾ। ਪਿਉ ਨੇ ਕਿਹਾ ਕਿ ਸਾਡੀਆਂ ਸ਼ਕਲਾਂ ਦਾ ਫ਼ਿਕਰ ਨਾ ਕਰ ਤੂੰ। ਇਹ ਲੈ ਸਾਡੇ ਪਾਸਪੋਰਟ। ਇਨ੍ਹਾਂ ਨੂੰ ਪਾੜ ਦੇ ਜਾਂ ਅੱਗ ਵਿੱਚ ਸਾੜ ਦੇ। ਅਸੀਂ ਦੁਬਾਰਾ ਆਸਟਰੇਲੀਆ ਨਹੀਂ ਜਾਣਾ। ਸ਼ਕਲਾਂ ਸਾਡੀਆਂ ਆਪੇ ਠੀਕ ਹੋ ਜਾਣੀਆਂ

ਗੱਲ ਇਕੱਲੇ ਕੈਨੇਡਾ ਦੀ ਨਹੀਂ ਹੈ। ਗੱਲ ਤਾਂ ਵਿਦਿਆਰਥੀ ਵੀਜ਼ੇ 'ਤੇ ਪ੍ਰਦੇਸ਼ ਗਏ ਬੱਚਿਆਂ ਦੀ ਹੈ। ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ ਸਮੇਤ ਦੁਨੀਆਂ ਦੇ ਕੁਝ ਹੋਰ ਦੇਸ਼ ਵੀ ਹਨ ਜਿੱਥੇ ਭਾਰਤੀ ਵਿਦਿਆਰਥੀ ਗਏ ਹਨ। ਯੂਕਰੇਨ ਰੂਸ ਜੰਗ ਨੇ ਤਾਂ ਦੱਸ ਦਿੱਤਾ ਹੈ ਕਿ ਯੂਰਪ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵਿਦਿਆਰਥੀ ਰਹਿ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਉਹ ਦੇਸ਼ ਪੱਕੀ ਰਿਹਾਇਸ਼ ਦੀ ਆਗਿਆ ਦਿੰਦਾ ਸਰਟੀਫਿਕੇਟ ਨਹੀਂ ਦਿੰਦੇ। ਸਮੱਸਿਆ ਤਾਂ ਓਦੋਂ ਸ਼ੁਰੂ ਹੁੰਦੀ ਹੈ ਜਦ ਪੀ.ਆਰ. ਪ੍ਰਾਪਤ ਕਰ ਲੈਣ ਤੋਂ ਬਾਅਦ ਬੱਚੇ  ਮਾਪਿਆਂ ਨੂੰ ਆਪਣੇ ਕੋਲ ਬੁਲਾਉਂਦੇ ਹਨ। ਆਸਰਟੇਲੀਆ ਵਿੱਚ ਆਪਣੇ ਬੇਟੇ ਕੋਲ ਗਏ ਸਾਡੇ ਮਿੱਤਰ ਦੀ ਕਹਾਣੀ ਤੁਸਾਂ ਪੜ੍ਹ ਲਈ ਹੈ। ਮੇਰੇ ਪੁੱਛਣ 'ਤੇ ਕਹਿਣ ਲੱਗਾ,  'ਉਏ ਨਾ ਉਥੇ ਕੋਈ ਪੈਲੀ-ਬੰਨਾ, ਨਾ ਕੋਈ ਗਲ਼ੀ-ਗਵਾਂਢ ਜਿੱਥੇ ਤੁਰੇ ਜਾਂਦਿਆਂ ਨੂੰ ਤੁਹਾਨੂੰ ਕੋਈ ਆਵਾਜ਼ ਮਾਰ ਬੁਲਾ ਲਵੇ। ਘਰੋਂ ਬਾਹਰ ਨਿਕਲੋ ਤਾਂ ਤੁਹਾਡੀ ਬੋਲੀ ਵਿੱਚ ਗੱਲ ਕਰਨ ਵਾਲਾ ਵੀ ਤੁਹਾਨੂੰ ਕੋਈ ਨਾ ਮਿਲੇ। ਨਾ ਕੋਈ ਯਾਰ-ਬੇਲੀ ਨਾ ਰਿਸ਼ਤੇਦਾਰ ਨਾ ਦੁਸ਼ਮਣ ਕੋਈ। ਕੀ ਕਰਨਾ ਉਥੇ ਰਹਿ ਕੇ ?'

ਪਾਰਕ 'ਚ ਤੁਰੇ ਜਾ ਰਹੇ ਸੱਜਣ ਨੂੰ ਕਾਹਲੇ ਕਦਮੀਂ ਤੁਰ ਮਿਲਿਆ ਤਾਂ ਗੱਲਾਂ ਚੱਲ ਪਈਆਂ। ਹਾਲ-ਚਾਲ ਪੁੱਛਣ ਤੋਂ ਬਾਅਦ ਮੈਂ ਪੁੱਛਿਆ, "ਦਿਲ ਲੱਗਾ ਇਥੇ ? "ਮੇਰੇ ਵੱਲ ਉਸ ਗੌਰ ਨਾਲ ਵੇਖਿਆ ਤੇ ਕਹਿਣ ਲੱਗਾ, " ਥੋੜ੍ਹੇ ਸਮੇਂ ਲਈ ਆਉ ਤਾਂ ਠੀਕ ਹੈ। ਫਿਰ ਭੈਣ ਦੇ ਘਰ ਭਾਈ ਤੇ ਸਹੁਰੇ ਘਰ ਜਵਾਈ ਵਾਲੀ ਫੀਲਿੰਗ ਆਉਣ ਲੱਗਦੀ ਹੈ"। ਥੋੜ੍ਹੀ ਦੇਰ ਚੁੱਪ ਰਿਹਾ। ਸ਼ਾਇਦ ਅਗਲੇ ਵਾਕ ਲਈ ਸ਼ਬਦਾਂ ਦਾ ਜੁਗਾੜ ਕਰ ਰਿਹਾ ਹੋਵੇ। ਕਹਿਣ ਲੱਗਾ, "ਕੈਨੇਡਾ ਉਦਾਸ ਮੁਲਕ ਹੈ। ਘਰਾਂ ਮੂਹਰੇ ਬੰਦੇ ਨਹੀਂ ਓਦਰੀਆਂ ਜਿਹੀਆਂ  ਕਾਰਾਂ ਦਿੱਸਦੀਆਂ ਹਨ। ਕਿਸੇ ਘਰੋਂ ਬੱਚੇ ਦੇ ਰੋਣ ਦੀ ਆਵਾਜ਼ ਨਹੀਂ ਆਉਂਦੀ, ਕਿਸੇ ਬਜ਼ੁਰਗ ਦੇ ਖੰਘਣ ਦੀ ਆਵਾਜ਼ ਨਹੀਂ

ਆਉਂਦੀ। ਜ਼ਿੰਦਗੀ ਧੜਕਦੀ ਹੈ ਪਰ ਕਿੱਥੇ, ਨਜ਼ਰ ਨਹੀਂ ਆਉਂਦੀ "ਮੈਂ ਹੈਰਾਨ ਹੁੰਦਾ ਹਾਂ ਕਿ ਪ੍ਰਦੇਸ਼ ਵਿਚ ਸਾਡੇ ਬੱਚਿਆਂ ਦੁਆਰਾ ਬਣਾਏ, ਖਰੀਦੇ ਘਰ ਸਾਨੂੰ ਆਪਣੇ ਕਿਉਂ ਨਹੀਂ ਲੱਗਦੇ? ਪੰਜਾਬ ਵਿੱਚ ਬਣਾਏ ਸਾਡੇ ਘਰ ਸਾਡੇ ਮੋਢਿਆਂ ਤੋਂ ਕਿਉਂ ਨਹੀਂ ਲਹਿੰਦੇ? ਆਪਣੇ ਘਰ ਦੀ ਕੀ ਪ੍ਰੀਭਾਸ਼ਾ ਹੈ? ਉਹ ਕਿਹੜਾ ਅਹਿਸਾਸ ਹੈ ਜੋ ਘਰ ਨੂੰ ਘਰ ਬਣਾਉਂਦਾ ਹੈ? ਅਸੀਂ ਘਰ ਦੇ ਅਹਿਸਾਸ ਵਿੱਚ ਭਿੱਜੇ ਘਰ ਦੇ ਬੂਹੇ 'ਤੇ ਜਿੰਦਰਾ ਲਟਕਾ ਕੇ ਜਹਾਜ਼ ਵਿੱਚ ਸਵਾਰ ਹੋਣ ਦਾ ਹੀਆ ਕਿੰਞ ਕਰ ਲੈਂਦੇ ਹਾਂ? ਸਵਾਲ ਬੜੇ ਹਨ। ਕਿਸੇ ਜਾਣਕਾਰ ਔਰਤ ਨੇ ਦੱਸਿਆ ਕਿ ਕਰੋੜ ਰੁਪਈਆ ਲਾ ਕੇ ਕੋਠੀ ਪਾਈ ਸੀ। ਹੁਣ ਉਸ ਦੀ ਸਾਂਭ-ਸੰਭਾਲ ਲਈ ਮਹੀਨੇ ਦਾ ਵੀਹ ਹਜ਼ਾਰ ਰੁਪਈਆ ਖਰਚ ਰਹੇ ਹਾਂ। ਵਾਪਸ ਜਾ ਕੇ ਉਸ ਕੋਠੀ ਵਿੱਚ ਵੱਸਣਾ ਵੀ ਹੈ ਜਾਂ ਨਹੀਂ, ਕੁਝ ਪਤਾ ਨਹੀਂ। ਬਹੁਤ ਸਾਰੇ ਮਾਪਿਆਂ ਨਾਲ ਗੱਲ ਕਰਕੇ ਪਤਾ ਲੱਗਾ ਹੈ ਕਿ ਮਾਪੇ ਬੱਚਿਆਂ ਕੋਲ ਪ੍ਰਾਹੁਣਿਆਂ ਵਾਂਗ ਆਉਣਾ ਚਾਹੁੰਦੇ ਹਨ। ਉਹ ਪੰਜਾਬ ਵਿੱਚ ਵਧੀਆ ਜ਼ਿੰਦਗੀ ਬਿਤਾ ਰਹੇ ਹਨ। ਉਸ ਜ਼ਿੰਦਗੀ ਅਤੇ ਪੰਜਾਬ ਨੂੰ ਤਿਆਗ ਕੈਨੇਡਾ ਦਾ ਵਸਨੀਕ ਬਣਨ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ। ਇਹ ਇੱਕ ਸਮਝੌਤਾ ਜਾਂ ਕਹਿ ਲਵੋ ਕਿ ਫੈਸਲਾ ਹੈ ਮਾਪਿਆਂ ਦਾ। ਇਸ ਫੈਸਲੇ ਤੋਂ ਵੱਖਰਾ ਕੋਈ ਵੀ ਬਦਲ ਉਨ੍ਹਾਂ ਦੀ ਅੱਖ ਵਿਚ ਰੜਕਣਾ ਹੀ ਰੜਕਣਾ ਹੈ।

# ਪਾਰਕਾਂ ਨੂੰ ਦੁੱਖ ਦੱਸਦੇ

ਪਿਆਰਾ ਸਿੰਘ ਹੋਰੀਂ ਅੱਜ ਜਦ ਪਾਰਕ ਵਿੱਚ ਆਏ ਤਾਂ ਆਮ ਨਾਲੋਂ ਥੋੜ੍ਹਾ ਵੱਖਰੇ ਲੱਗੇ। ਇਹ ਗਰੇਟ ਲੇਕਸ ਪਾਰਕ ਹੈ। ਬਰੈਂਪਟਨ ਵਿੱਚ ਅਜਿਹੀਆਂ ਕੋਈ ਛੇ ਦਰਜਨ ਤੋਂ ਵੱਧ ਪਾਰਕਾਂ ਹਨ। ਸ਼ਾਮ ਨੂੰ ਆਸ-ਪਾਸ ਵਾਲੀਆਂ ਰਿਹਾਇਸ਼ਾਂ 'ਚੋਂ ਕੁਝ ਲੋਕ ਪਾਰਕਾਂ ਵਿੱਚ ਇਕੱਠੇ ਹੁੰਦੇ ਹਨ। ਚੈਨਲਾਂ ਦੀ ਸ਼ੋਭਾ ਬਣੀ ਖ਼ਬਰ ਦਾ ਵਿਸਲੇਸ਼ਣ ਕਰਦੇ ਹਨ। ਪਾਰਕ ਬਦਲਣ ਨਾਲ ਚਿਹਰੇ ਬਦਲਦੇ ਹਨ, ਗੱਲਾਂ ਦੇ ਆਕਾਰ ਮੁਹਾਂਦਰੇ ਨਹੀਂ। ਹਾਸਾ-ਠੱਠਾ ਕਰਦੇ ਹਨ, ਦੁੱਖ-ਸੁੱਖ ਫੋਲਦੇ ਹਨ। ਪੰਜਾਬ ਅਤੇ ਭਾਰਤ ਦੀ ਰਾਜਨੀਤੀ ਬਾਰੇ ਬਹਿਸ ਕਰਦੇ ਹਨ। ਆਮ ਕਰਕੇ ਹਰ ਕੋਈ ਹੱਥ ਜੋੜ ਕੇ ਫਤਹਿ ਬੁਲਾਉਂਦਾ ਹੈ। ਕੋਰੋਨਾ ਕਾਲ ਨੇ ਇੱਕ ਇਹ ਸੁਨੇਹਾ ਵੀ ਦਿੱਤਾ ਹੈ। ਦੂਰੋਂ ਫਤਹਿ ਬੁਲਾਉਣੀ। ਪਰ ਪਿਆਰਾ ਸਿੰਘ ਹੋਰਾਂ ਅੱਜ ਇਕੱਲੇ ਇਕੱਲੇ ਨਾਲ ਹੱਥ ਮਿਲਾਇਆ। ਮਜਾਜ਼ ਵੀ ਚੰਗਾ ਲੱਗਾ। ਕਿਸੇ ਸਾਥੀ ਨੇ ਕਾਰਨ ਪੁੱਛ ਲਿਆ। ਕਹਿਣ ਲੱਗੇ ਪੰਜਾਬ ਜਾ ਰਿਹਾ ਹਾਂ। ਤਿੰਨਾਂ ਸਾਲਾਂ ਬਾਅਦ ਜਾ ਰਿਹਾ ਹਾਂ। ਹਰਭਜਨ ਸਿੰਘ ਦਾ ਰੋਣ ਨਿਕਲ ਗਿਆ। ਜਿਵੇਂ ਪੰਜਾਬ ਉਸ ਅੰਦਰ ਧਾਹਾਂ ਮਾਰ ਕੇ ਰੋ ਪਿਆ ਹੋਵੇ। ਸਾਰੇ ਜਾਣਦੇ ਸਨ ਕਿ ਹਰਭਜਨ ਸਿੰਘ ਪਿੱਛਲੇ ਸੱਤ ਸਾਲਾਂ ਤੋਂ ਪੰਜਾਬ ਨਹੀਂ ਗਿਆ। ਜਦੋਂ ਵੀ ਜਾਣ ਦੀ ਗੱਲ ਕਰਦਾ, ਮੁੰਡਾ ਮਨ੍ਹਾਂ ਕਰ ਦਿੰਦਾ। ਕਹਿੰਦਾ ਛੱਡ ਪਰ੍ਹਾਂ ਭਾਪਾ ਉਥੇ ਜਾ ਕੇ ਕੀ ਕਰਨਾ। ਅਸੀਂ ਤਾਂ ਇਥੇ ਤੇਰੇ ਕੋਲ ਹਾਂ। "ਮੇਰਾ ਪਿੰਡ, ਮੇਰੇ ਖੇਤ, ਮੇਰੇ ਲੋਕ ਕਦੋਂ ਹਨ ਮੇਰੇ ਕੋਲ? "ਕਹਿਣਾ ਚਾਹੁੰਦਾ ਪਰ ਕਹਿ ਨਾ ਸਕਦਾ।

ਪਾਰਕ ਦੇ ਦੂਜੇ ਕਿਨਾਰੇ ਇੱਕ ਬਜ਼ੁਰਗ ਕੱਪੜੇ ਸੁਕਾ ਰਿਹਾ ਸੀ। ਪੁੱਛਣ 'ਤੇ ਉਸ ਦੱਸਿਆ ਕਿ ਨੂੰਹ ਨੇ ਮਸ਼ੀਨ ਵਿੱਚ ਕੱਪੜੇ ਧੋਣ ਤੋਂ ਮਨ੍ਹਾਂ ਕਰ ਦਿੱਤਾ ਹੈ। ਉਸ ਕਿਹਾ ਕਿ ਸੁਕਾਉਣੇ ਵੀ ਘਰ ਅੰਦਰ ਨਹੀਂ ਹਨ। ਉਸ ਹੋਰ ਵੀ ਕਈ ਗੱਲਾਂ ਦੱਸੀਆਂ। ਕੁਝ ਗੱਲਾਂ ਉਹ ਕੱਲਾ ਵੀ ਪਾਰਕ ਨਾਲ ਸਾਂਝੀਆਂ ਕਰਦਾ ਹੋਵੇਗਾ। ਪਾਰਕ ਬੜਾ ਵੱਡਾ ਆਸਰਾ ਹੈ ਬਿਰਧ ਪਰਵਾਸੀਆਂ ਲਈ। ਦਿਨ ਦੇ ਕਿਸੇ ਵੀ ਪਹਿਰ ਇਥੇ ਆ ਕੇ ਬੈਠਿਆ ਜਾ ਸਕਦਾ ਹੈ। ਖ਼ਾਲੀ ਪਏ ਬੈਂਚ ਉਪਰ ਲੇਟਿਆ ਜਾ ਸਕਦਾ ਹੈ। ਕਿਸੇ ਆਪਣੇ ਵਰਗੇ ਨਾਲ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਪਾਰਕ ਸਭ ਸੁਣਦੀ। ਧਰਵਾਸ ਵੀ ਦਿੰਦੀ। ਇੱਕ ਹੋਰ ਸੱਜਣ ਹਨ। ਸਵੇਰੇ ਘਰੋਂ ਆ ਜਾਂਦੇ ਹਨ। ਸੈਰ ਕਰਦੇ ਕਰਦੇ ਇੱਕ ਘੰਟੇ ਡੇਢ ਬਾਅਦ ਗੁਰਦੁਆਰਾ ਸਾਹਿਬ

ਪਹੁੰਚਦੇ ਹਨ। ਸੇਵਾ ਕਰਦੇ ਹਨ। ਗੱਲਾਂ ਦਾ ਹੁੰਗਾਰਾ ਭਰਦੇ ਹਨ। ਦੁਪਹਿਰ ਢਲ਼ ਜਾਂਦੀ ਹੈ। ਕਿਸੇ ਪਾਰਕ ਜਾਂ ਕਮਿਊਨਿਟੀ ਸੈਂਟਰ ਵਿੱਚ ਜਾ ਕੇ ਬੈਠ ਜਾਂਦੇ ਹਨ। ਸਾਥੀਆਂ ਨਾਲ ਗੱਪਾਂ ਮਾਰਦੇ ਹਨ। ਪੰਜਾਬ ਵਿੱਚ ਰਹਿ ਗਏ ਪਿੰਡ, ਘਰ ਬਾਰੇ ਗੱਲਾਂ ਕਰਦੇ ਹਨ। ਦੂਜੇ ਕੋਲੋਂ ਪੁੱਛਦੇ ਹਨ। ਪੁੱਛਣਾ, ਦੱਸਣਾ ਤੇ ਪਾਰਕਾਂ 'ਚ ਵੱਸਣਾ ਜੀਵੀ ਜਾ ਰਹੀ ਜ਼ਿੰਦਗੀ ਦੀ ਨਵ-ਸਿਰਜਤ ਕਵਿਤਾ ਹੈ। ਕਵਿਤਾ ਕੱਛੇ ਮਾਰ ਹਨੇਰੇ ਹੋਏ ਘਰ ਪਰਤ ਜਾਂਦੇ ਹਨ। ਕਹਿੰਦੇ ਹਨ ਮੌਜ਼ਾਂ ਹਨ। ਮੈਂ ਮੌਜ਼ਾਂ ਦੇ ਅਰਥ ਲੱਭਣ ਲੱਗਦਾ ਹਾਂ। ਕੁਝ ਸ਼ਬਦਾਂ ਦੇ ਅਰਥ ਅਸੀਂ ਆਪ ਵੀ ਘੜ ਲੈਂਦੇ ਹਾਂ। ਦਿਲ ਨੂੰ ਸਮਝਾਉਣ ਲਈ ਇਹ ਖ਼ਿਆਲ ਬੁਰਾ ਨਹੀਂ ਹੈ। ਹਾਲਾਤ ਆਪਣੇ ਵੱਸ ਵਿੱਚ ਹੋ ਜਾਂਦੇ ਹਨ। ਅੰਦਰਲੇ ਦ੍ਰਿਸ਼ ਬਾਹਰ ਝਾਤੀਆਂ ਨਹੀਂ ਮਾਰਦੇ। ਬਾਹਰ ਸਭ ਠੀਕ ਹੈ। ਪਾਰਕਾਂ ਹਨ, ਬਿਰਖ ਹਨ, ਝੀਲਾਂ ਹਨ, ਹਰਿਆਵਲ ਹੈ। ਇਸ ਹਰਿਆਵਲ 'ਚ ਪਹਿਲਵਾਨ ਹਰਨਾਮ ਸਿੰਘ ਦਾਖ਼ਲ ਹੁੰਦੇ ਹਨ। ਡੀਲ-ਡੌਲ ਤੋਂ ਹੀ ਨਹੀਂ, ਜਵਾਨੀ ਵੇਲੇ ਭਲਵਾਨੀ ਕਰਦਾ ਰਿਹਾ ਹੈ ਨਾਮਾ ਭਲਵਾਲ। ਅੱਜ ਕੁਝ ਉਦਾਸ ਹੈ। ਕਿਸੇ ਸਾਥੀ ਨੇ ਨਿਹੋਰਾ ਮਾਰਿਆ, "ਭਲਵਾਨ ਜੀ ਉਦਾਸ ਕਿਉਂ ਹੋ? ਤੁਹਾਨੂੰ ਤਾਂ ਪੈਨਸ਼ਨ ਮਿਲਦੀ ਹੈ। ਰਾਤ ਨੂੰ ਇੱਕ-ਅੱਧਾ ਪੈੱਗ-ਸ਼ੈੱਗ ਲਾਇਆ ਕਰੋ। "ਹਰਨਾਮ ਸਿੰਘ ਦੀਆਂ ਅੱਖਾਂ 'ਚ ਨੀਰ ਤੈਰ ਆਇਆ, "ਪੈਨਸ਼ਨ ਤਾਂ ਸਿੱਧੀ ਮੁੰਡੇ ਦੇ ਖ਼ਾਤੇ 'ਚ ਜਾਂਦੀ ਹੈ। "ਅੱਗੋਂ ਕੁਝ ਕਹਿਣ ਦੀ ਲੋੜ ਨਾ ਪਈ। ਇਹ ਵਰਤਾਰਾ ਹੁਣ ਇਥੇ ਆਮ ਹੋ ਗਿਆ ਹੈ। ਪਾਰਕ ਇਹ ਸਭ ਜਾਣਦੀ ਹੈ। ਰੋਜ਼ ਸੁਣਦੀ ਹੈ। ਬਿਨਾਂ ਸੁਣਿਆਂ ਵੀ ਮਹਿਸੂਸ ਕਰਦੀ ਹੈ।

ਇੱਕ ਹੋਰ ਕਹਾਣੀ। ਫਿਲਮੀ ਲੱਗਦੀ ਹੈ। ਮੰਨਣ ਨੂੰ ਜੀਅ ਨਹੀਂ ਕਰਦਾ। ਆਖੇ ਅੱਧੀ ਰਾਤ ਨੂੰਹ-ਪੁੱਤ ਨੇ ਮਾਂ-ਪਿਓ ਨੂੰ ਘਰੋਂ ਕੱਢਤਾ। ਕਹਿੰਦੇ ਪਿੰਡ ਵਾਲੀ ਜ਼ਮੀਨ ਵੇਚ ਕੇ ਪੈਸੇ ਸਾਨੂੰ ਲਿਆ ਕੇ ਦੇ। ਪਿਉ ਨੇ ਕਿਹਾ, "ਵੇਚ ਦੇਵਾਂਗੇ ਪੁੱਤ। ਅਜੇ ਜ਼ਮੀਨਾਂ ਦੇ ਭਾਅ ਡਿੱਗੇ ਆ। ਸਹੀ ਸਮੇਂ ਦੀ ਉਡੀਕ ਕਰ ਲਈਏ। "ਪਰ ਨਹੀਂ ਮੰਨੇ ਦੋਵੇਂ ਜੀਅ । ਠੰਡੀ ਸੀਤ ਰਾਤ। ਸਨੋਅ ਪੈ ਰਹੀ। ਘਰੋਂ ਜਾਣ ਲਈ ਕਹਿ ਦਿੱਤਾ। ਹਾਲਾਂਕਿ ਕਹਾਣੀ ਦਾ ਅਗਲਾ ਭਾਗ ਸੁਖਾਵਾਂ ਹੈ। ਪਾਤਰ ਬਦਲ ਜਾਂਦੇ ਹਨ। ਪਰ ਇਸ ਦੁੱਖ ਦਾ ਕੀ ਕਰੀਏ? ਪਾਰਕ ਨੂੰ ਜਾ ਦੱਸੀਏ? ਯਕੀਨ ਨਹੀਂ ਆਉਂਦਾ। ਕਿਸੇ ਕਿਹਾ 80 ਪ੍ਰਤੀਸ਼ਤ ਮਾਪਿਆਂ ਦਾ ਇਹੋ ਹਾਲ ਹੈ। ਮੈਨੂੰ ਪ੍ਰਤੀਸ਼ਤ ਦਾ ਗਣਿਤ ਵਿਗੜਿਆ ਲੱਗਾ। ਪਰ ਕੀ ਫ਼ਰਕ ਪੈਂਦਾ ਹੈ। ਅੱਸੀ ਦੀ ਥਾਂ ਅੱਠ ਵੀ ਹੋ ਜਾਵੇ, ਵਰਤਾਰਾ ਤਾਂ ਖ਼ਤਰਨਾਕ ਹੈ। ਕੁਝ ਕਹਿੰਦੇ ਕੈਨੇਡਾ ਨਿਰਦਈ ਧਰਤੀ ਹੈ। ਸ਼ਾਇਦ ਸੁਆਰਥੀ ਲੋਕਾਂ ਨੇ ਧਰਤੀ ਨਿਰਦਈ ਬਣਾ ਛੱਡੀ ਹੈ। ਇਹ ਗੱਲ ਪਾਰਕਾਂ ਸਾਥੋਂ ਬਿਹਤਰ ਜਾਣਦੀਆਂ ਹਨ। ਕੁਝ ਸੰਸਥਾਵਾਂ ਬਜ਼ੁਰਗਾਂ ਦੀਆਂ ਅਜਿਹੀਆਂ ਸਮੱਸਿਆਵਾਂ ਦਾ ਹੱਲ ਕੱਢਣ ਦਾ ਉਪਰਾਲਾ ਵੀ ਕਰਦੀਆਂ ਹਨ। ਪਰ

ਅਜਿਹਾ ਸੰਤਾਪ ਹੰਢਾ ਰਹੇ ਬਹੁਤਿਆਂ ਨੂੰ ਪਤਾ ਨਹੀਂ ਕਿ ਉਹ ਕਿਹਨੂੰ ਸੰਪਰਕ ਕਰਨ। ਭਾਸ਼ਾ ਦੀ ਸਮੱਸਿਆ, ਇਥੋਂ ਦੇ ਕਨੂੰਨ ਬਾਰੇ ਜਾਣਕਾਰੀ ਨਾ ਹੋਣੀ, ਸਿਸਟਮ ਅਜਿਹੇ ਪੀੜ੍ਹਤਾਂ ਦੀ ਕਦੋਂ ਤੇ ਕਿਵੇਂ ਮਦਦ ਕਰ ਸਕਦਾ ਹੈ ਆਦਿ ਬਾਰੇ ਪਤਾ ਨਾ ਹੋਣਾ ਵੀ ਸਮੱਸਿਆ ਬਣਦਾ ਹੈ। ਹੱਲ ਲਈ ਦੋਹਾਂ ਧਿਰਾਂ ਕੋਲ ਰਿਸ਼ਤੇ ਦਾ ਨਿੱਘ ਅਤੇ ਮਾਨਵਵਾਦੀ ਸੋਚ ਦਾ ਬਚਿਆ ਹੋਣਾ ਬਹੁਤ ਜ਼ਰੂਰੀ ਹੈ। ਠਰ ਗਏ ਰਿਸ਼ਤਿਆਂ ਤੇ ਟੁੱਟ ਗਏ ਸੁਪਨਿਆਂ ਦਾ ਕੋਈ ਹੱਲ ਨਹੀਂ ਹੁੰਦਾ। ਹੋ ਸਕਦਾ ਪੀੜ੍ਹਤ ਧਿਰ ਵੀ ਕਸੂਰਵਾਰ ਹੋਵੇ। ਪਰ ਦੋਸ਼ੀ ਨਹੀਂ। ਦੋਸ਼ ਤਾਂ ਨਵੇਂ ਸਹੇੜੇ ਸਿਸਟਮ ਅਤੇ ਪੂੰਜੀ ਇਕੱਤਰ ਕਰਨ ਦੀ ਲੋਭੀ ਲਾਲਸਾ ਦਾ ਹੈ। ਨਵੇਂ ਧਰਾਤਲ 'ਤੇ ਸੂਝ ਸਮਝ ਵਿਕਸਤ ਹੁੰਦਿਆਂ ਵਕਤ ਲੱਗਦਾ ਹੈ। ਆਰਥਿਕਤਾ ਅਤੇ ਸਮਾਜਿਕਤਾ ਇਨਾਂ ਵਿਗਾੜਾਂ ਦੇ ਕਾਰਣ ਹਨ। ਸਰਮਾਏ ਦਾ ਲੋਭ ਰਿਸ਼ਤਿਆਂ 'ਤੇ ਭਾਰੂ ਹੋ ਰਿਹਾ ਹੈ। ਇਥੋਂ ਦਾ ਪ੍ਰਸ਼ਾਸਨ ਪੀੜ੍ਹਤ ਧਿਰ ਨਾਲ ਖਲੋਂਦਾ ਹੈ। ਕੁਝ ਲੋਕ ਅਣਜਾਣ ਹਨ ਜਾਂ ਬੱਚਿਆਂ ਕੋਲੋਂ ਅਤੇ ਪਰਿਵਾਰ ਟੁੱਟਣ ਤੋਂ ਡਰਦੇ ਹਨ। ਭਲੇ ਦਿਨਾਂ ਦੀ ਆਸ ਕਰਨੀ ਬਣਦੀ ਹੈ। ਮਾਪਿਆਂ ਦੀ ਅਗਲੀ ਪੀੜ੍ਹੀ ਸ਼ਾਇਦ ਏਨੀ ਬੇਵੱਸ ਨਾ ਹੋਵੇ। ਚੰਗੇ ਦੀ ਉਮੀਦ ਕਰੀਏ। ਉਮੀਦ ਕਰੀਏ ਕਿ ਸਾਡੇ ਦੁੱਖਾਂ ਤੋਂ ਜਾਣੂ ਪਾਰਕਾਂ ਸਾਡੀਆਂ ਖ਼ੁਸ਼ੀਆਂ ਖੇੜੇ ਤੇ ਜਸ਼ਨ ਦੀਆਂ ਗਵਾਹ ਵੀ ਬਣਨਗੀਆਂ।

# ਕੈਲਸੋ ਬੀਚ ਪਾਰਕ ਦੀ ਕੁਦਰਤ ਨਾਲ ਬਿਤਾਏ ਕੁਝ ਪਲ

ਕੁਦਰਤ ਦੀ ਗੋਦ 'ਚ ਵੱਸੇ ਨਿੱਕੇ ਜਿਹੇ ਸਵਰਗ 'ਤੇ ਜਾ ਕੇ ਵੱਖਰਾ ਅਨੁਭਵ ਹੋਇਆ। ਇਹ ਸ਼ਾਇਦ ਜਗ੍ਹਾ ਦਾ ਤਲਿਸਮ ਸੀ ਕਿ ਇਥੇ ਆ ਕੇ ਲੋਕਾਂ ਦਾ ਵਿਵਹਾਰ ਬਦਲ ਜਾਂਦਾ ਹੈ। ਲੱਗਦਾ ਸੀ ਜਿਵੇਂ ਹਰ ਛਿਣ ਜਸ਼ਨ ਹੋ ਗਿਆ ਹੋਵੇ। ਉਤੇਜਨਾ ਨਿਰਵਸਤਰ ਹੋ ਪਾਣੀਆਂ 'ਚ ਘੁੱਲ ਜਾਣ ਨੂੰ ਕਾਹਲੀ ਸੀ। ਰੇਤਾ 'ਤੇ ਭਾਵਨਾਵਾਂ ਰੁਮਾਂਸ 'ਚ ਗੜੁੱਚ ਹੋ ਜਿਸਮ ਦੀ ਹਰ ਹਰਕਤ ਨੂੰ ਸੁਣ ਲੈਣਾ ਚਾਹੁੰਦੀਆਂ ਸਨ। ਪਾਣੀ ਜਿਸਮਾਂ ਨੂੰ ਭਿਉਂ ਕੇ ਪ੍ਰਸੰਨ ਹੋ ਰਹੇ ਸਨ। ਤੈਰਾਕ ਪਾਣੀਆਂ ਦੀ ਗਹਿਰਾਈ ਨਾਪਣ ਦਾ ਜੋਖ਼ਮ ਉਠਾਅ ਰਹੇ ਸਨ। ਬੱਚਿਆਂ ਦੀਆਂ ਖੇਡਾਂ 'ਚ ਪਾਣੀ ਦੇ ਨਾਲ ਰੇਤਾ ਵੀ ਸ਼ਾਮਲ ਹੋ ਰਹੀ ਸੀ। ਕੁਝ ਖਿਡਾਉਣਾ ਨੁਮਾ ਕਿਸ਼ਤੀਆਂ 'ਤੇ ਸਵਾਰ ਬੱਚਿਆਂ ਦੀਆਂ ਕਿਲਕਾਰੀਆਂ ਪਾਣੀ 'ਤੇ ਤੈਰ ਰਹੀਆਂ ਸਨ। ਪਾਣੀ ਦੀ ਆਪਣੀ ਕਸ਼ਿਸ਼ ਹੁੰਦੀ ਹੈ। ਅਸੀਂ ਆਪਣੀ ਪੋਤੀ ਨੂੰ ਸ਼ਗਨ ਵਜੋਂ ਹੀ ਪੈਰ ਗਿੱਲੇ ਕਰਨ ਲਈ ਪਾਣੀ ਅੰਦਰ ਲੈ ਕੇ ਗਏ। ਪਰ ਉਹ ਪਾਣੀ ਅੰਦਰ ਉਤਰ ਜਾਣ ਲਈ ਸਾਡੇ ਹੱਥਾਂ 'ਚੋਂ ਛੁਟਦੀ ਜਾ ਰਹੀ ਸੀ। ਚੁਫ਼ੇਰੇ ਘਣੇ ਬਿਰਖਾਂ ਦਾ ਹਰਿਆ ਰਹੱਸ ਸੀ। ਖੇਡ ਮੈਦਾਨ ਵੀ ਸਨ। ਕੁਝ ਬੱਚੇ ਟੈਨਿਸ ਖੇਡਦੇ ਵੀ ਨਜ਼ਰ ਆਏ। ਕੁਝ ਆਪਣੇ ਕੁੱਤਿਆਂ ਨਾਲ ਰੁੱਝੇ ਹੋਏ ਸਨ। ਇਹ ਕੈਲਸੋ ਬੀਚ ਦਾ ਦ੍ਰਿਸ਼ ਸੀ। ਅਜਿਹੀਆਂ ਥਾਵਾਂ 'ਤੇ ਝੀਲ ਵਿਚਲੇ ਸਾਫ-ਸੁਥਰੇ ਪਾਣੀ ਦਾ ਰਹੱਸ ਜਾਨਣ ਦੀ ਉਤਸੁਕਤਾ ਮੈਨੂੰ ਹਮੇਸ਼ਾ ਰਹੀ ਹੈ । ਘੋਖ ਕਰਨ 'ਤੇ ਪਤਾ ਲੱਗਾ ਕਿ ਇਹ ਝੀਲ ਪੋਟਾਵਾਟਮੀ ਦਰਿਆ ਦੇ ਦਵਾਰ 'ਤੇ ਜਾਰਜੀਅਨ ਖਾੜੀ ਦੇ ਕਿਨਾਰਿਆਂ ਅੰਦਰ ਵੱਸੀ ਹੈ। ਇਥੇ ਲੋਕ ਆਪਣੇ ਪਰਿਵਾਰਾਂ, ਦੋਸਤਾਂ ਨਾਲ ਆਉਂਦੇ। ਖਾਣ-ਪੀਣ ਦਾ ਸਮਾਨ ਕੁਝ ਘਰੋਂ ਲੈ ਆਉਂਦੇ। ਬਾਰ ਬੀ ਕਿਊ ਵੀ ਨਾਲ ਲਿਆਉਂਦੇ। ਵੱਖ-ਵੱਖ ਟੇਬਲਾਂ ਤੋਂ ਵੰਨ ਸਵੰਨੇ ਭੋਜਨਾਂ ਦੀ ਸੁਗੰਧ ਆਉਂਦੀ। ਸਾਰਾ ਚੁਗਿਰਦਾ ਜਸ਼ਨ 'ਚ ਡੁੱਬਾ ਲੱਗਦਾ। ਮੈਨੂੰ ਗਰੀਬ ਪਿੰਡ ਤੇ ਬੀਮਾਰ ਘਰ ਯਾਦ ਆਉਂਦੇ। ਉਨ੍ਹਾਂ ਦੇ ਜਸ਼ਨ ਕੌਣ ਚੁਰਾ ਕੇ ਲੈ ਗਿਆ ? ਮੇਰਾ ਬਚਪਨ ਜਸ਼ਨ ਵਿਹੂਣਾ ਸੀ। ਸ਼ਾਇਦ ਜ਼ਿੰਦਗੀ ਸਭ ਨੂੰ ਇੱਕ ਮੌਕਾ ਦਿੰਦੀ ਹੈ। ਕਿਰਤ ਇਹ ਮੌਕੇ ਪੈਦਾ ਕਰਦੀ ਹੈ।

ਕੈਲਸੋ ਬੀਚ ਪਾਰਕ ਮਿਲਟਨ ਕਸਬੇ ਵਿਚ ਵੇਖਣਯੋਗ ਥਾਵਾਂ ਵਿਚੋਂ ਇੱਕ ਹੈ। ਕੈਨੇਡਾ ਵਿਚ ਬਹੁਤ ਸਾਰੀਆਂ ਅਜਿਹੀਆਂ ਥਾਵਾਂ ਹਨ ਜਿੱਥੇ ਕੁੱਦਰਤ ਆਪਣੀ

ਪੂਰੀ ਭਰਪੂਰਤਾ ਨਾਲ ਵੱਸਦੀ ਹੈ। ਕੈਨੇਡਾ ਦੀ ਖੂਬਸੂਰਤੀ ਇਹ ਕੁਦਰਤ ਹੀ ਹੈ। ਕੈਲਸੋ ਬੀਚ ਪਾਰਕ ਵੀ ਅਜਿਹੀ ਹੀ ਥਾਂ ਹੈ। ਇਥੇ ਬਹੁਤ ਸਾਰੇ ਲੋਕ ਉਚੇਚੇ ਤੌਰ 'ਤੇ ਜਾਣ ਦਾ ਪ੍ਰੋਗਰਾਮ ਉਲੀਕਦੇ ਹਨ। ਵੀਕ ਐਂਡ 'ਤੇ ਜਾਂ ਕਿਸੇ ਹੋਰ ਛੁੱਟੀ ਵਾਲੇ ਦਿਨ ਇਥੇ ਜ਼ਿਆਦਾ ਰੌਣਕ ਹੁੰਦੀ ਹੈ। ਇਹ ਜਗ੍ਹਾ ਬਰੈਂਪਟਨ ਤੋਂ ਪੌਣੇ ਘੰਟੇ ਦਾ ਰਨ ਹੈ। ਬਰੈਂਪਟਨ ਤੋਂ ਬਾਹਰ ਨਿਕਲ ਜਦ ਕਾਰ ਖੁੱਲੇ ਖੇਤਾਂ ਵਿਚੋਂ ਲੰਘਦੀ ਸੜਕ 'ਤੇ ਆਈ ਤਾਂ ਇਹ ਮੈਨੂੰ ਪੁਰਾਣੇ ਪੰਜਾਬ ਵਰਗਾ ਇਲਾਕਾ ਲੱਗਾ। ਖੇਤਾਂ ਵਿਚ ਦੂਰ ਦੁਰਾਡੇ ਲੋਕਾਂ ਦੇ ਘਰ, ਬਰਾਨੀ ਲੱਗਦੀ ਜ਼ਮੀਨ ਵਿੱਚ ਮੱਕੀ ਦੀ ਫਸਲ। ਕੁਝ ਖੇਤਾਂ ਵਿਚ ਦਾਲਾਂ ਦੀ ਫਸਲ ਵੀ ਦਿਸੀ। ਕੁਝ ਹੋਰ ਫਸਲਾਂ ਵੀ ਸਨ ਜਿਨ੍ਹਾਂ ਨੂੰ ਪਹਿਚਾਨਣ ਲਈ ਰੁਕਣਾ ਪੈਣਾ ਸੀ ਤੇ ਬੇਗਾਨੇ ਪੈਰਾਂ ਨਾਲ ਸਫ਼ਰ ਕਰਦਿਆਂ ਇਹ ਸੰਭਵ ਨਹੀਂ ਹੁੰਦਾ। ਖੈਰ! ਪੌਣੇ ਘੰਟੇ ਦੇ ਸਫ਼ਰ ਤੋਂ ਬਾਅਦ ਕੈਲਸੋ ਬੀਚ ਪਾਰਕ ਪਹੁੰਚੇ। ਅੰਦਰ ਦਾਖਲ ਹੋਣ ਲਈ ਸੱਤ ਡਾਲਰ ਪ੍ਰਤੀ ਜੀਅ ਦੀਆਂ ਟਿਕਟਾਂ ਖਰੀਦੀਆਂ। ਛੋਟੇ ਬੱਚਿਆਂ ਦਾ ਦਾਖਲਾ ਫਰੀ ਸੀ। ਸਾਡੀ ਨੌਂ ਮਹੀਨੇ ਦੀ ਪੋਤੀ ਬਿਨ੍ਹਾਂ ਟਿਕਟ ਅੰਦਰ ਦਾਖਲ ਹੋਈ। ਪਾਰਕਿੰਗ ਲਈ ਬਹੁਤੀ ਜੱਦੋ-ਜਹਿਦ ਨਾ ਕਰਨੀ ਪਈ। ਪਾਰਕਿੰਗ ਵਾਲੀ ਥਾਂ ਤੋਂ ਪੌੜੀਆਂ ਰਾਹੀਂ ਹੇਠਾਂ ਉਤਰ ਕੇ ਬੀਚ ਸੀ। ਇਸ ਤੋਂ ਬਿਲਕੁਲ ਵਿਪਰੀਤ ਦਿਸ਼ਾ ਵੱਲ ਪਹਾੜੀ ਨੁਮਾ ਢਲਾਣਾ ਸਨ ਜਿਸ ਉਪਰ ਲੋਕ ਟਰੈਕਿੰਗ ਕਰ ਰਹੇ ਸਨ। ਇਸ ਝੀਲ ਦੇ ਕਿਸੇ ਹੋਰ ਕਿਨਾਰੇ ਬੋਟਿੰਗ ਦੀ ਸੁਵਿਧਾ ਸੀ। ਪਾਣੀਆਂ 'ਚ ਮਸਤੀ ਕਰਦੇ ਸਾਥੀਆਂ ਦੇ ਜਸ਼ਨ 'ਚ ਵਿਘਨ ਨਾ ਪਾਉਂਦਿਆਂ ਅਸੀਂ ਬਾਕੀ ਜਣੇ ਉਸ ਕਿਨਾਰੇ ਵੱਲ-ਵੱਲ ਚੱਲ ਪਏ। ਝੀਲ ਦੇ ਕਿਨਾਰੇ-ਕਿਨਾਰੇ ਬਣੀ ਪਗਡੰਡੀ ਉਪਰ ਚੱਲਦਿਆਂ ਕੋਈ ਇੱਕ ਕਿਲੋਮੀਟਰ ਦੇ ਰੁਮਾਨੀ ਸਫ਼ਰ ਤੋਂ ਬਾਅਦ ਅਸੀਂ ਉਸ ਜਗ੍ਹਾ 'ਤੇ ਪਹੁੰਚ ਗਏ ਜਿੱਥੇ ਕਿਸ਼ਤੀਆਂ ਦੀ ਬੁਕਿੰਗ ਹੁੰਦੀ ਸੀ। ਤਿੰਨ ਸੀਟਾਂ ਵਾਲੀ ਬੋਟ ਨੂੰ ਦੋ ਘੰਟੇ ਲਈ ਬੁੱਕ ਕਰਵਾਇਆ। ਸਭ ਵਾਰੀ ਵਾਰੀ ਪਾਣੀ ਅੰਦਰ ਗੇੜੀ ਲਾਉਣ ਗਏ। ਇਹ ਕਿਸ਼ਤੀ ਚੱਪੂ ਨਾਲ ਚੱਲਦੀ ਸੀ। ਕਿਨਾਰੇ ਤੋਂ ਦੂਰ ਜਾ ਕੇ ਜਦ ਕਿਸ਼ਤੀ ਨੂੰ ਵਾਪਸ ਮੋੜਨ ਦੀ ਕੋਸ਼ਿਸ਼ ਕਰਦੇ ਤਾਂ ਸਾਡੀ ਮਰਜੀ ਦੀ ਦਿਸ਼ਾ ਵੱਲ ਮੁੜਨ ਤੋਂ ਇਨਕਾਰ ਕਰ ਦਿੰਦੀ। ਇਸ ਨੂੰ ਸਹੀ ਦਿਸ਼ਾ ਵੱਲ ਮੋੜਨ ਦੀ ਜੱਦੋ-ਜਹਿਦ ਵਿਚ ਵੀ ਲੋਹੜੇ ਦਾ ਰੁਮਾਂਸ ਸੀ। ਹਰ ਉਮਰ, ਹਰ ਕੌਮ ਤੇ ਹਰ ਰੰਗ ਦੇ ਲੋਕ ਇਥੇ ਬੋਟਿੰਗ ਕਰਦੇ ਮਿਲਦੇ। ਕਈਆਂ ਨਾਲ ਦੁਆ-ਸਲਾਮ ਵੀ ਹੁੰਦੀ।

ਦੋ ਘੰਟੇ ਪੂਰੇ ਹੋਣ ਤੋਂ ਪਹਿਲਾਂ ਹੀ ਅਸੀਂ ਵਾਪਸ ਪਰਤ ਪਏ। ਬਾਕੀ ਸਾਥੀਆਂ ਨੂੰ ਮਿਲੇ ਜਿਹੜੇ ਬਾਰ-ਬੀ-ਕਿਊ ਦੇ ਦੁਆਲੇ ਖਾਣ-ਪੀਣ ਦਾ ਸਮਾਨ ਤਿਆਰ ਕਰਨ ਅਤੇ ਖਾਣ ਵਿਚ ਰੁੱਝੇ ਸਨ। ਅਸੀਂ ਵੀ ਉਨ੍ਹਾਂ ਨਾਲ ਮਿਲਕੇ ਖਾਣੇ ਦਾ ਲੁਤਫ਼ ਲਿਆ। ਕੈਲਸੋ ਬੀਚ ਦੇ ਤਜ਼ਰਬੇ ਵੀ ਸਾਂਝੇ ਕਰਦੇ ਰਹੇ ਤੇ ਇਹ ਹਿਰਖ ਵੀ ਕਰਦੇ

ਰਹੇ ਕਿ ਅੱਜ ਸਮਾਂ ਘੱਟ ਲੈ ਕੇ ਆਏ ਹਾਂ। ਚਾਹੁੰਦੇ ਤਾਂ ਸਾਂ ਕਿ ਕੁਝ ਦੇਰ ਹੋਰ ਇਥੇ ਰੁਕੀਏ ਪਰ ਹਨੇਰਾ ਸ਼ੁਰੂ ਹੋ ਗਿਆ ਸੀ। ਸਾਡੇ ਵਿਚ ਇੱਕ ਅਮਰੀਕਾ ਤੋਂ ਆਇਆ ਪਰਿਵਾਰ ਵੀ ਸੀ ਜਿੰਨ੍ਹਾਂ ਸਵੇਰੇ ਸੁਵੱਖਤੇ ਵਾਪਸ ਤੁਰਨਾ ਸੀ। ਇਸ ਫੈਸਲੇ ਨਾਲ ਕਿ ਦੁਬਾਰਾ ਕਦੀ ਵੱਧ ਸਮਾਂ ਲੈ ਕੇ ਆਵਾਂਗੇ, ਸਭ ਆਪਣੀਆਂ ਆਪਣੀਆਂ ਗੱਡੀਆਂ ਵੱਲ ਚੱਲ ਪਏ। ਕੈਲਸੋ ਬੀਚ ਦੀ ਖ਼ੂਬਸੂਰਤੀ ਅੱਖਾਂ 'ਚ ਵਸਾਈ ਅਸੀਂ ਬਰੈਂਪਟਨ ਸ਼ਹਿਰ ਵੱਲ ਅੱਗੇ ਵੱਧ ਰਹੇ ਸਾਂ।

✿

# ਡੂੰਘਾ ਵਾਹ ਲੈ ਹਲ਼ ਵੇ, ਤੇਰੀ ਘਰੇ ਨੌਕਰੀ

ਇੰਗਲੈਂਡ ਤੋਂ ਬਾਅਦ ਅਮਰੀਕਾ, ਆਸਟਰੇਲੀਆ ਤੇ ਕੈਨੇਡਾ ਪੰਜਾਬੀਆਂ ਦੇ ਮਨਾਂ 'ਤੇ ਛਾਏ ਸੁਪਨ ਸੰਸਾਰ ਰਹੇ ਹਨ ਜਿੱਥੇ ਉਹ ਹਰ ਹਾਲਤ ਵਿੱਚ ਪਹੁੰਚਣਾ ਚਾਹੁੰਦੇ ਹਨ, ਪਹੁੰਚਦੇ ਰਹੇ ਹਨ ਅਤੇ ਪਹੁੰਚ ਰਹੇ ਹਨ। ਹੋਰ ਵਸੀਲਿਆਂ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਟੱਡੀ ਵੀਜ਼ੇ ਦੀ ਸਹੂਲਤ ਨਾਲ ਇਨ੍ਹਾਂ ਮੁਲਕਾਂ ਵਿੱਚ ਪਹੁੰਚਣਾ ਉਨ੍ਹਾਂ ਨੂੰ ਸੌਖਾ ਤੇ ਕਾਰਗਰ ਤਰੀਕਾ ਲੱਗਾ। ਸਟੱਡੀ ਵੀਜ਼ੇ 'ਤੇ ਸਵਾਰ ਹੋ ਲੱਖਾਂ ਨੌਜਵਾਨ ਇਨ੍ਹਾਂ ਮੁਲਕਾਂ ਵਿੱਚ ਤੇ ਖਾਸ ਕਰਕੇ ਕੈਨੇਡਾ ਵਿੱਚ ਪਹੁੰਚ ਚੁੱਕੇ ਹਨ। ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿੰਦਿਆਂ ਜਦ ਕਦੀ ਵਡੇਰੀ ਉਮਰ ਦੇ ਲੋਕਾਂ ਨਾਲ ਦੁੱਖ-ਸੁੱਖ ਫੋਲੀ ਦਾ ਹੈ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਤਿੰਨ ਜਾਂ ਚਾਰ ਦਹਾਕੇ ਪਹਿਲਾਂ ਇਥੇ ਆਏ ਹਨ। ਇਥੇ ਵੀਹ ਵੀਹ ਸਾਲ ਜੌਬ ਕੀਤੀ। ਹੁਣ ਪੈਨਸ਼ਨ ਲੈ ਰਹੇ ਹਨ। ਉਸ ਪੈਨਸ਼ਨ 'ਤੇ ਇਨ੍ਹਾਂ ਦਾ ਕਿੰਨਾ ਕੁ ਅਧਿਕਾਰ ਹੈ, ਇਹ ਵੱਖਰਾ ਵਿਸ਼ਾ ਹੈ। ਸਟੱਡੀ ਵੀਜ਼ੇ 'ਤੇ ਕੈਨੇਡਾ ਵੱਲ ਵਹੀਰਾਂ ਘੱਤੀ ਆਉਣ ਵਾਲੇ ਬੱਚਿਆਂ ਦਾ ਰੁਝਾਨ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਵੇਖਣ ਨੂੰ ਮਿਲਦਾ ਹੈ। ਇਸ ਤੋਂ ਪਹਿਲਾਂ ਵਿਦਿਆਰਥੀਆਂ ਲਈ ਆਸਟਰੇਲੀਆ ਪਹਿਲੀ ਪਸੰਦ ਸੀ। ਜਦ ਕੈਨੇਡਾ ਨੇ ਸਟੱਡੀ ਵੀਜ਼ਾ ਦੇਣ ਦੇ ਨਾਲ ਤਿੰਨ ਚਾਰ ਸਾਲਾਂ ਬਾਅਦ ਪੱਕੀ ਰਿਹਾਇਸ਼ ( ਪੀ ਆਰ ) ਦੇਣੀ ਸ਼ੁਰੂ ਕੀਤੀ ਤਾਂ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦਾ ਰੁਝਾਨ ਕੈਨੇਡਾ ਵੱਲ ਵੱਧ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਆਈਲੈਟਸ ਕਰਵਾਉਣ ਵਾਲਿਆਂ ਦਾ ਹੜ੍ਹ ਆ ਗਿਆ। ਇਸ ਵੇਲੇ ਕੈਨੇਡਾ ਇਮੀਗ੍ਰੇਸ਼ਨ ਕੋਲ ਦੋ ਮਿਲੀਅਨ ਤੋਂ ਵੱਧ ਦਰਖਾਸਤਾਂ ਬਕਾਇਆ ਪਈਆਂ ਹਨ। ਇਹ ਗਿਣਤੀ ਹਰ ਮਹੀਨੇ ਵੱਧਦੀ ਜਾ ਰਹੀ ਹੈ। ਸਾਲ 2016 ਵਿੱਚ ਸਟੱਡੀ ਵੀਜ਼ਾ ਦੇ ਪਰਮਿਟ 264625 ਤੋਂ ਵੱਧਕੇ 2019 ਵਿੱਚ 402427 ਹੋ ਗਏ ਹਨ। ਹੁਣ ਦੀ ਸਥਿਤੀ ਇਹ ਹੈ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਸੱਠ ਪ੍ਰਤੀਸ਼ਤ ਤੋਂ ਵੱਧ ਦਰਖਾਸਤਾਂ ਨੂੰ ਸਟੱਡੀ ਵੀਜ਼ੇ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਇਹ ਸਟੱਡੀ ਵੀਜ਼ੇ 'ਤੇ ਕੈਨੇਡਾ ਆਉਣ ਦੀ ਚਾਹਵਾਨ ਨੌਜਵਾਨ ਪੀੜ੍ਹੀ ਲਈ ਵੱਡੇ ਸਦਮੇਂ ਵਾਲੀ ਗੱਲ ਹੈ। ਇਸ ਇਨਕਾਰ ਪਿੱਛੇ ਕਿਹੜੀ ਸੋਚ ਜਾਂ ਨੀਤੀ ਪਈ ਹੈ, ਇਸ ਬਾਰੇ ਗੱਲ ਕਰਦੇ ਹਾਂ।

ਦਰਅਸਲ ਵੀਜ਼ਿਆਂ ਤੋਂ ਇਨਕਾਰੀ ਦਾ ਇਹ ਸਿਲਸਿਲਾ ਕੋਰੋਨਾ ਦੀਆਂ ਪਾਬੰਦੀਆਂ ਅਤੇ ਹਵਾਈ ਸਫ਼ਰ ਦੀਆਂ ਬੰਦਸ਼ਾਂ ਦੌਰਾਨ ਹੀ ਸ਼ੁਰੂ ਹੋ ਗਿਆ ਸੀ। ਵੱਡੀ ਗਿਣਤੀ ਵਿੱਚ ਅਰਜੀਆਂ ਦਾ ਲੰਬਿਤ ਪਏ ਹੋਣਾ ਵੀ ਇਨਕਾਰ ਦਾ ਇੱਕ ਕਾਰਣ ਬਣਿਆ ਹੈ। ਹੋਰ ਕਾਰਨਾਂ ਵਿੱਚ ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਗਏ ਦਸਤਾਵੇਜ਼ਾਂ ਦੀ ਜਾਅਲਸਾਜ਼ੀ ਅਤੇ ਕੈਨੇਡਾ ਵਿੱਚ ਵੱਧ ਰਹੇ ਗੈਂਗਵਾਰ ਜਿਨ੍ਹਾਂ ਵਿੱਚ ਪੰਜਾਬੀ ਭਾਈਚਾਰੇ ਦੀ ਸ਼ਮੂਲੀਅਤ ਹੁੰਦੀ ਹੈ, ਵੀ ਇਸ ਇਨਕਾਰ ਦੇ ਕਾਰਣ ਹੋਣ ਦੇ ਸੰਸੇ ਹਨ। ਕੁਝ ਪ੍ਰਾਈਵੇਟ ਕਾਲਜਾਂ ਦੇ ਲਾਈਸੈਂਸ ਰੱਦ ਹੋਣਾ ਵੀ ਇੱਕ ਕਾਰਨ ਹੈ। ਇਨ੍ਹਾਂ ਕਾਲਜਾਂ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਫੀਸਾਂ ਜਮ੍ਹਾਂ ਹਨ ਜਿਨ੍ਹਾਂ ਦੀ ਵਾਪਸੀ ਲਈ ਉਹ ਜੱਦੋ-ਜਹਿਦ ਕਰ ਰਹੇ ਹਨ। ਜੇ ਉਪਲੱਭਤ ਸੂਚਨਾ ਦੀ ਗੱਲ ਕਰੀਏ ਤਾਂ ਵੀਹ ਲੱਖ ਤੋਂ ਵੱਧ ਅਰਜੀਆਂ ਇਮੀਗਰੇਸ਼ਨ ਦਫ਼ਤਰ ਵਿੱਚ ਪਈਆਂ ਹਨ ਜਿਨਾਂ ਵਿੱਚ ਸਟੱਡੀ ਵੀਜ਼ਾ, ਪੀ.ਆਰ. ਲ਼ਈ ਬੇਨਤੀ ਪੱਤਰ, ਵਿਜ਼ਿਟਰ ਵੀਜ਼ਾ, ਅਤੇ ਵਿਆਹੇ ਜੋੜਿਆਂ ਦੇ ਸਪਾਊਸ ਵੀਜ਼ੇ ਸ਼ਾਮਿਲ ਹਨ। ਪ੍ਰੇਸ਼ਾਨੀ ਵਾਲੀ ਗੱਲ ਇਹ ਹੈ ਕਿ ਸੱਤ ਬੈਂਡ ਲੈਣ ਵਾਲੇ ਵਿਦਿਆਰਥੀਆਂ ਦੇ ਵੀਜ਼ੇ ਵੀ ਨਹੀਂ ਮਿਲ ਰਹੇ। ਕੈਨੇਡਾ ਸਰਕਾਰ ਦਾ ਤਾਂ ਇਹ ਵੀ ਕਹਿਣਾ ਹੈ ਕਿ ਵਿਦਿਆਰਥੀਆਂ ਵੱਲੋਂ ਕੈਨੇਡਾ ਆਉਣ ਦੇ ਮਕਸਦ ਬਾਰੇ ਸਟੇਟਮੈਂਟ ਸਾਫ਼ ਨਹੀਂ ਹੈ।

ਸਟੱਡੀ ਵੀਜ਼ੇ ਨਾ ਮਿਲਣ ਦੇ ਕਾਰਣ ਕੁਝ ਵੀ ਹੋਣ, ਫਿਕਰ ਵਾਲੀ ਗੱਲ ਤਾਂ ਹੈ ਅਤੇ ਸੋਚਣਾ ਵੀ ਬਣਦਾ ਹੈ। ਪੂੰਜੀਵਾਦੀ ਸਿਸਟਮ ਹਰ ਫੈਸਲਾ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖ ਕੇ ਕਰਦਾ ਹੈ। ਕੋਰੋਨਾ ਕਾਲ ਤੋਂ ਬਾਅਦ ਦੀ ਗੱਲ ਕਰੀਏ ਤਾਂ ਵੱਖ-ਵੱਖ ਅਦਾਰਿਆਂ ਵਿੱਚ ਕਾਮਿਆਂ ਦੀ ਲੋੜ ਘਟੀ ਹੈ। ਬਹੁਤ ਸਾਰੀਆਂ ਨੌਕਰੀਆਂ ਖਤਮ ਕਰ ਦਿੱਤੀਆਂ ਗਈਆਂ ਹਨ। ਏਅਰ-ਪੋਰਟਾਂ 'ਤੇ, ਪੈਟਰੌਲ ਪੰਪਾਂ 'ਤੇ, ਸਕਿਓਰਿਟੀ ਜੌਬਾਂ ਅਤੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਵਿਕਸਤ ਟੈਕਨੋਲੋਜ਼ੀ ਨੇ ਬੰਦਿਆਂ ਦੀ ਲੋੜ ਖਤਮ ਕਰ ਦਿੱਤੀ ਹੈ। ਆਹਰੇ ਲੱਗੇ ਕਿਸੇ ਵੀ ਕਾਮੇਂ ਦੀ ਦਿਨ ਦੇ ਕਿਸੇ ਵੀ ਪਹਿਰ ਛੁੱਟੀ ਕਰ ਦਿੱਤੀ ਜਾਂਦੀ ਹੈ ਕਿ ਕੰਮ ਨਹੀਂ ਹੈ। ਵੈਸੇ ਵੀ ਇਥੇ ਕੈਨੇਡਾ ਵਿੱਚ ਕਿਹਾ ਜਾਂਦਾ ਹੈ ਕਿ ਤਿੰਨ ਡਬਲਯੂ ਯਾਨੀ ਮੌਸਮ, ਔਰਤ ਤੇ ਕੰਮ ਦਾ ਕੋਈ ਭਰੋਸਾ ਨਹੀਂ ਹੈ। ਕੰਮ ਦਾ ਭਰੋਸਾ ਨਾ ਹੋਣਾ ਸਭ ਤੋਂ ਖਤਰਨਾਕ ਰੁਝਾਨ ਹੈ ਜਿਸ ਦੀ ਮਾਰ ਸ਼ਾਇਦ ਸਟੱਡੀ ਵੀਜ਼ਾ ਉਡੀਕ ਰਹੇ ਬੱਚੇ ਸਹਿ ਰਹੇ ਹਨ। ਪੂੰਜੀਵਾਦੀ ਸੋਚ, ਨੀਅਤ, ਸਰਕਾਰੀ ਨੀਤੀਆਂ ਅਤੇ ਮੁਲਕ ਅੰਦਰਲੇ ਹਾਲਾਤਾਂ ਬਾਰੇ ਆਪਾਂ ਕੁਝ ਨਹੀਂ ਕਹਿ ਸਕਦੇ। ਡੂੰਘਾ ਵਾਹ ਲੈ ਹਲ਼ ਵੇ ਤੇਰੀ ਘਰੇ ਨੌਕਰੀ ਵਾਲੀ ਕਹਾਵਤ 'ਤੇ ਜ਼ੇਕਰ ਅਮਲ ਕਰ ਲਿਆ ਜਾਵੇ, ਸਰਕਾਰਾਂ ਬੱਚਿਆਂ ਦੇ ਭਵਿੱਖ ਲਈ ਸੁਹਿਰਦ ਹੋ ਜਾਣ ਤਾਂ ਇਸ ਫਿਕਰ ਤੋਂ ਥੋੜ੍ਹੀ ਰਾਹਤ ਮਿਲ ਸਕਦੀ ਹੈ।

ਇਥੇ ਬੱਚਿਆਂ ਨੂੰ ਵੱਖ-ਵੱਖ ਜੌਬਾਂ 'ਤੇ ਕੰਮ ਕਰਦਿਆਂ ਵੇਖ ਕੇ ਲੋਕ ਅਕਸਰ ਆਖਦੇ ਹਨ ਕਿ ਬਾਬੇ ਨਾਨਕ ਦੀ ਕਿਰਤ ਵਾਲਾ ਫ਼ਲਸਫ਼ਾ ਤਾਂ ਇਥੇ ਕੈਨੇਡਾ ਵਿੱਚ ਸਾਕਾਰ ਹੋਇਆ ਹੈ। ਹੱਥੀਂ ਕਿਰਤ ਕਰਨੀ, ਵੰਡ ਛਕਣਾ ਵਾਲੀ ਸੋਚ ਪੂੰਜੀਵਾਦੀ ਨਿਜ਼ਾਮ ਦੇ ਮੇਚ ਨਹੀਂ ਆਉਂਦੀ। ਪੂੰਜੀਵਾਦ ਵਿਸ਼ਵ ਵਿਆਪੀ ਵਰਤਾਰਾ ਬਣ ਚੁੱਕਾ ਹੈ। ਇਸ ਵਰਤਾਰੇ ਵਿੱਚ ਜਿਊਣ ਜੋਗੇ ਸਾਹਾਂ ਦਾ ਜੁਗਾੜ ਸਾਨੂੰ ਆਪ ਕਰਨਾ ਪੈਣਾ ਹੈ। ਆਓ ਪੰਜਾਬ ਅਤੇ ਭਾਰਤ ਵਿੱਚ ਵੀ ਨਾਨਕ ਦਾ ਇਹ ਫ਼ਲਸਫ਼ਾ ਸਾਕਾਰ ਕਰੀਏ। ਕੋਸ਼ਿਸ਼ ਤਾਂ ਕਰ ਹੀ ਸਕਦੇ ਹਾਂ।

# ਓਨਟਾਰੀਓ ਝੀਲ ਦੇ ਕੰਢੇ ਵੱਸਿਆ ਖ਼ੂਬਸੂਰਤ ਸ਼ਹਿਰ ਟੋਰਾਂਟੋ

ਕੈਨੇਡਾ ਆਉਣ ਦਾ ਸਬੱਬ ਬਣਿਆਂ ਤੇ ਉਹ ਵੀ ਟੋਰਾਂਟੋ ਸ਼ਹਿਰ ਤਾਂ ਇਸ ਸ਼ਹਿਰ ਬਾਰੇ ਸੁਣੀਆਂ ਬਹੁਤ ਸਾਰੀਆਂ ਸੁਪਨਈ ਗੱਲਾਂ ਦੇ ਸੱਚ ਨੂੰ ਵੇਖਣ ਜਾਨਣ ਦੀ ਉਤਸੁਕਤਾ ਵੀ ਪੈਦਾ ਹੋਈ। ਮੈਂ ਇਥੇ ਆਪਣੀ ਪਤਨੀ ਬਲਵਿੰਦਰ ਕੌਰ ਰੰਧਾਵਾ ਨਾਲ ਆਪਣੇ ਬੇਟੇ ਵਿਕਰਾਂਤ ਕੋਲ ਆਇਆ ਹਾਂ। ਇਥੇ ਟੋਰਾਂਟੋ ਦੇ ਨਾਲ ਲੱਗਦੇ ਕਸਬੇ ਬਰੈਂਪਟਨ ਵਿੱਚ ਉਸਦੀ ਰਿਹਾਇਸ਼ ਹੈ। ਟੋਰਾਂਟੋ ਓਨਟਾਰੀਓ ਝੀਲ ਦੇ ਕੰਢੇ ਵੱਸਿਆ ਕੈਨੇਡਾ ਦਾ ਵੱਡਾ ਸ਼ਹਿਰ ਹੈ। ਇਹ ਓਨਟਾਰੀਓ ਸੂਬੇ ਦੀ ਰਾਜਧਾਨੀ ਹੈ। ਆਬਾਦੀ ਪੱਖੋਂ ਇਹ ਕੈਨੇਡਾ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਹ ਉੱਤਰੀ ਅਮਰੀਕਾ ਦਾ ਚੌਥਾ ਸਭ ਤੋਂ ਮਸ਼ਹੂਰ ਸ਼ਹਿਰ ਹੈ। ਇਸ ਸ਼ਹਿਰ ਦੀ ਖ਼ੂਬਸੂਰਤੀ ਇਸ ਦੇ ਨਾਲ ਲੱਗਦੀ ਓਨਟਾਰੀਓ ਝੀਲ ਕਰਕੇ ਵੀ ਹੈ। ਇਹ ਉੱਤਰੀ ਅਮਰੀਕਾ ਦੀਆਂ ਪੰਜ ਵੱਡੀਆਂ ਝੀਲਾਂ ਵਿਚੋਂ ਇੱਕ ਹੈ। ਇਹ ਝੀਲ ਨੌਂ ਮਿਲੀਅਨ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਂਦੀ ਹੈ। ਆਪਣੀ ਗਹਿਰਾਈ ਕਰਕੇ ਇਹ ਝੀਲ ਕਦੀ ਵੀ ਪੂਰੀ ਤਰ੍ਹਾਂ ਨਹੀਂ ਜੰਮਦੀ। ਇਸ ਝੀਲ ਦੇ ਕੰਢੇ ਸਭ ਤੋਂ ਵੱਧ ਕਿਸਮਾਂ ਦੇ ਪੰਛੀ, ਮੱਛੀਆਂ ਅਤੇ ਪੌਦੇ ਮਿਲਦੇ ਹਨ। ਇਹ ਵੰਨ-ਸਵੰਨਤਾ ਇਸ ਝੀਲ ਅਤੇ ਟੋਰਾਂਟੋ ਸ਼ਹਿਰ ਦੀ ਖੁਬਸੂਰਤੀ ਵਧਾਉਂਦੀ ਹੈ। ਵੰਨ-ਸਵੰਨਤਾ ਇਸ ਦੇਸ਼ ਦੀ ਪਹਿਚਾਣ ਹੈ। ਵੱਖ-ਵੱਖ ਦੇਸ਼ਾਂ ਅਤੇ ਰੰਗਾਂ ਦੇ ਲੋਕ ਰਲ-ਮਿਲ ਕੇ ਇਸ ਦੇਸ਼ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਇਹ ਵਰਤਾਰਾ ਵੀ ਇਸ ਸ਼ਹਿਰ ਦੀ ਖ਼ੂਬਸੂਰਤੀ ਬਣਦਾ ਹੈ। 400 ਏਕੜ 'ਚ ਫੈਲੀ ਹਾਈਪਾਰਕ, ਕੁਈਨਜ਼ ਪਾਰਕ ਅਤੇ ਸੀ.ਐਨ. ਟਾਵਰ ਵਰਗਾ ਹੋਰ ਵੀ ਬੜਾ ਕੁਝ ਹੈ ਜੋ ਟੋਰਾਂਟੋ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਉਂਦਾ ਹੈ। ਟੋਰਾਂਟੋ ਦੇ ਨਾਲ ਲੱਗਦੇ ਕਸਬਿਆਂ ਵਿਚੋਂ ਬਰੈਂਪਟਨ ਤੋਂ ਇਲਾਵਾ ਮਿਸੀਸਾਗਾ, ਹਮਿਲਟਨ ਅਤੇ ਕਿਚਨੇਰ ਹਨ। ਇਥੇ ਆਏ ਪੰਜਾਬੀਆਂ ਦੀ ਬਹੁਤੀ ਵੱਸੋਂ ਬਰੈਂਪਟਨ ਅਤੇ ਮਿਸੀਸਾਗਾ ਵਿਚ ਹੈ। ਇਨ੍ਹਾਂ ਕਸਬਿਆਂ ਵਿਚ ਘੁੰਮਦਿਆਂ ਤੁਹਾਨੂੰ ਜਗ੍ਹਾ-ਜਗ੍ਹਾ ਝੀਲਾਂ, ਛੱਪੜ ਅਤੇ ਪਾਰਕ ਦਿੱਸ ਪੈਂਦੇ ਹਨ ਜਿਨ੍ਹਾਂ ਦੇ ਕਿਨਾਰੇ ਵਿਸ਼ਾਲ ਬਿਰਖਾਂ ਦੇ ਘਣੇ ਜੰਗਲ ਹਨ। ਇਹ ਝੀਲਾਂ, ਛੱਪੜ, ਪਾਰਕ ਇਸ ਸ਼ਹਿਰ ਦੀ ਖ਼ੂਬਸੂਰਤੀ ਵੀ ਹਨ ਅਤੇ ਵਾਤਾਵਰਣ ਨੂੰ ਸ਼ੁੱਧ ਵੀ ਰੱਖਦੇ ਹਨ। ਇਥੇ ਆ ਕੇ ਬੜੀ ਦੇਰ ਬਾਅਦ ਸਾਫ਼ ਨੀਲੇ ਰੰਗ ਦਾ ਅਸਮਾਨ ਵੇਖਣ ਨੂੰ ਮਿਲਿਆ

ਹੈ। ਇਸ ਸ਼ਹਿਰ ਦੀ ਜਾਂ ਕਹਿ ਲਵੋ ਕਿ ਦੇਸ਼ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਹ ਹੈ ਕਿ ਇਥੇ ਕੁਦਰਤ ਨਾਲ ਬਹੁਤੀ ਛੇੜ-ਛਾੜ ਨਹੀਂ ਕੀਤੀ ਗਈ। ਉਚਾਈਆਂ, ਢਲਾਣਾ ਨੂੰ ਉਂਝ ਹੀ ਰਹਿਣ ਦਿੱਤਾ ਗਿਆ ਹੈ। ਇਹ ਸਾਰਾ ਕੁਝ ਇਥੋਂ ਦੀਆਂ ਸੜਕਾਂ, ਪਾਰਕਾਂ, ਝੀਲਾਂ, ਖੇਡ-ਮੈਦਾਨਾਂ ਅਤੇ ਗਲੀਆਂ ਵਿਚ ਵੇਖਿਆ ਜਾ ਸਕਦਾ ਹੈ। ਕਈ ਵਾਰ ਤਾਂ ਇੰਝ ਲੱਗਦਾ ਹੈ ਜਿਵੇਂ ਕਿਸੇ ਪਹਾੜੀ ਖੇਤਰ ਵਿੱਚ ਘੁੰਮ ਰਹੇ ਹੋਈਏ। ਪਾਰਕਾਂ ਵਿਚ ਤੁਹਾਨੂੰ ਅਕਸਰ ਪੰਜਾਬੀ ਬਜ਼ੁਰਗ ਬੈਠੇ ਤਾਸ਼ ਖੇਡਦੇ, ਗੱਪਾਂ ਮਾਰਦੇ ਜਾਂ ਪੋਤੇ ਪੋਤੀਆਂ ਨੂੰ ਝੂਲੇ ਦਿੰਦੇ ਦਿਸ ਪੈਂਦੇ ਹਨ। ਰਸਤੇ ‘ਚ ਮਿਲਦਾ ਹਰ ਕੈਨੇਡੀਅਨ ਤੁਹਾਨੂੰ ਹੈਲੋ, ਹਾਏ ਕਰਕੇ ਲੰਘਦਾ ਹੈ। ਇਥੇ ਰਹਿੰਦਿਆਂ ਸਭ ਤੋਂ ਮਹੱਤਵਪੂਰਣ ਗੱਲ ਨਿਆਗਰਾ ਫਾਲਜ਼ ਦੀ ਗੇੜੀ ਰਹੀ।

ਅਮਰੀਕਾ ਕੈਨੇਡਾ ਆਏ ਲੋਕਾਂ ਲਈ ਨਿਆਗਰਾ ਫਾਲਜ਼ ਜਾਣਾ ਹੱਜ ਕਰਨ ਵਾਂਗ ਹੈ । ਨਿਆਗਰਾ ਫਾਲਜ਼ ਦੇ ਮਨਮੋਹਿਕ ਨਜ਼ਾਰੇ ਵੇਖਣ ਲਈ ਜਾਣ ਨੂੰ ਕਈ ਲੋਕ ਤਾਂ ਕੈਨੇਡਾ ਦੇ ਜਠੇਰਿਆਂ ਨੂੰ ਮੱਥਾ ਟੇਕਣ ਜਾਣ ਦੀ ਧਾਰਨਾ ਵੀ ਮੰਨਦੇ ਹਨ। ਖੈਰ, ਅਸੀਂ ਵੀ ਇੱਕ ਦਿਨ ਆਪਣੇ ਜਠੇਰਿਆਂ ਨੂੰ ਮੱਥਾ ਟੇਕਣ ਦਾ ਪ੍ਰੋਗਰਾਮ ਬਣਾਕੇ ਨਿਆਗਰਾ ਫਾਲਜ਼ ਵੇਖਣ ਨੂੰ ਚੱਲ ਪਏ। ਉਂਝ ਤਾਂ ਖੁੱਲੀਆਂ ਡੁੱਲੀਆਂ ਸੜਕਾਂ ‘ਤੇ ਕਾਰਾਂ ਸੌ ਕਿਲੋਮੀਟਰ ਦੀ ਸਪੀਡ ਤੋਂ ਵੀ ਤੇਜ਼ ਦੌੜਦੀਆਂ ਜਾਂਦੀਆਂ ਹਨ ਪਰ ਕਾਰਾਂ ਦੀਆਂ ਲੰਬੀਆਂ ਕਤਾਰਾਂ ਦੇ ਚਲਦਿਆਂ ਬਰੈਂਪਟਨ ਤੋਂ ਡੇਢ ਘੰਟੇ ਦਾ ਰਸਤਾ ਤਿੰਨ ਘੰਟਿਆਂ 'ਚ ਪੂਰਾ ਹੋਇਆ। ਉਥੇ ਪਹੁੰਚੇ ਤਾਂ ਬਜ਼ਾਰਾਂ ਵਿਚਲੀ ਰੌਣਕ, ਉੱਚੀਆਂ ਇਮਾਰਤਾਂ ਦਾ ਜਲੌਅ ਅਤੇ ਖੁਬਸੂਰਤ ਲਾਅਨ ਤੁਹਾਡਾ ਸਵਾਗਤ ਕਰਦੇ ਹਨ। ਨਿਆਗਰਾ ਫਾਲਜ਼ ਇੱਕ ਵਿਸ਼ਾਲ ਦਰਿਆ ਦੇ ਵਿਚ ਅਮਰੀਕਾ ਵਾਲੇ ਪਾਸਿਓ ਡਿੱਗ ਰਹੇ ਪਾਣੀ ਦਾ ਤਲਿਸਮੀ ਜਲਵਾ ਹੈ । ਕੈਨੇਡਾ ਵਾਲੇ ਪਾਸੇ ਕੋਈ ਡੇਢ ਦੋ ਮੀਲ ਲੰਮਾ ਤਟ ਹੈ। ਇਸ ਤੱਟ 'ਤੇ ਸੈਲਾਨੀਆਂ ਦਾ ਭਰਵਾਂ ਮੇਲਾ ਲੱਗਾ ਰਹਿੰਦਾ ਹੈ। ਹਰ ਦੇਸ਼, ਕੌਮ, ਧਰਮ ਅਤੇ ਉਮਰ ਦੇ ਲੋਕ ਇੱਥੇ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਭਰਵੀਂ ਗਿਣਤੀ ਭਾਰਤੀਆਂ/ ਪੰਜਾਬੀਆਂ ਦੀ ਹੁੰਦੀ ਹੈ। ਦੂਜੇ ਕਿਨਾਰੇ ਅਮਰੀਕਾ ਵਾਲੇ ਪਾਸੇ ਭਾਵੇਂ ਇੰਝ ਲੰਬਾ ਤਟ ਤਾਂ ਨਹੀਂ ਲੱਗਦਾ, ਪਰ ਵੱਖ-ਵੱਖ ਥਾਵਾਂ 'ਤੇ ਅਜਿਹੇ ਸਥਾਨ ਹਨ ਜਿੱਥੇ ਲੋਕਾਂ ਦੀ ਭੀੜ ਨਿਆਗਰਾ ਫਾਲਜ਼ ਦਾ ਨਜ਼ਾਰਾ ਵੇਖ/ਮਾਣ ਰਹੀ ਨਜ਼ਰ ਆਉਂਦੀ ਹੈ। ਹੇਠਾਂ ਵਗਦੇ ਦਰਿਆ ਵਿਚ ਦੋਹਾਂ ਦੇਸ਼ਾਂ ਦੀਆਂ ਕਿਸ਼ਤੀਆਂ ਚਲਦੀਆਂ ਹਨ। ਇਹ ਕਿਸ਼ਤੀਆਂ ਸੈਲਾਨੀਆਂ ਨੂੰ ਨਿਆਗਰਾ ਫਾਲਜ਼ ਦੇ ਪਾਣੀਆਂ ਦੇ ਬਿਲਕੁਲ ਹੇਠਾਂ ਲੈ ਜਾਂਦੀਆਂ ਹਨ। ਕਿਨਾਰੇ ਦੇ ਨਾਲ ਤੁਰਦਿਆਂ ਜਿਉਂ-ਜਿਉਂ ਅੱਗੇ ਵੱਧਦੇ ਜਾਈਦਾ ਹੈ, ਨਿਆਗਰਾ ਫਾਲਜ਼ ਦੇ ਪਾਣੀਆਂ ਦਾ ਰੰਗ ਬਦਲਦਾ ਜਾਂਦਾ ਹੈ। ਬੜੀ ਸਾਫ ਅਤੇ ਖ਼ੂਬਸੂਰਤ ਸਤਰੰਗੀ ਪੀਂਘ ਵੀ ਨਜ਼ਰ ਆਉਣ ਲੱਗਦੀ ਹੈ। ਇੱਕ ਥਾਂ 'ਤੇ ਡਿੱਗ ਰਹੇ

ਪਾਣੀ ਦਾ ਰੰਗ ਹਰਾ ਅਤੇ ਪਿੱਛੋਂ ਆ ਰਹੇ ਪਾਣੀ ਦਾ ਰੰਗ ਨੀਲੀ ਭਾਅ ਮਾਰਦਾ ਹਰੇ ਰੰਗ 'ਚ ਬਦਲ ਜਾਂਦਾ ਹੈ। ਇਸ ਰੰਗੀਨ ਪਾਣੀ ਦੇ ਵਗਦੇ ਪ੍ਰਵਾਹ ਨੂੰ ਲਗਾਤਾਰ ਨਿਹਾਰਦਿਆਂ ਇਸ ਵਿਚ ਛਾਲ ਮਾਰ ਕੇ ਮਰ ਜਾਣ ਨੂੰ ਵੀ ਜੀਅ ਕਰਦਾ ਹੈ। ਇਥੇ ਖਲੋਤਿਆਂ ਸਭ ਤੋਂ ਵੱਡਾ ਸਵਾਲ ਜਿਹੜਾ ਮਨ 'ਚ ਪੈਦਾ ਹੁੰਦਾ ਹੈ ਉਹ ਇਹ ਕਿ ਇਹ ਏਨਾਂ ਸਾਫ਼-ਸੁਥਰਾ ਪਾਣੀ ਆਖਰ ਆ ਕਿਥੋਂ ਰਿਹਾ ਹੈ ? ਹੁਣ ਤਾਂ ਪੰਜਾਬ ਵਰਗੀ ਪੰਜ ਦਰਿਆਵਾਂ ਦੀ ਧਰਤੀ ਉਪਰ ਵੀ ਪਾਣੀ ਬੋਤਲਾਂ 'ਚ ਵਿਕਣ ਲੱਗ ਪਿਆ ਹੈ। ਕੁਦਰਤੀ ਸ੍ਰੋਤਾਂ ਦੀ ਅੰਨੇਵਾਹ ਵਰਤੋਂ ਅਤੇ ਮੁਨਾਫ਼ਾ ਕਮਾਉਣ ਦੀ ਹੋੜ 'ਚ ਧਰਤੀ ਹੇਠਲਾ ਪਾਣੀ ਵੀ ਪਲੀਤ ਹੋ ਗਿਆ ਹੈ। ਉਂਝ ਵਿਕਾਸ ਦੇ ਇਸ ਦੈਂਤ ਨੇ ਬਖ਼ਸ਼ਿਆ ਇਸ ਵਿਕਸਤ ਦੇਸ਼ ਨੂੰ ਵੀ ਨਹੀਂ। ਇਥੇ ਵੀ ਮੀਲਾਂ ਤਕ ਫੈਲੀਆਂ ਕੁਦਰਤੀ ਝੀਲਾਂ ਦਾ ਪਾਣੀ ਉਦਯੋਗਾਂ ਤੋਂ ਆ ਰਹੇ ਰਸਾਇਣਾਂ ਨਾਲ ਜ਼ਹਿਰ ਬਣਦਾ ਜਾ ਰਿਹਾ ਹੈ। ਖੈਰ !ਪਾਣੀ ਬਾਰੇ ਇਸ ਜਗਿਆਸਾ ਦਾ ਪਿੱਛਾ ਕੀਤਾ ਤਾਂ ਪਤਾ ਲਗਾ ਕਿ ਉੱਤਰੀ ਅਮਰੀਕਾ ਵਿਚਲੀਆਂ ਪੰਜ ਝੀਲਾਂ ਮਿਸ਼ੀਗਨ, ਸੁਪੀਰੀਅਰ, ਹੁਰੋਨ, ਸ਼ੇਟ ਕਲੇਅਰ ਅਤੇ ਈਰੀ ਦਾ ਪਾਣੀ ਨਿਆਗਰਾ ਨਾਮੀ ਦਰਿਆ ਵਿੱਚ ਡਿੱਗਦਾ ਹੈ। ਨਿਆਗਰਾ ਦਰਿਆ ਉੱਤਰ ਦੀ ਦਿਸ਼ਾ ਵੱਲ ਵਗਦਾ ਹੈ ਜਿਹੜਾ ਤੇਈ ਕਿਲੋਮੀਟਰ ਦਾ ਸਫ਼ਰ ਕਰਨ ਤੋਂ ਬਾਅਦ ਮਸ਼ਹੂਰ ਝੀਲ ਓਨਟਾਰੀਓ ਵਿੱਚ ਡਿੱਗਣ ਤੋਂ ਪਹਿਲਾਂ ਫਾਲਜ਼ ਤੋਂ ਲੰਘਦਾ ਹੈ। ਇਹੋ ਫਾਲ਼ਜ਼ ਹੀ ਨਿਆਗਰਾ ਫਾਲ਼ਜ਼ ਦਾ ਕੁਦਰਤੀ ਦ੍ਰਿਸ਼ ਸਿਰਜਦੀ ਹੈ ਜਿਸ ਨੂੰ ਵੇਖਣ ਲਈ ਹਰ ਰੋਜ਼ ਇਥੇ ਇੱਕ ਭਰਵਾਂ ਮੇਲਾ ਲੱਗਦਾ ਹੈ। ਇਥੋਂ ਇਹ ਪਾਣੀ ਇੱਕ ਹੋਰ ਦਰਿਆ ਸੇਂਟ ਲਾਅਰੈਂਸ ਵਿੱਚ ਰਲ ਜਾਂਦਾ ਹੈ ਤੇ ਅਖੀਰ ਐਟਲਾਂਟਿਕ ਸਾਗਰ ਵਿੱਚ ਚਲਾ ਜਾਂਦਾ ਹੈ। ਇਥੇ ਹਰ ਸਕਿੰਟ ਵਿੱਚ ਤਿੰਨ ਹਜ਼ਾਰ ਟੱਨ ਤੋਂ ਵੱਧ ਪਾਣੀ ਨਿਆਗਰਾ ਫਾਲ਼ਜ਼ ਤੋਂ ਵਗਦਾ ਹੈ ਜਿਹੜਾ ਬੱਤੀ ਫੁੱਟ ਹੇਠਾਂ ਡਿੱਗਦਾ ਹੈ। ਇਹ ਪਾਣੀ ਚਾਰ ਮਿਲੀਅਨ ਕਿੱਲੋਵਾਟ ਬਿਜਲੀ ਪੈਦਾ ਕਰਨ ਦੇ ਸਮਰੱਥ ਹੈ। ਕਿਸੇ ਸੱਜਣ ਨੇ ਦੱਸਿਆ ਕਿ ਮੈਂ ਪਿੱਛਲੇ ਪੰਜਾਹ ਸਾਲਾਂ ਤੋਂ ਇਥੇ ਆ ਰਿਹਾ ਹਾਂ। ਓਦੋਂ ਤੋਂ ਇਹ ਪਾਣੀ ਇੰਨੀ ਹੀ ਤੀਬਰਤਾ ਨਾਲ ਅਤੇ ਇਸੇ ਮਾਤਰਾ ਵਿੱਚ ਡਿੱਗ ਰਿਹਾ ਹੈ। ਇਹ ਨਿਆਗਰਾ ਫਾਲਜ਼ ਦੋਵਾਂ ਦੇਸ਼ਾਂ ਦੀ ਸਾਂਝ ਦਾ ਜਿਊਂਦਾ ਜਾਗਦਾ ਲਿੰਕ ਹੈ। ਇਹ ਦੋ ਵਿਕਸਤ ਦੇਸ਼ਾਂ ਦੀ ਜਾਗਰੂਕ ਸੂਝ ਹੈ ਕਿ ਇਸ ਦਰਿਆ ਦੇ ਦੋਵਾਂ ਕਿਨਾਰਿਆਂ 'ਤੇ ਨਫ਼ਰਤ ਉਗਲਦੇ ਟੈਂਕਾਂ ਦੀ ਥਾਂ ਮੁਹੱਬਤ ਵੰਡਦੇ ਲੋਕਾਂ ਦੀ ਰੌਣਕ ਹੁੰਦੀ ਹੈ। ਇਸ ਉਪਰ ਬਣੇ ਪੁੱਲ ਉਪਰੋਂ ਲੰਘ ਕੇ ਹੀ ਲੋਕ ਦੂਜੇ ਦੇਸ਼ ਵਿਚ ਦਾਖਲ ਹੁੰਦੇ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਥਾਵਾਂ ਹਨ ਜਿੱਥੋਂ ਇਹ ਦੋਵੇਂ ਮੁਲਕ ਆਪਣੀ ਸਾਂਝ ਦਾ ਅਦਾਨ-ਪ੍ਰਦਾਨ ਕਰਦੇ ਹਨ। ਅੱਠ ਵਜੇ ਤੋਂ ਬਾਅਦ ਇਥੇ ਸੰਗੀਤਕ ਪ੍ਰੋਗਰਾਮ ਵੀ ਚਲਦਾ ਹੈ ਅਤੇ ਨਿਆਗਰਾ ਫਾਲਜ਼ ਦੇ ਪਾਣੀਆਂ ਨੂੰ

ਰੰਗੀਨ ਰੋਸ਼ਨੀਆਂ ਨਾਲ ਵੀ ਸ਼ਿਗਾਰਿਆ ਜਾਂਦਾ ਹੈ। ਪੰਜ ਘੰਟੇ ਦੇ ਠਹਿਰਾਓ ਤੋਂ ਬਾਅਦ ਵੀ ਲੱਗਦਾ ਹੈ ਕਿ ਸਮਾਂ ਘੱਟ ਲੈ ਕੇ ਆਏ ਹਾਂ। ਕਿਉਂਕਿ ਨਿਆਗਰਾ ਨਾਂ ਦੇ ਇਸ ਕਸਬੇ ਵਿੱਚ ਫਾਲ਼ਜ਼ ਤੋਂ ਇਲਾਵਾ ਵੀ ਬਹੁਤ ਕੁਝ ਵੇਖਣਯੋਗ ਹੈ। ਤੁਸੀਂ ਜਦੋਂ ਵੀ ਇਥੇ ਆਵੋ ਖੁੱਲ੍ਹਾ ਸਮਾਂ ਲੈ ਕੇ ਆਵੋ। ਹੋ ਸਕੇ ਤਾਂ ਰਾਤ ਰੁਕਣ ਦਾ ਪ੍ਰੋਗਰਾਮ ਬਣਾ ਕੇ ਆਵੋ। ਅਸੀਂ ਵੀ ਅਗਲੀ ਵਾਰ ਵੱਧ ਸਮਾਂ ਲੈ ਕੇ ਜਾਵਾਂਗੇ ਅਤੇ ਕੁਝ ਨਵੇਂ ਅਨੁਭਵ ਸਾਂਝੇ ਕਰਾਂਗੇ। ਟੋਰਾਂਟੋ ਸ਼ਹਿਰ ਵਿਚ ਬਹੁਤ ਕੁਝ ਹੈ ਜਿਸ ਨੂੰ ਵੇਖਣ ਜਾਨਣ ਤੋਂ ਬਾਅਦ ਇਸ ਦਾ ਜ਼ਿਕਰ ਵੀ ਫਿਰ ਕਦੀ ਕਰਾਂਗੇ।

✿

# ਹਵਾਈ ਸਫ਼ਰ ਦੌਰਾਨ ਕੋਰੋਨਾ ਦਾ ਪਰਛਾਵਾਂ ਅਤੇ ਹੋਰ ਦੁਸ਼ਵਾਰੀਆਂ

ਵਿਕਸਤ ਸਮਿਆਂ ਅੰਦਰ ਅਤਿ ਵਿਕਸਤ ਵਾਇਰਸ ਨੇ ਦੁਨੀਆਂ ਦਾ ਸਹਿਜ ਵਿਗਾੜ ਦਿੱਤਾ ਹੈ। ਜ਼ਿੰਦਗੀ ਤ੍ਰਭਕੀ ਅਵਸਥਾ 'ਚ ਕੰਮੀ-ਧੰਦੀ ਰੁੱਝੀ ਆਪਣੀ ਡਗਮਗਾ ਚੁੱਕੀ ਗਤੀ ਨੂੰ ਮੁੜ ਹਾਸਲ ਕਰਨ ਦਾ ਭਰਮ ਪਾਲ ਰਹੀ ਹੈ। ਸਫ਼ਰ 'ਤੇ ਨਿਕਲੇ ਬੰਦੇ ਨੂੰ ਪਤਾ ਨਹੀਂ ਕਦੋਂ, ਕਿੱਥੇ ਉਸ ਦੇ ਪੈਂਡਿਆਂ ਨੇ ਥੰਮ ਜਾਣਾ ਹੈ। ਇੱਕ ਸੰਸਾ ਤੁਹਾਡੀਆਂ ਪੈੜਾਂ ਦਾ ਪਿੱਛਾ ਕਰਦਾ ਹੈ। ਹਰ ਛਿਣ ਇੱਕ ਅਨਿਸ਼ਚਤਤਾ ਬਣੀ ਰਹਿੰਦੀ ਹੈ। ਬੰਦੇ ਦੇ ਅਸਬਾਬ ਵਿਚ ਸਮਾਨ ਨਾਲੋਂ ਵੱਧ ਡਰ ਬੱਝਾ ਰਹਿੰਦਾ ਹੈ। ਉਸ ਦੇ ਬੋਝੇ 'ਚ ਛਣਕਦੇ ਸਿੱਕਿਆਂ ਦੀ ਟੁਣਕਾਰ ਉਦਾਸ ਹੈ। ਜੇ ਸਫ਼ਰ ਸੱਤ ਸਮੁੰਦਰ ਪਾਰ ਜਾਣ ਦਾ ਹੈ ਤਾਂ ਕਈ ਅੜਿੱਕੇ ਉਲੰਘਣੇ ਪੈਂਦੇ ਹਨ। ਹਰ ਹਵਾਈ ਅੱਡਾ ਤੁਹਾਨੂੰ ਸ਼ੱਕ ਦੀ ਨਿਗ੍ਹਾ ਨਾਲ ਵੇਖਦਾ ਤੇ ਪਰਖਦਾ ਹੈ। ਅੰਮ੍ਰਿਤਸਰ ਤੋਂ ਕੈਨੇਡਾ ਦੇ ਸ਼ਹਿਰ ਬਰੈਂਪਟਨ ਜਾਣ ਦੀ ਤਿਆਰੀ ਸੀ। ਹਰ ਵਸਤ ਤਿਆਰ-ਬਰ-ਤਿਆਰ ਸਫ਼ਰ 'ਤੇ ਜਾਣ ਲਈ ਉਤਾਵਲੀ ਸੀ। ਪਰ ਮਨ ਵਿੱਚ ਕਈ ਸੰਸੇ ਸਨ। ਹਾਲਾਂਕਿ ਕੋਰੋਨਾ ਦੀ ਨੈਗੇਟਿਵ ਰਿਪੋਰਟ ਬੋਝੇ ਵਿਚ ਸੀ। ਘਰੋਂ ਨਿਕਲਦਿਆਂ ਲੇਟ ਹੋ ਜਾਣ ਦਾ ਡਰ ਵੀ ਸਤਾਅ ਰਿਹਾ ਸੀ। ਪਰ ਪਰਿਵਾਰ ਸਮੇਤ ਜਾਣਾ ਸੀ। ਇਸ ਲਈ ਪਰਿਵਾਰ ਦੇ ਨਾਲ ਹੀ ਨਿਕਲਣਾ ਸੀ। ਖੈਰ! ਅੰਮ੍ਰਿਤਸਰ ਏਅਰ ਪੋਰਟ 'ਤੇ ਸਮਾਨ ਦੀ ਸਕਰੀਨਿੰਗ ਹੋਣ ਤੋਂ ਬਾਅਦ ਵਜ਼ਨ ਹੋਇਆ ਤਾਂ ਭਾਰ ਨਾਲ ਲਿਜਾ ਸਕਣ ਦੇ ਤੋਲ ਤੋਂ ਵੱਧ ਨਿਕਲਿਆ। ਪੰਜ ਹਜ਼ਾਰ ਵਾਧੂ ਅਦਾਇਗੀ ਕਰਕੇ ਸਮਾਨ ਤੇ ਪਰਿਵਾਰ ਅੰਮ੍ਰਿਤਸਰ ਤੋਂ ਦਿੱਲੀ ਜਾਣ ਵਾਲੇ ਜਹਾਜ਼ ਵਿਚ ਸਵਾਰ ਹੋ ਗਿਆ ਤੇ ਇੱਕ ਘੰਟੇ ਬਾਅਦ ਦਿੱਲੀ ਏਅਰਪੋਰਟ 'ਤੇ ਪਾਇਆ ਗਿਆ।

ਦਿੱਲੀ ਏਅਰਪੋਰਟ ਸਬੰਧਤ ਪਟੇ ਤੋਂ ਆਪਣਾ ਸਮਾਨ ਇਕੱਤਰ ਕਰ ਤਿੰਨ ਟਰਾਲੀਆਂ 'ਚ ਲੱਦ ਕੇ ਅਸੀਂ ਪੰਜ ਜਾਣੇ ਏਅਰਪੋਰਟ 'ਚ ਗੁਆਚੇ-ਗੁਆਚੇ ਘੁੰਮ ਰਹੇ ਸਾਂ। ਅਗਲਾ ਜਹਾਜ਼ ਉੱਡਣ ਵਿੱਚ ਅਜੇ ਅੱਠ ਘੰਟੇ ਬਾਕੀ ਸਨ। ਅੰਦਰ ਕਿਸੇ ਦੁਕਾਨ ਤੋਂ ਚਾਹ ਪੁੱਛੀ ਤਾਂ ਸਵਾ ਸੌ ਰੁਪਈਏ ਕੱਪ ਸੀ। ਦੋ ਕੱਪ ਚਹੁੰ ਥਾਈਂ ਵੰਡ ਕੇ ਪੀ ਲਈ। ਬਹਿਰ ਨੇ ਚਾਹ ਨਹੀਂ ਸੀ ਪੀਣੀ। ਕੁਝ ਚਿਰ ਹੋਰ ਬਿਤਾਇਆ ਤੇ ਪੁੱਛਦੇ ਪੁਛਾਉਂਦੇ ਸਬੰਧਤ ਕਾਊਂਟਰ 'ਤੇ ਪਹੁੰਚੇ ਜਿੱਥੇ ਸਮਾਨ ਜਮ੍ਹਾਂ ਹੋਣਾ ਸੀ। ਸਾਡੇ ਕੋਲ

ਪੰਜ ਟਿਕਟਾਂ ਸਨ ਤੇ 23-23 ਕਿੱਲੋ ਦੇ ਦਸ ਬੈਗ ਲਿਜਾ ਸਕਦੇ ਸਾਂ। ਬਾਕੀਆਂ ਵਿੱਚ ਤਾਂ ਭਾਰ ਸਤਾਰਾਂ ਅਠਾਰਾਂ ਕਿਲੋ ਹੀ ਸੀ, ਪਰ ਦੋ ਵਿੱਚ 23 ਕਿਲੋ ਤੋਂ ਵੱਧ ਸੀ। ਅਸੀਂ ਕੁਲ ਲਿਜਾ ਸਕਦੇ ਭਾਰ ਦਾ ਹਵਾਲਾ ਦਿੱਤਾ ਪਰ ਸੰਬੰਧਤ ਅਧਿਕਾਰੀ ਨਾ ਮੰਨਿਆ। ਸਾਨੂੰ ਉਨ੍ਹਾਂ ਦੋ ਬੈਗਾਂ ਵਿਚੋਂ ਸੀਲਾਂ ਤੋੜ ਕੇ ਸਮਾਨ ਬਾਹਰ ਕੱਢ ਦੂਜੇ ਬੈਗਾਂ ਵਿਚ ਤੂਸਣਾ ਪਿਆ। ਏਅਰਪੋਰਟ 'ਤੇ ਪਏ ਇਸ ਖਿਲਾਰੇ ਨੂੰ ਵੇਖ ਮੈਨੂੰ ਚੋਣਾਂ ਵੇਲੇ ਚੋਣ ਡਿਊਟੀ ਨਿਭਾਉਂਦਿਆਂ ਸਮਾਨ ਜਮ੍ਹਾਂ ਕਰਵਾਉਣ ਵੇਲੇ ਖਿਲਾਰਾ ਪਾ ਕੇ ਬੈਠੇ ਪ੍ਰਜ਼ਾਈਡਿੰਗ ਅਫਸਰ ਯਾਦ ਆਏ। ਇਹ ਅੜਿੱਕਾ ਪਾਰ ਕੀਤਾ ਤਾਂ ਅਧਿਕਾਰੀ ਨੇ ਐਕਸਾਈਜ਼ ਐਂਡ ਟੈਕਸਟੇਸ਼ਨ ਦਫ਼ਤਰ ਜਾਣ ਲਈ ਕਿਹਾ। ਡਰ ਫਿਰ ਅੰਦਰ ਅੰਗੜਾਈ ਲੈਣ ਲੱਗਾ। ਨਾ ਤਾਂ ਕੋਈ ਨਾਜਾਇਜ਼ ਧੰਦਾ ਕਰਦੇ ਹਾਂ ਨਾ ਕੋਲ ਕੋਈ ਨਾਜਾਇਜ਼ ਸਮਾਨ ਸੀ, ਫਿਰ ਇਹ ਨਵਾਂ ਹੁਕਮ ਕਿਉਂ? ਜਿਹੜੀ ਲੜਕੀ ਨਾਲ ਲੈ ਕੇ ਗਈ ਉਸ ਨੂੰ ਪੁੱਛਿਆ ਕਿ ਉਥੇ ਕੀ ਪੁੱਛਦੇ ਹਨ। ਉਸ ਅਗਿਆਨਤਾ ਜ਼ਾਹਰ ਕੀਤੀ। ਖੈਰ, ਸਬੰਧਤ ਅਧਿਕਾਰੀ ਕੋਈ ਸ਼ਾਤ ਚਿੱਤ ਬੰਦਾ ਸੀ। ਉਸ ਸੰਦੇਹ ਵਰਗੇ ਕੁਝ ਸਵਾਲ ਪੁੱਛੇ ਕਿ ਕੀ ਲੈ ਕੇ ਜਾ ਰਹੇ ਹੋ, ਕਰੰਸੀ ਕਿੰਨੀ ਲਿਜਾ ਰਹੇ ਹੋ? ਸਾਡੇ ਇਹ ਕਹਿਣ 'ਤੇ ਕਿ ਕੁਝ ਵੀ ਨਹੀਂ ਲੈ ਕੇ ਜਾ ਰਹੇ, ਉਸ ਵਿਸ਼ਵਾਸ ਕੀਤਾ ਤੇ ਸਾਨੂੰ ਜਾਣ ਦਿੱਤਾ। ਉਥੋਂ ਵਿਹਲੇ ਹੋ ਕੇ ਸਕਿਓਰਿਟੀ ਵਿਚੋਂ ਲੰਘਣਾ ਸੀ। ਅੰਮ੍ਰਿਤਸਰ ਏਅਰਪੋਰਟ ਤੋਂ ਬਾਅਦ ਇਹ ਦੂਜੀ ਵਾਰ ਸਕਿਓਰਿਟੀ ਚੈੱਕ ਸੀ। ਸਕਿਓਰਿਟੀ ਪਾਸ ਕਰਵਾਉਂਦਿਆਂ ਬਹਿਰ (ਪੋਤੀ) ਬੇਕਾਬੂ ਹੋ ਗਈ। ਉਸ ਸਕਿਓਰਿਟੀ ਵਾਲਿਆਂ ਨੂੰ ਪੜ੍ਹਨੇ ਪਾ ਦਿੱਤਾ। ਨਾਲ ਮੈਨੂੰ ਵੀ। ਮੈਂ ਭੱਜ-ਭੱਜ ਹਾਰ ਗਿਆ। ਅਖੀਰ ਇੱਕ ਸਕਿਓਰਿਟੀ ਵਾਲੇ ਨੇ ਬਹਿਰ ਨੂੰ ਗੋਦੀ ਚੁੱਕ ਕੇ ਬਹੁਤ ਸਾਰੀਆਂ ਫੋਟੋਆਂ ਖਿਚਵਾਈਆਂ ਤੇ ਸਾਨੂੰ ਸੁਰਖ਼ਰੂ ਕੀਤਾ। ਵਿਹਲੇ ਹੋ ਗਏ ਸਾਂ ਪਰ ਜਹਾਜ਼ ਉੱਡਣ ਵਿਚ ਅਜੇ ਬਹੁਤ ਸਮਾਂ ਸੀ। ਉਸ ਵਿਹਲ ਨੂੰ ਕੱਟਣ ਦਾ ਪ੍ਰਬੰਧ ਬੇਟੇ ਨੇ ਕਰ ਲਿਆ। ਮੰਡੀ ਕੋਲ ਅਜਿਹੇ ਵਿਹਲ ਨੂੰ ਕੈਸ਼ ਕਰਨ ਲਈ ਲੌਂਜ ਹਨ। ਖੁੱਲ੍ਹਾ ਖਾਣ-ਪੀਣ ਤੇ ਪੰਜ ਜਾਣਿਆਂ ਦਾ ਖ਼ਰਚ ਸਿਰਫ ਪੰਜ ਹਜ਼ਾਰ ਰੁਪਏ!

ਅਗਲਾ ਸਫ਼ਰ ਦਿੱਲੀ ਤੋਂ ਕੈਨੇਡਾ ਦਾ ਸ਼ਹਿਰ ਮੌਨਟਰੀਅਲ ਸੀ। 15 ਘੰਟੇ ਦਾ ਸਫ਼ਰ ਤੇ ਜਹਾਜ਼ ਸਵਾਰੀਆਂ ਨਾਲ ਤੂਸਿਆ ਸੀ। ਏਅਰ ਕੈਨੇਡਾ ਦੇ ਇਸ ਜਹਾਜ਼ ਵਿੱਚ ਖਾਣ-ਪੀਣ ਦਾ ਪ੍ਰਬੰਧ ਜੇਕਰ ਘਟੀਆ ਨਹੀਂ ਤਾਂ ਚੰਗਾ ਵੀ ਨਹੀਂ ਸੀ। ਜਹਾਜ਼ੀ ਅਮਲੇ ਵੱਲੋਂ ਹਦਾਇਤਾਂ ਜਾਰੀ ਕਰਨ ਦੇ ਬਾਵਜੂਦ ਪੰਦਰਾਂ ਘੰਟੇ ਮੂੰਹ, ਨੱਕ ਮਾਸਕ ਅੰਦਰ ਢੱਕ ਕੇ ਰੱਖਣਾ ਨਾ ਸੰਭਵ ਸੀ ਨਾ ਹੋਇਆ ਹੋਣਾ। ਇਸ ਦਾ ਅਸਰ ਏਅਰਪੋਰਟ 'ਤੇ ਚੈਕਿੰਗ ਕਰਵਾਉਂਦਿਆਂ ਹੋਇਆ। ਮੌਨਟਰੀਅਲ ਦੇ ਇਸ ਏਅਰਪੋਰਟ 'ਤੇ ਬਹੁਤ ਖੱਜਲ-ਖੁਆਰੀ ਹੋਈ। ਕਈ ਅੜਿਕੇ ਪਾਰ ਕਰਨੇ ਪਏ। ਇੱਕ ਥਾਂ ਰੋਕ ਕੇ ਸਾਡੇ ਕੋਰੋਨਾ ਦੇ ਸੈਂਪਲ ਵੀ ਲਏ ਗਏ। ਕਈ ਹੋਰਨਾਂ ਦੇ ਵੀ ਸੈਂਪਲ

ਲਏ। ਸਮਾਨ ਦੁਬਾਰਾ ਟੋਰਾਂਟੋ ਜਾਣ ਵਾਲੇ ਜਹਾਜ਼ ਲਈ ਜਮ੍ਹਾਂ ਕਰਵਾਉਣਾ ਪਿਆ। ਉਹ ਜਹਾਜ਼ ਸਿਰਫ ਦੋ ਘੰਟੇ ਬਾਅਦ ਉੱਡਣਾ ਸੀ। ਪਰ ਵੱਖ-ਵੱਖ ਥਾਈ ਹੋ ਰਹੀ ਚੈਕਿੰਗ ਦੌਰਾਨ ਲੱਗ ਰਿਹਾ ਸਮਾਂ ਸਾਨੂੰ ਪ੍ਰੇਸ਼ਾਨ ਕਰ ਰਿਹਾ ਸੀ। ਅੰਮ੍ਰਿਤਸਰ ਤੋਂ ਚੱਲ ਜਦ ਤੀਜੀ ਵਾਰ ਸਕਿਓਰਿਟੀ ਚੈੱਕ ਲਈ ਲਾਈਨ ਵਿਚ ਲੱਗੇ ਤਾਂ ਜਹਾਜ਼ ਉੱਡਣ ਵਿਚ ਸਿਰਫ ਪੰਦਰਾਂ ਮਿੰਟ ਬਾਕੀ ਸਨ। ਸਬੰਧਤ ਅਧਿਕਾਰੀ ਨੂੰ ਬੇਨਤੀ ਕੀਤੀ ਪਰ ਕੋਈ ਸੁਣਵਾਈ ਨਾ ਹੋਈ। ਜਦੋਂ ਸਕਿਓਰਿਟੀ ਤੋਂ ਵਿਹਲੇ ਹੋਏ, ਜਹਾਜ਼ ਜਾ ਚੁੱਕਾ ਸੀ। ਸਾਡਾ ਸਮਾਨ ਵੀ ਉਸ ਜਹਾਜ਼ ਵਿਚ ਚਲਾ ਗਿਆ ਸੀ। ਦੂਹਰੀ, ਤੀਹਰੀ ਪ੍ਰੇਸ਼ਾਨੀ ਵਿਚ ਸਮਝ ਨਹੀਂ ਸੀ ਲੱਗ ਰਹੀ ਕਿ ਹੁਣ ਕੀ ਕਰੀਏ। ਪੁੱਛ-ਪੜਤਾਲ ਲਈ ਏਅਰ ਕੈਨੇਡਾ ਵਾਲੇ ਕਾਊਂਟਰ 'ਤੇ ਲਾਈਨ ਵਿਚ ਲੱਗੇ ਤਾਂ ਵਾਰੀ ਆਉਣ 'ਤੇ ਉਨ੍ਹਾਂ ਸਮੱਸਿਆ ਸੁਣੀ ਤੇ ਤਿੰਨ ਘੰਟੇ ਬਾਅਦ ਜਾਣ ਵਾਲੇ ਜਹਾਜ਼ ਦੀਆਂ ਟਿਕਟਾਂ ਬਿਨ੍ਹਾਂ ਕੋਈ ਪੈਸਾ ਲਿਆ ਦੇ ਦਿੱਤੀਆਂ। ਇੱਕ ਘੰਟੇ ਦੇ ਹਵਾਈ ਸਫ਼ਰ ਤੋਂ ਬਾਅਦ ਟੋਰਾਂਟੋ ਏਅਰਪੋਰਟ ਪਹੁੰਚੇ ਤਾਂ ਸਮਾਨ ਉਥੇ ਵੀ ਨਹੀਂ ਸੀ। ਦਰਅਸਲ ਜਿਸ ਫਲਾਈਟ ਲਈ ਅਸੀਂ ਸਮਾਨ ਜਮ੍ਹਾਂ ਕਰਵਾਇਆ ਸੀ ਉਹ ਟੋਰਾਂਟੋ ਸਿਟੀ ਏਅਰਪੋਰਟ 'ਤੇ ਜਾਣੀ ਸੀ। ਟੋਰਾਂਟੋ ਸਿਟੀ ਟੋਰਾਂਟੋ ਤੋਂ ਦੂਰ ਸਮੁੰਦਰ ਵਿਚ ਇੱਕ ਛੋਟਾ ਜਿਹਾ ਟਾਪੂ ਹੈ। ਸਾਡਾ ਸਮਾਨ ਉਸ ਟਾਪੂ 'ਤੇ ਪਹੁੰਚ ਗਿਆ ਸੀ। ਸ਼ਿਕਾਇਤ ਦਰਜ ਕਰਵਾਉਣ 'ਤੇ ਮੇਲ ਆ ਗਈ ਕਿ ਤੁਹਾਡਾ ਸਮਾਨ ਗਲਤੀ ਨਾਲ ਇਸ ਏਅਰਪੋਰਟ 'ਤੇ ਆ ਗਿਆ ਹੈ। ਸਮਾਨ ਤੁਹਾਡੇ ਪੱਕੇ ਪਤੇ ਭੇਜ ਦਿੱਤਾ ਜਾਵੇਗਾ। ਸੁਖ ਦਾ ਸਾਹ ਲਿਆ। ਏਅਰਪੋਰਟ ਤੋਂ ਬਾਹਰ ਆ ਕੇ ਟੈਕਸੀ ਕੀਤੀ ਤੇ ਘਰ ਪਹੁੰਚ ਗਏ। ਕਹਾਣੀ ਦਾ ਅੰਤ ਜੇਕਰ ਸੁਖਾਵਾਂ ਹੋਵੇ ਤਾਂ ਦੁਸ਼ਵਾਰੀਆਂ ਸੰਘਰਸ਼ ਹੱਥੋਂ ਹਾਰੀ ਹੋਈ ਬਾਜ਼ੀ ਹੁੰਦੀਆਂ ਹਨ। ਦੁਸ਼ਵਾਰੀਆਂ ਤੋਂ ਸੱਖਣੇ ਸੰਘਰਸ਼ਾਂ ਦੀ ਕੋਈ ਗੱਲ ਵੀ ਨਹੀਂ ਕਰਦਾ। ਉਨ੍ਹਾਂ ਦਾ ਕੋਈ ਇਤਿਹਾਸ ਵੀ ਨਹੀਂ ਹੁੰਦਾ। ਜੀਵਨ ਦੇ ਹਰ ਵਰਤਾਰੇ ਵਿਚ ਜੇਕਰ ਸੰਘਰਸ਼ ਦਾ ਜਜ਼ਬਾ ਸ਼ਾਮਲ ਕਰ ਲਿਆ ਜਾਵੇ ਤਾਂ ਜੀਵਨ ਉਤਸ਼ਾਹੀ ਹੋ ਜਾਂਦਾ ਹੈ ਅਤੇ ਔਕੜਾਂ ਕਮਜ਼ੋਰ ਪੈਣ ਲੱਗਦੀਆਂ ਹਨ। ਮੌਨਟਰੀਅਲ ਏਅਰਪੋਰਟ 'ਤੇ ਲਏ ਸੈਂਪਲਾਂ ਦੀ ਰਿਪੋਰਟ ਦੱਸਦੀ ਸੀ ਕਿ ਸਾਨੂੰ ਦਸ ਦਿਨ ਘਰ ਅੰਦਰ ਕੁਆਰਨਟੀਨ ਕਰਨਾ ਪਵੇਗਾ। ਕੋਰੋਨਾ ਦਾ ਡਰ ਅਜੇ ਸਾਡਾ ਅੰਗ-ਸੰਗ ਸੀ। ਉਂਝ ਬਰੈਂਪਟਨ ਦਾ ਮੌਸਮ ਦੱਸਦਾ ਹੈ ਕਿ ਸਾਨੂੰ ਅਜੇ ਮਹੀਨਾ ਹੋਰ ਘਰ ਅੰਦਰ ਹੀ ਰਹਿਣਾ ਪੈਣਾ ਹੈ। ਇਸ ਸਫ਼ਰ ਦੌਰਾਨ ਹੋਈ ਖੱਜਲ-ਖੁਆਰੀ ਸ਼ਾਇਦ ਸਿਸਟਮ ਦਾ ਪਰੋਟੋਕੋਲ ਹੋਵੇ। ਪਰ ਆਮ ਬੰਦੇ ਲਈ ਇਹ ਡਾਹਢੀ ਪ੍ਰੇਸ਼ਾਨੀ ਹੈ। ਕੈਨੇਡਾ ਲਈ ਪੰਜਾਬ ਤੋਂ ਤੁਰੇ ਬੰਦੇ ਦੇ ਇੱਕ ਮੋਢੇ 'ਤੇ ਘਰ ਹੁੰਦਾ ਹੈ ਦੂਜੇ 'ਤੇ ਡਰ। ਮਾਵਾਂ ਦੀ ਮਮਤਾ ਕੋਲ ਵੱਧ ਤੋਂ ਵੱਧ ਸਮਾਨ ਪੰਜਾਬ ਤੋਂ ਕੈਨੇਡਾ ਧੀਆਂ ਪੁੱਤਾਂ ਕੋਲ ਪਹੁੰਚਾਉਣ ਦੀ ਲਾਲਸਾ ਵੀ ਕਈ ਪ੍ਰੇਸ਼ਾਨੀਆਂ ਪੈਦਾ ਕਰਦੀ ਹੈ। ਚੁਣੌਤੀਪੂਰਣ ਇਨ੍ਹਾਂ ਸਮਿਆਂ

ਅੰਦਰ ਦੋ ਸਾਲ ਸਫ਼ਰ ਟਾਲਦੇ ਰਹੇ ਸਾਂ। ਦੋਸਤੋ! ਪੂੰਜੀਪਤੀ ਨਿਜ਼ਾਮ ਦਾ ਪਰੋਟੋਕੋਲ ਆਪਣੀ ਥਾਂ, ਆਪਾਂ ਸਫ਼ਰ 'ਤੇ ਨਿਕਲਣ ਲੱਗਿਆਂ ਕੁਝ ਗੱਲਾਂ ਦਾ ਖ਼ਿਆਲ ਜ਼ਰੂਰ ਰੱਖਿਆ ਕਰੀਏ ਤਾਂ ਜੋ ਖੱਜਲ-ਖੁਆਰੀ ਘਟਾਈ ਜਾ ਸਕੇ, ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕੇ। ਸਫ਼ਰ ਸੁਹਾਵਣਾ ਹੋਵੇ ਤੁਹਾਡਾ, ਇਹ ਅਸੀਸ ਹਰ ਵੇਲੇ ਸਾਡੇ ਅੰਗ-ਸੰਗ ਰਹੇ। ਅਗਲੇ ਸਫ਼ਰ ਦੇ ਕੁਝ ਸੁਖਦ ਚੇਤੇ ਤੁਹਾਡੇ ਨਾਲ ਸਾਂਝੇ ਕਰਾਂਗਾ। ਇਸ ਵਾਅਦੇ ਨਾਲ ਵਿਦਾਇਗੀ ਲੈਂਦਾ ਹਾਂ।

✿

# ਸੁਪਨੇ ਅੰਦਰ ਬੈਠੇ ਡਰ

ਮਹੀਨੇ ਦਾ ਆਖਰੀ ਐਤਵਾਰ ਸੀ। ਬਰੈਂਪਟਨ ਵਿਚ ਸਰਗਰਮ ਸਾਹਿਤਕ ਸੰਸਥਾਵਾਂ ਵਿਚੋਂ ਇੱਕ ਦੀ ਅੱਜ ਮਹੀਨਾਵਾਰ ਮੀਟਿੰਗ ਸੀ। ਭਰਵਾਂ ਕਵੀ-ਦਰਬਾਰ ਹੋਣਾ ਸੀ। ਮੈਨੂੰ ਵੀ ਆਪਣੀਆਂ ਕਵਿਤਾਵਾਂ ਪੜ੍ਹਨ ਦਾ ਮੌਕਾ ਮਿਲਣਾ ਸੀ। ਅੱਜ ਇਸੇ ਹੀ ਸਮੇਂ ਪੰਜਾਬ ਚੈਰਿਟੀ, ਪੀ.ਐਸ.ਏ. ਲਿੰਕਨ ਅਤੇ ਹੋਰ ਸੰਸਥਾਵਾਂ ਵੱਲੋਂ ਪੰਜਾਬੀ ਲਿਖਾਈ ਮੁਕਾਬਲੇ ਕਰਵਾਏ ਜਾਣੇ ਹਨ। ਮੇਰੀ ਦਿਲਚਸਪੀ ਉਥੇ ਜਾਣ ਦੀ ਹੈ। ਇਹ ਮੁਕਾਬਲੇ ਪਿਛਲੇ ਤੇਰਾਂ ਸਾਲਾਂ ਤੋਂ ਕਰਵਾਏ ਜਾ ਰਹੇ ਹਨ। ਅਪ੍ਰੈਲ ਦੇ ਮਹੀਨੇ ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਨਵੰਬਰ 'ਚ ਪੰਜਾਬੀ ਲਿਖਾਈ ਮੁਕਾਬਲੇ। ਇਨ੍ਹਾਂ ਮੁਕਾਬਲਿਆਂ ਵਿਚ ਨਰਸਰੀ ਕੇ.ਜੀ. ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੇ ਵਿਦਿਆਰਥੀ ਭਾਗ ਲੈਂਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਉਮਰ ਦੇ ਵਿਅਕਤੀ ਭਾਵ ਮੇਰੇ ਵਰਗੇ ਵੀ ਮੁਕਾਬਲੇ ਵਿਚ ਭਾਗ ਲੈ ਸਕਦੇ ਹਨ। ਇਹ ਮੁਕਾਬਲੇ ਇਥੇ ਜੰਮੇ-ਪਲੇ ਬੱਚਿਆਂ ਨੂੰ ਆਪਣੀ ਮਾਂ-ਬੋਲੀ ਅਤੇ ਆਪਣੇ ਸੱਭਿਆਚਾਰ ਨਾਲ ਜੋੜੇ ਰੱਖਣ ਲਈ ਵੀ ਕਰਵਾਏ ਜਾਂਦੇ ਹਨ। ਕੈਨੇਡਾ ਵਿਚ ਅਜਿਹੇ ਮੁਕਾਬਲੇ ਹੋਣੇ ਪੰਜਾਬੋਂ ਆਏ ਬੰਦੇ ਲਈ ਹੈਰਾਨ ਕਰਨ ਵਾਲਾ ਵਰਤਾਰਾ ਹੈ। ਦੂਜਾ ਇਸ ਮੁਕਾਬਲੇ ਦੇ ਵਿਸ਼ੇ ਮੇਰੀ ਦਿਲਚਸਪੀ ਦਾ ਕਾਰਣ ਬਣਦੇ ਹਨ। ਬੁਲਿੰਗ ਅਤੇ ਡਰੱਗਜ਼ ਭਾਵ ਸਕੂਲ ਦੇ ਬੱਚਿਆਂ ਵਿਚ ਇੱਕ ਦੂਜੇ ਨੂੰ ਡਰਾਉਣ ਧਮਕਾਉਣ ਦੀ ਸਮੱਸਿਆ ਅਤੇ ਨਸ਼ਿਆਂ ਦੀ ਸਮੱਸਿਆ। ਕੈਨੇਡਾ ਵਿਚਲੇ ਸਕੂਲਾਂ ਵਿਚ ਅਜਿਹੀਆਂ ਸਮੱਸਿਆਵਾਂ ਬਾਰੇ ਸੁਣ ਕੇ ਪੰਜਾਬੀ ਬੰਦੇ ਨੂੰ ਸਦਮਾ ਲੱਗਣਾ ਸੁਭਾਵਕ ਹੈ। ਉਨ੍ਹਾਂ ਮਾਪਿਆਂ ਲਈ ਇਹ ਹੋਰ ਵੀ ਵੱਡੇ ਫਿਕਰ ਵਾਲੀ ਗੱਲ ਹੈ ਜਿਨ੍ਹਾਂ ਦੇ ਬੱਚਿਆਂ ਨੇ ਪੱਕੇ ਤੌਰ 'ਤੇ ਇਥੈ ਵੱਸਣ ਦਾ ਫੈਸਲਾ ਕਰ ਲਿਆ ਹੈ। ਬੁਲਿੰਗ ਇਵੇਂ ਹੀ ਹੈ ਜਿਵੇਂ ਭਾਰਤ ਵਿਚ ਰੈਗਿੰਗ। ਪਰ ਫ਼ਰਕ ਹੈ। ਰੈਗਿੰਗ ਸੈਸ਼ਨ ਦੇ ਸ਼ੁਰੂ ਵਿਚ ਹੁੰਦੀ ਹੈ ਜਦਕਿ ਬੁਲਿੰਗ ਸਾਰਾ ਸਾਲ ਚਲਦੀ ਹੈ। ਇਸ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਵਿੱਦਿਅਕ ਮੁਕਾਬਲਿਆਂ ਵਿਚ ਇਸ ਸਮੱਸਿਆ ਨੂੰ ਵਿਸ਼ਾ ਬਣਾਇਆ ਜਾ ਰਿਹਾ ਹੈ। ਦਹਾਕਿਆਂ ਤੋਂ ਇਥੇ ਵੱਸਦੇ ਲੋਕਾਂ ਨਾਲ ਗੱਲਬਾਤ ਕਰਕੇ ਪਤਾ ਲੱਗਾ ਕਿ ਕਈ ਵਾਰ ਇਹ ਨੌਬਤ ਵੀ ਆਉਂਦੀ ਹੈ ਕਿ ਬੱਚਾ ਸਕੂਲ ਜਾਣ ਤੋਂ ਮਨ੍ਹਾ ਕਰ ਦਿੰਦਾ ਹੈ। ਕੁਝ ਬੱਚਿਆਂ ਵੱਲੋਂ ਖ਼ੁਦਖੁਸ਼ੀ ਕਰਨ ਵਰਗਾ ਯਤਨ ਕੀਤੇ ਜਾਣ ਦਾ ਪਤਾ ਵੀ ਲੱਗਾ। ਮੁਕਾਬਲੇ ਦੌਰਾਨ ਵੀ ਕੁਝ ਬੱਚਿਆਂ

ਨੇ ਆਪਣੇ ਸੰਖੇਪ ਲੇਖ ਵਿਚ ਕੁਝ ਹੈਰਾਨੀਜਨਕ ਤੱਥ ਸਾਂਝੇ ਕੀਤੇ ਹਨ। ਸੜਕਾਂ 'ਤੇ ਦੌੜਦੀ ਜ਼ਿੰਦਗੀ ਦੀ ਚਕਾਚੌਂਧ ਤੋਂ ਦੂਰ ਇੱਥੇ ਵੱਸਦੇ ਮਾਪਿਆਂ ਤੇ ਬੱਚਿਆਂ ਦੇ ਮਨਾਂ 'ਚ ਅਜਿਹੇ ਸੰਸੇ ਤੇ ਡਰ ਵੀ ਬੈਠੇ ਹਨ। ਇਹ ਡਰ ਦੂਰ ਕਰਨ ਲਈ ਇਥੋਂ ਦਾ ਪ੍ਰਸ਼ਾਸਨ ਆਵੇਸਲਾ ਲੱਗਦਾ ਹੈ। ਇਹ ਵੱਡੇ ਫ਼ਿਕਰ ਹਨ। ਵਿੱਦਿਅਕ ਮੁਕਾਬਲਿਆਂ ਵਿਚ ਅਜਿਹੇ ਫ਼ਿਕਰ ਨੂੰ ਵਿਚਾਰਿਆ ਜਾਣਾ ਸ਼ਲਾਘਾਯੋਗ ਉਪਰਾਲਾ ਕਿਹਾ ਜਾਣਾ ਚਾਹੀਦਾ ਹੈ। ਦੂਜਾ ਵੱਡਾ ਫ਼ਿਕਰ ਨਸ਼ਿਆਂ ਦਾ ਹੈ। ਸਾਨੂੰ ਪੰਜਾਬ 'ਚ ਬੈਠਿਆਂ ਨੂੰ ਲੱਗਦਾ ਹੈ ਕਿ ਸ਼ਾਇਦ ਨਸ਼ਿਆਂ ਦਾ ਕਾਰੋਬਾਰ ਇਥੇ ਹੀ ਹੁੰਦਾ ਹੈ। ਪਰ ਇਥੇ ਆ ਕੇ ਇਸ ਦਾ ਹੋਰ ਵੀ ਭਿਆਨਕ ਰੂਪ ਵੇਖਣ ਸੁਣਨ ਨੂੰ ਮਿਲਿਆ। ਇਥੋਂ ਦੇ ਸਰਕਾਰੀ ਸਕੂਲ਼ਾਂ ਵਿਚ, ਜਿੰਨ੍ਹਾਂ ਨੂੰ ਪਬਲਿਕ ਸਕੂਲ ਕਹਿੰਦੇ ਹਨ, ਇਹ ਬੁਰਾਈ ਤੇਜ਼ੀ ਨਾਲ ਫੈਲ ਰਹੀ ਹੈ। ਇਨ੍ਹਾਂ ਸਕੂਲਾਂ ਵਿਚ ਬੱਚਿਆਂ ਦੀ ਪੜ੍ਹਾਈ ਮੁਫ਼ਤ ਹੈ। ਪਰ ਇਨ੍ਹਾਂ ਅਲਾਮਤਾਂ ਤੋਂ ਡਰਦਿਆਂ ਕੁਝ ਸਰਦੇ ਪੁੱਜਦੇ ਤੇ ਜਾਗਰੂਕ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਾਉਂਦੇ ਹਨ। ਪ੍ਰਾਈਵੇਟ ਸਕੂਲਾਂ ਵਿਚ ਮਾਪਿਆਂ ਨੂੰ ਮੋਟੀਆਂ ਫੀਸਾਂ ਉਤਾਰਨੀਆਂ ਪੈਂਦੀਆਂ ਹਨ। ਪਰ ਮਨ ਵਿਚ ਇੱਕ ਤਸੱਲੀ ਤਾਂ ਹੁੰਦੀ ਹੈ ਕਿ ਸਾਡਾ ਬੱਚਾ ਬੁਲਿੰਗ, ਡਰੱਗਜ਼ ਤੋਂ ਬਚਿਆ ਰਹੇਗਾ। ਇਨ੍ਹਾਂ ਸਕੂਲਾਂ ਦੇ ਵਿਦਿਆਰਥੀਆਂ ਦੀ ਇੱਕ ਯੂਨੀਫ਼ਾਰਮ ਹੈ। ਸਕੂਲੋਂ ਬਾਹਰ ਫਿਰਦਾ ਬੱਚਾ ਝੱਟ ਤੁਹਾਡੇ ਧਿਆਨ ਵਿਚ ਆ ਜਾਂਦਾ ਹੈ। ਸਰਕਾਰੀ ਸਕੂਲਾਂ ਦੀ ਕੋਈ ਵਰਦੀ ਨਹੀਂ। ਬੱਚੇ ਰੰਗ-ਬਰੰਗੇ ਕੱਪੜੇ ਪਾ ਕੇ ਸਕੂਲ ਆਉਂਦੇ ਹਨ। ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਲੋਕ ਇਨ੍ਹਾਂ ਬੱਚਿਆਂ ਅੰਦਰ ਆਪਣੇ ਸੈੱਲ ਸਥਾਪਤ ਕਰ ਲੈਂਦੇ ਹਨ। ਅਧਿਆਪਕਾਂ ਕੋਲ ਬੱਚਿਆਂ ਨਾਲ ਸਖਤੀ ਕਰਨ ਦੇ ਅਧਿਕਾਰ ਨਹੀਂ ਹਨ। ਕੁਝ ਮੈਨੂੰ ਲੱਗਦਾ ਇਥੇ ਅਧਿਆਪਕ ਅਜਿਹੀਆਂ ਗੱਲਾਂ ਦੀ ਅਣਦੇਖੀ ਵੀ ਕਰਦੇ ਹਨ। ਕਾਰਣ ਇਥੇ ਬੱਚਿਆਂ ਦੀ ਸੁਣਵਾਈ ਬੜੀ ਜਲਦੀ ਹੁੰਦੀ ਹੈ। ਇੰਝ ਡਰੱਗਜ਼ ਇਥੇ ਪੜ੍ਹਦੇ ਬੱਚਿਆਂ ਦੇ ਮਾਪਿਆਂ ਦੀ ਇੱਕ ਵੱਡੀ ਚਿੰਤਾ ਬਣੀ ਹੈ। ਇੱਕ ਵਾਕਿਆ ਤੁਹਾਡੇ ਨਾਲ ਸਾਂਝਾ ਕਰਦਾ ਹਾਂ। ਸ਼ਾਮ ਵੇਲੇ ਮੈਂ ਇੱਕ ਪਾਰਕ ਵਿੱਚ ਘੁੰਮ ਰਿਹਾ ਸਾਂ। ਤਿੰਨ ਗੋਰੇ ਲੜਕੇ ਟੱਕਰੇ ਜਿਹੜੇ ਸਮੋਕਿੰਗ ਕਰ ਰਹੇ ਸਨ। ਉਨ੍ਹਾਂ 'ਚੋਂ ਇੱਕ ਕਹਿੰਦਾ, 'ਓਲਡ ਮੈਨ, ਵੁਡ ਯੂ ਲਾਈਕ ਸ਼ੂਟਾ'। ਸ਼ੂਟਾ ਸ਼ਬਦ ਕਈ ਓਹਲੇ ਬੇਪਰਦ ਕਰਦਾ ਸੀ। ਪਹਿਲਾਂ ਤਾਂ ਦਿਲ ਕੀਤਾ ਇਸ ਨੂੰ ਜਵਾਬ ਦੇਵਾਂ। ਜਿੰਨੀ ਕੁ ਅੰਗਰੇਜ਼ੀ ਆਉਂਦੀ ਹੈ ਉਸ ਨਾਲ ਇਸ ਦੀ ਲਾਹ-ਪਾਹ ਕਰਾਂ। ਫਿਰ ਸੋਚਿਆ ਪਾਰਕ ਵਿਚ ਮੈਂ ਇਕੱਲਾ ਈ ਹਾਂ, ਛੱਡ ਪਰਾਂ। ਨੋ ਥੈਂਕਸ ਕਹਿ ਕੇ ਮੈਂ ਅੱਗੇ ਚਲਾ ਗਿਆ। ਪਿੱਛੇ ਉਨ੍ਹਾਂ ਦਾ ਹਾਸਾ ਮੇਰੇ ਅੰਦਰ ਕਟਾਰ ਵਾਂਗ ਲਹਿ ਗਿਆ। ਕੀ ਇਹ ਨਸਲੀ ਟਿੱਪਣੀ ਸੀ ? ਪਿਛਲੇ ਤਿੰਨਾਂ ਮਹੀਨਿਆਂ ਦੌਰਾਨ ਗੋਰਿਆਂ ਵੱਲੋਂ ਮਿਲੀ ਹੈਲੋ-ਹਾਏ ਨੇ ਇਹ ਖ਼ਿਆਲ ਵੀ ਮਨ ਵਿਚੋਂ ਕੱਢ ਦਿੱਤਾ। ਪਰ ਬਹੁ-ਕੌਮੀ ਸੱਭਿਅਤਾ ਵਾਲਾ ਇਹ ਦੇਸ਼ ਰੇਸਿਜਮ ਤੋਂ ਬਚਿਆ ਵੀ ਨਹੀਂ

ਹੈ। ਇਥੇ ਇੱਕ ਗੱਲ ਆਮ ਪ੍ਰਚੱਲਿਤ ਹੈ ਕਿ ਇਥੇ ਮਿਲਦੇ ਪੰਛੀਆਂ ਵਿੱਚ ਗੂੰਜ ਕਾਲੇ ਰੰਗ ਦੇ ਹਨ, ਸਿੰਗਲ ਚਿੱਟੇ ਅਤੇ ਸਵੈਨ ਭੂਰੇ ਰੰਗ ਦੇ। ਇਹ ਤਿੰਨੇ ਪੰਛੀ ਅਲੱਗ-ਅਲੱਗ ਆਪਣੇ ਝੁੰਡਾਂ ਵਿਚ ਰਹਿੰਦੇ ਹਨ। ਆਪਸ ਵਿਚ ਘੁਲਦੇ ਮਿਲਦੇ ਨਹੀਂ। ਭੂਰਾ ਰੰਗ ਇਥੇ ਵੱਸਦੇ ਸਾਊਥ ਏਸ਼ੀਅਨਾਂ ਦਾ ਹੈ।

ਇਸ ਸਮਾਗਮ ਵਿਚ ਸ਼ਾਮਿਲ ਹੋ ਕੇ ਇੱਕ ਤਸੱਲੀ ਜ਼ਰੂਰ ਮਿਲੀ। ਛੋਟੇ-ਛੋਟੇ ਬੱਚੇ ਸਟੇਜ 'ਤੇ ਖਲੋ ਕੇ ਸ਼ਬਦ-ਗਾਇਣ ਕਰ ਰਹੇ ਸਨ। ਕੁਝ ਬੱਚਿਆਂ ਨੇ ਗੁਰੂ-ਬਾਣੀ ਦਾ ਪਾਠ ਜ਼ੁਬਾਨੀ ਕੀਤਾ। ਪੰਜਾਬੀ ਗੀਤ ਅਤੇ ਗਿੱਧੇ, ਭੰਗੜੇ ਦੀਆਂ ਆਈਟਮਾਂ ਵੀ ਪ੍ਰਭਾਵਿਤ ਕਰਦੀਆਂ ਸਨ। ਜਾਪਿਆ ਇਸ ਨਵੀਂ ਪੀੜ੍ਹੀ ਨੇ ਆਪਣੀ ਮਾਂ-ਬੋਲੀ, ਆਪਣੇ ਸੱਭਿਆਚਾਰ ਨੂੰ ਸਾਂਭ ਲੈਣਾ ਹੈ। ਡਰੱਗਜ਼ ਅਤੇ ਬੁਲਿੰਗ ਵਰਗੇ ਫ਼ਿਕਰ ਇਨ੍ਹਾਂ ਦੀ ਚੇਤਨਾ ਦਾ ਹਿੱਸਾ ਬਣ ਰਹੇ ਹਨ। ਪਰ ਸੁਰਾਖ਼ ਹਰ ਸਿਸਟਮ ਅੰਦਰ ਹੁੰਦੇ ਹਨ। ਸੁਰਜੀਤ ਪਾਤਰ ਦਾ ਇੱਕ ਸ਼ੇਅਰ ਹੈ ਨਾ ਕਿ 'ਐਸਾ ਕੋਈ ਨਿਜ਼ਾਮ ਨਹੀਂ ਯਾਰੋ, ਜਿਸ ਵਿਚ ਸੂਲੀ ਦਾ ਇੰਤਜ਼ਾਮ ਨਾ ਹੋਵੇ'। ਵਿਪਰੀਤ ਵਰਤਾਰਿਆਂ ਨਾਲ ਸਿੰਝਣ ਦੀ ਲੋੜ ਹਰ ਯੁੱਗ ਅੰਦਰ ਰਹੀ ਹੈ। ਇਥੇ ਵੀ ਲੋਕ ਜੂਝ ਰਹੇ ਹਨ। ਜੂਝਦੇ ਲੋਕ ਹੀ ਮੰਜ਼ਿਲਾਂ 'ਤੇ ਪਰਚਮ ਲਹਿਰਾਉਂਦੇ ਹਨ। ਸੁਪਨੇ ਆਉਂਦੇ ਵੀ ਰਹਿਣਗੇ ਅਤੇ ਸਾਕਾਰ ਵੀ ਹੋਣਗੇ। ਡਰ 'ਤੇ ਕਾਬੂ ਪਾ ਕੇ ਹੀ ਇਤਿਹਾਸ ਦੇ ਅਗਲੇ ਪੰਨੇ ਲਿਖੇ ਜਾਂਦੇ ਹਨ।

# ਟੋਰਾਂਟੋ (ਕੈਨੇਡਾ) ਵਿਚ ਸਾਹਿਤ ਸਭਾਵਾਂ, ਪੰਜਾਬੀ ਭਾਈਚਾਰਾ ਅਤੇ ਮੀਡੀਆ

**ਬਰੈਂਪਟਨ ਦਾ ਸਾਹਿਤਕ ਮਾਹੌਲ ਤੇ ਮੀਡੀਆ:** ਮੈਂ ਬਰੈਂਪਟਨ ਸ਼ਹਿਰ ਵਿੱਚ ਰਹਿ ਰਿਹਾ ਹਾਂ। ਇਹ ਕੈਨੇਡਾ ਦੇ ਵੱਡੇ ਤੇ ਮਸ਼ਹੂਰ ਸ਼ਹਿਰ ਟੋਰਾਂਟੋ ਦੇ ਨਾਲ ਲੱਗਦੇ ਸ਼ਹਿਰਾਂ 'ਚੋਂ ਇੱਕ ਹੈ। ਮਿਸੀਸਾਗਾ, ਹਮਿਲਟਨ, ਈਟੋਬੀਕੋ ਤੇ ਓਕਵਿਲ ਸਮੇਤ ਕੋਈ ਅੱਧੀ ਦਰਜਨ ਹੋਰ ਸ਼ਹਿਰ ਹਨ ਜੋ ਟੋਰਾਂਟੋ ਦੇ ਨਾਲ ਲੱਗਦੇ ਹਨ। ਪਰ ਜਦੋਂ ਪੰਜਾਬੀ ਸਾਹਿਤ ਨਾਲ ਸੰਬੰਧਤ ਸਰਗਰਮੀਆਂ ਦੀ ਗੱਲ ਚਲਦੀ ਹੈ ਤਾਂ ਇਹ ਸਭ ਤੋਂ ਵੱਧ ਬਰੈਂਪਟਨ ਵਿੱਚ ਹੁੰਦੀਆਂ ਹਨ। ਸਭ ਤੋਂ ਵੱਧ ਸਾਹਿਤ ਸਭਾਵਾਂ ਵੀ ਇੱਥੇ ਹਨ। ਕਲਮਾਂ ਦਾ ਕਾਫਲਾ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ, ਗੀਤ ਗਜ਼ਲ ਸ਼ਾਇਰੀ, ਲਿਟਰੇਰੀ ਰਿਫਲੈਕਸ਼ਨਜ, ਅਸੀਸ ਮੰਚ, ਰਾਮਗੜ੍ਹੀਆ ਸਾਹਿਤ ਸਭਾ ਸਮੇਤ ਕੁਝ ਹੋਰ ਸੰਸਥਾਵਾਂ ਵੀ ਹਨ ਜਿਹੜੇ ਤਕਰੀਬਨ ਹਰ ਮਹੀਨੇ ਸਮਾਗਮ ਕਰਦੇ ਹਨ। ਇਨ੍ਹਾਂ ਸਮਾਗਮਾਂ ਵਿੱਚ ਜਿੱਥੇ ਪੰਜਾਬ ਤੋਂ ਗਏ ਲੇਖਕਾਂ ਨਾਲ ਰੂਬਰੂ ਕਰਵਾਏ ਜਾਂਦੇ ਹਨ, ਕਿਤਾਬਾਂ ਦੀ ਰਹਿ-ਨੁਮਾਈ ਕੀਤੀ ਜਾਂਦੀ ਹੈ, ਕਵੀ ਦਰਬਾਰ ਕਰਵਾਏ ਜਾਂਦੇ ਹਨ, ਉਥੇ ਕਿਸੇ ਵਿਦਵਾਨ ਦਾ ਕਿਸੇ ਵਿਸ਼ੇ-ਵਿਸ਼ੇਸ਼ ਉਪਰ ਭਾਸ਼ਣ ਕਰਵਾਉਣ ਅਤੇ ਸੰਵਾਦ ਰਚਾਉਣ ਵਰਗੇ ਉਪਰਾਲੇ ਵੀ ਕੀਤੇ ਜਾਂਦੇ ਹਨ। ਪੰਜਾਬੀ ਦੇ ਸਭ ਤੋਂ ਵੱਧ ਲੇਖਕ, ਵਿਦਵਾਨ ਵੀ ਕੈਨੇਡਾ ਦੇ ਇਸ ਹਿੱਸੇ ਵਿੱਚ ਵੱਸਦੇ ਹਨ। ਵਰਿਆਮ ਸੰਧੂ, ਪਿੰ.ਸਰਵਣ ਸਿੰਘ, ਕਹਾਣੀਕਾਰ ਜਰਨੈਲ ਸਿੰਘ, ਮੇਜਰ ਮਾਂਗਟ, ਕੁਲਜੀਤ ਮਾਨ, ਸ਼ਾਇਰਾ ਸੁਰਜੀਤ, ਜਗੀਰ ਸਿੰਘ ਕਾਹਲੋਂ, ਸੁਖਦੇਵ ਸਿੰਘ ਝੰਡ, ਤਲਵਿੰਦਰ ਮੰਡ, ਪਰਮਜੀਤ ਦਿਓਲ, ਹਰਦਿਆਲ ਸਿੰਘ ਝੀਤਾ, ਭੁਪਿੰਦਰ ਦੂਲੇ, ਕੁਲਵਿੰਦਰ ਖਹਿਰਾ, ਸ਼ਾਇਰ ਉਂਕਾਰਪ੍ਰੀਤ ਸਮੇਤ ਮੈਂ ਜਿੰਨੇ ਮਰਜੀ ਹੋਰ ਨਾਂ ਸ਼ਾਮਲ ਕਰ ਲਵਾਂ, ਮੈਨੂੰ ਪਤਾ ਕੁਝ ਨਾਂ ਰਹਿ ਹੀ ਜਾਣੇ ਹਨ। ਇਹ ਸਭ ਇਥੋਂ ਦੀਆਂ ਸਾਹਿਤ ਸਭਾਵਾਂ ਵਿੱਚ ਅਹੁੱਦੇਦਾਰ ਵੀ ਹਨ ਅਤੇ ਇਨ੍ਹਾਂ ਦੀ ਰੂਹੇ-ਰਵਾਂ ਵੀ। ਇਥੋਂ ਕੋਈ ਇੱਕ ਦਰਜਨ ਪੰਜਾਬੀ ਅਖਬਾਰਾਂ ਵੀ ਛਪਦੀਆਂ ਹਨ। ਇਨ੍ਹਾਂ ਵਿਚੋਂ ਸਿੱਖ ਸਪੋਕਸਮੈਨ, ਪਰਵਾਸੀ, ਹਮਦਰਦ, ਅਜੀਤ, ਪੰਜਾਬ ਸਟਾਰ, ਪੰਜਾਬੀ ਆਵਾਜ਼, ਪੰਜਾਬੀ ਪੋਸਟ, ਖਬਰਨਾਮਾ ਆਦਿ ਪ੍ਰਮੁੱਖ ਹਨ। ਉਰਦੂ, ਹਿੰਦੀ ਅੰਗਰੇਜ਼ੀ ਵਿਚ ਵੀ ਅਖਬਾਰਾਂ ਛਪਦੀਆਂ ਹਨ। ਕੁਝ ਟੀ.ਵੀ.ਚੈਨਲ ਵੀ ਹਨ ਜਿਹੜੇ ਖਬਰਾਂ ਦੇ ਨਾਲ ਨਾਲ ਸਾਹਿਤਕ ਸਰਗਰਮੀਆਂ ਦੀ ਵਿਸ਼ੇਸ਼ ਤੌਰ 'ਤੇ

ਕਵਰਿਜ ਕਰਦੇ ਹਨ। ਪੀ.ਟੀ.ਐੱਨ 24, ਹਮਦਰਦ ਚੈਨਲਾਂ ਉਪਰ ਬਕਾਇਦਗੀ ਨਾਲ ਲੇਖਕਾਂ ਨਾਲ ਸੰਵਾਦ ਰਚਾਏ ਜਾਂਦੇ ਹਨ। ਪੰਜਾਬ ਤੋਂ ਗਏ ਲੇਖਕ, ਕਵੀ ਨੂੰ ਸਾਹਿਤਕ ਸਮਾਗਮਾਂ ਤੋਂ ਬਾਅਦ ਚੈਨਲਾਂ ਉਪਰ ਵੀ ਵਿਸ਼ੇਸ਼ ਸਤਿਕਾਰ ਦਿੱਤਾ ਜਾਂਦਾ ਹੈ। ਚੈਨਲ ਹੋਰ ਵੀ ਬੜੇ ਹਨ ਪਰ ਸਾਹਿਤ ਲਈ ਉਹ ਸਮਾਂ ਘੱਟ ਹੀ ਕੱਢਦੇ ਹਨ। ਅਖਬਾਰਾਂ ਸਾਰੀਆਂ ਮੁਫ਼ਤ ਮਿਲਦੀਆਂ ਹਨ। ਗੁਰਦੁਆਰੇ ਅਤੇ ਹੋਰ ਪਬਲਿਕ ਸਥਾਨਾਂ ਉਪਰ ਅਖ਼ਬਾਰਾਂ ਰੱਖ ਦਿੱਤੀਆਂ ਜਾਂਦੀਆਂ ਹਨ। ਖਬਰਾਂ ਬਹੁਤੀਆਂ ਪੰਜਾਬ ਵਿੱਚ ਛਪਦੀਆਂ ਅਖ਼ਬਾਰਾਂ ਵਿਚੋਂ ਹੀ ਕਾਪੀ ਪੇਸਟ ਕੀਤੀਆਂ ਹੁੰਦੀਆਂ ਹਨ। ਹੋਰ ਸਮੱਗਰੀ ਵੀ ਬਹੁਤੀ ਮਿਆਰੀ ਨਹੀਂ ਹੁੰਦੀ। ਸਧਾਰਣ ਪੱਧਰ ਦੇ ਲੇਖ ਜਾਂ ਹੋਰ ਰਚਨਾਵਾਂ ਵੀ ਪੁਰਾਣੀਆਂ ਹੀ ਹੁੰਦੀਆਂ ਹਨ। ਕਵਿਤਾਵਾਂ, ਕਹਾਣੀਆਂ ਵਲੋਂ ਤਾਂ ਹਾਲਾਤ ਹੋਰ ਵੀ ਤਰਸਯੋਗ ਹੈ। ਕਿਉਂਕਿ ਅਖ਼ਬਾਰਾਂ ਇਸ਼ਤਿਹਾਰਾਂ ਦੀ ਕਮਾਈ ਨਾਲ ਚੱਲਦੀਆਂ ਹਨ। ਇਸ ਲਈ ਇਹ ਧੰਦਾ ਵੀ ਮੁਨਾਫ਼ਾ ਕਮਾਉਣ ਤਕ ਸੀਮਤ ਲੱਗਦਾ ਹੈ। ਭਾਈਚਾਰੇ ਦੀਆਂ ਸਮੱਸਿਆਵਾਂ ਨੂੰ, ਸਟੱਡੀ ਵੀਜ਼ੇ 'ਤੇ ਪੜ੍ਹਨ ਆਏ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਨੂੰ ਬਹੁਤੀ ਗੰਭੀਰਤਾ ਨਹੀਂ ਲਿਆ ਜਾਂਦਾ। ਬੜਾ ਕੁਝ ਬੇਤਰਤੀਬਾ ਵਾਪਰ ਰਿਹਾ ਹੈ ਜਿਸ ਲਈ ਸਾਡਾ ਆਪਣਾ ਪੰਜਾਬੀ ਭਾਈਚਾਰਾ ਵੀ ਜ਼ਿੰਮੇਵਾਰ ਹੈ ਤੇ ਇਥੋਂ ਦਾ ਰਾਜਨੀਤਕ ਸਿਸਟਮ ਵੀ। ਅਖਬਾਰਾਂ ਲਈ ਇਹ ਮੁੱਦੇ ਨਹੀਂ ਹਨ ਸਿਰਫ ਖ਼ਬਰਾਂ ਹਨ। ਕੁਝ ਰੇਡੀਓ ਸਟੇਸ਼ਨ ਵੀ ਚਲਦੇ ਹਨ। ਇਨ੍ਹਾਂ ਉਪਰ ਵੀ ਇਮੀਗਰੇਸ਼ਨ ਨਾਲ ਜੁੜੇ ਦਲਾਲਾਂ ਅਤੇ ਰੀਅਲਅਸਟੇਟ ਦੀ ਇਸ਼ਤਿਹਾਰ ਨੁਮਾ ਗੱਲਬਾਤ ਹੀ ਸੁਣਨ ਨੂੰ ਮਿਲਦੀ ਹੈ। ਹਾਂ ਕੁਝ ਲੋਕਾਂ ਨੂੰ ਰੁਜ਼ਗਾਰ ਤੇ ਆਹਰ ਜ਼ਰੂਰ ਮਿਲਿਆ ਹੋਇਆ ਹੈ। ਪੰਜਾਬੀ ਭਾਈਚਾਰੇ ਲਈ ਮੀਡੀਆ ਕੋਈ ਵਿਸ਼ੇਸ਼ ਯੋਗਦਾਨ ਪਾਉਂਦਾ ਨਜ਼ਰ ਨਹੀਂ ਆਉਂਦਾ। ਅਖਬਾਰਾਂ ਵਿੱਚ ਜੋਤਸ਼ੀਆਂ, ਤਾਂਤਰਿਕਾਂ ਦੇ ਇਸ਼ਤਿਹਾਰਾਂ ਦੀ ਭਰਮਾਰ ਹੁੰਦੀ ਹੈ। ਇੱਕ ਅਖਬਾਰ ਦੇ ਮਾਲਕ ਨੇ ਤਾਂ ਸਪਸ਼ਟ ਕਿਹਾ ਕਿ ਅਖਬਾਰ ਸਾਡਾ ਬਿਜ਼ਨਸ ਹੈ। ਕਾਰੋਬਾਰ ਵਿਚ ਤਾਂ ਪੈਸਾ ਪ੍ਰਮੁੱਖ ਹੁੰਦਾ ਹੈ। ਕਾਰੋਬਾਰੀਆਂ ਨੂੰ ਆਮ ਲੋਕਾਂ ਦੀਆਂ ਸਮੱਸਿਆਵਾਂ ਨਾਲ ਕੋਈ ਵਾਸਤਾ ਨਹੀਂ ਹੁੰਦਾ। ਗੁਰਦੁਆਰਿਆਂ, ਪਾਰਕਾਂ ਤੇ ਹੋਰ ਪਬਲਿਕ ਥਾਵਾਂ ਉਪਰ ਇਨ੍ਹਾਂ ਅਖ਼ਬਾਰਾਂ ਬਾਰੇ ਕੋਈ ਚਰਚਾ ਸੁਣਨ ਨੂੰ ਨਹੀਂ ਮਿਲਦੀ। ਇੱਕ ਸੱਜਣ ਨੇ ਤਾਂ ਇਨ੍ਹਾਂ ਅਖ਼ਬਾਰਾਂ ਬਾਰੇ ਬੜੀ ਹੈਰਾਨ ਕਰਨ ਵਾਲੀ ਗੱਲ ਵੀ ਸਾਂਝੀ ਕੀਤੀ। ਕਹਿੰਦਾ ਇੱਕ ਲੜਕਾ ਅਜਿਹੀ ਕਿਸੇ ਪਬਲਿਕ ਥਾਂ ਤੋਂ ਅਖ਼ਬਾਰਾਂ ਦਾ ਥੱਬਾ ਭਰ ਕੇ ਲਿਜਾਅ ਰਿਹਾ ਸੀ। ਮੇਰੇ ਪੁੱਛਣ 'ਤੇ ਕਿ ਤੂੰ ਏਨੀਆਂ ਅਖ਼ਬਾਰਾਂ ਕੀ ਕਰਨੀਆਂ ਹਨ, ਉਸ ਈਮਾਨਦਾਰੀ ਨਾਲ ਜਵਾਬ ਦਿੱਤਾ ਕਿ ਮੈਂ ਘਰਾਂ ਵਿਚ ਪੇਂਟ ਕਰਨ ਦਾ ਕੰਮ ਕਰਦਾ ਹਾਂ। ਫ਼ਰਸ਼ ਗੰਦਾ ਨਾ ਹੋ ਜਾਵੇ ਇਸ ਲਈ ਥੱਲੇ ਕੁਝ ਵਿਛਾਉਣਾ ਪੈਂਦਾ ਹੈ। ਮੈਂ ਉਹ ਕੰਮ ਅਖ਼ਬਾਰਾ ਕੋਲੋਂ ਲੈਂਦਾ ਹਾਂ। ਮੁਫ਼ਤ

ਵਿਚ ਮਿਲਦਾ ਸਾਹਿਤ ਰੱਦੀ ਵਿਚ ਵੇਚਿਆ ਜਾਵੇਗਾ ਜਾਂ ਲਿਫਾਫੇ ਬਣਾਉਣ ਦੇ ਕੰਮ ਆਵੇਗਾ। ਪੰਜਾਬ ਵਿਚ ਵੀ ਪ੍ਰਸ਼ਾਦ ਵਾਂਗ ਵੰਡੀਆਂ ਜਾਂਦੀਆਂ ਕਿਤਾਬਾਂ ਦਾ ਹਸ਼ਰ ਅਜਿਹਾ ਹੀ ਹੁੰਦਾ ਹੈ। ਕਿਉਂਕਿ ਮੀਡੀਆ ਸਾਰਾ ਪ੍ਰਾਈਵੇਟ ਹੱਥਾਂ ਵਿਚ ਹੈ। ਇਸ ਲਈ ਵੱਖ-ਵੱਖ ਪ੍ਰੋਗਰਾਮਾਂ ਦੇ ਸੰਚਾਲਕਾਂ ਨੂੰ ਕੋਈ ਰਾਸ਼ੀ ਨਹੀਂ ਦਿੱਤੀ ਜਾਂਦੀ ਜਾਂ ਬਹੁਤ ਥੋੜ੍ਹੀ ਦਿੱਤੀ ਜਾਂਦੀ ਹੈ। ਲੇਖਕਾਂ, ਕਲਾਕਾਰਾਂ ਨੂੰ ਤਾਂ ਬੱਸ ਇਸ ਗੱਲ ਦੀ ਤਸੱਲੀ ਹੁੰਦੀ ਹੈ ਕਿ ਉਨ੍ਹਾਂ ਦਾ ਕਿਸੇ ਚੈਨਲ ਉਪਰ ਲਾਈਵ ਟੈਲੀਕਾਸਟ ਹੋ ਰਿਹਾ ਹੈ। ਮੀਡੀਆ ਬਾਰੇ ਇਹ ਕਹਿ ਸਕਦੇ ਹਾਂ ਕਿ ਬਹੁਤਾ ਕੁਝ ਤਾਂ ਮਾਲਕਾਂ ਦੀ ਕਾਰਗੁਜ਼ਾਰੀ ਉੱਪਰ ਅਤੇ ਈਮਾਨਦਾਰੀ ਉਪਰ ਹੀ ਨਿਰਭਰ ਕਰਦਾ ਹੈ, ਪਰ ਇਹ ਧੰਦਾ ਘਾਟੇ ਵਾਲਾ ਨਹੀਂ ਹੈ। ਅਸਲ ਵਿਚ ਤਾਂ ਹੋਰਨਾਂ ਖੇਤਰਾਂ ਵਿਚ ਸਥਾਪਿਤ ਹੋ ਚੁੱਕੇ ਲੋਕ ਹੀ ਮੀਡੀਆ ਵਾਲੇ ਪਾਸੇ ਆਉਂਦੇ ਹਨ। ਪੰਜਾਬ ਦੇ ਹਾਲਾਤਾਂ ਬਾਰੇ ਜਾਨਣ ਤੇ ਪਾਰਕਾਂ 'ਚ ਬਹਿ ਕੇ ਚਰਚਾ ਕਰਨ ਲਈ ਲੋਕ ਬਹੁਤਾ ਪ੍ਰਾਈਮ ਏਸ਼ੀਆ ਚੈਨਲ ਵੇਖਦੇ ਹਨ ਜਿੱਥੋਂ ਉਹ ਜਤਿੰਦਰ ਪੰਨੂੰ, ਸਰਵਣ ਸਿੰਘ ਟਹਿਣਾ ਤੇ ਗੁਰਪ੍ਰੀਤ ਸਿੰਘ ਸੰਧਾਵਾਲੀਆ ਅਤੇ ਹੋਰਾਂ ਦੀ ਗੱਲਬਾਤ ਉਪਰ ਨਿਰਭਰ ਕਰਦੇ ਹਨ। ਪ੍ਰਾਈਮ ਏਸ਼ੀਆ ਏਸ਼ੀਆ ਟੀ.ਵੀ. ਵੈਨਕੂਵਰ, ਟੋਰਾਂਟੋ, ਕੈਲਗਰੀ, ਮੈਲਬੋਰਨ ਅਤੇ ਜਲੰਧਰ ਤੋਂ ਬਾਅਦ ਹੁਣ ਚੰਡੀਗੜ੍ਹ ਵਿਚ ਵੀ ਆਪਣਾ ਸਟੂਡੀਉ ਖੋਲਣ ਜਾ ਰਿਹਾ ਹੈ। ਕੋਈ ਵੀ ਅਖਬਾਰ, ਰੇਡੀਓ, ਚੈਨਲ ਜਦ ਲੋਕ-ਹਿੱਤਾਂ ਦੀ ਸੁਹਿਰਦਤਾ ਨਾਲ ਗੱਲ ਕਰੇਗਾ ਤਾਂ ਲੋਕ ਉਸ ਨਾਲ ਜੁੜਨਗੇ। ਮੀਡੀਆ ਨੂੰ ਲੋਕਾਂ ਵਿਚ ਵਿਸ਼ਵਾਸ ਬਣਾਉਣ ਲਈ ਜਿਸ ਸੁਹਿਰਦਤਾ ਦੀ ਲੋੜ ਹੁੰਦੀ ਹੈ, ਉਹ ਕੈਨੇਡਾ ਦੇ ਮੀਡੀਆ ਵਿਚ ਨਜ਼ਰ ਨਹੀਂ ਆਉਂਦੀ। ਮੈਂ ਇੱਕ ਚੈਨਲ ਉਪਰ ਰਿਕਾਰਡਿੰਗ ਲਈ ਗਿਆ। ਅੱਧੇ ਘੰਟੇ ਦਾ ਪ੍ਰੋਗਰਾਮ ਸੀ। ਉਸ ਤੋਂ ਬਾਅਦ ਜਿਹੜਾ ਪ੍ਰੋਗਰਾਮ ਚੱਲਣਾ ਸੀ, ਉਸ ਸੱਜਣ ਦਾ ਟੈਲੀਫੋਨ ਆ ਗਿਆ ਕਿ ਉਸ ਨਹੀਂ ਆ ਸਕਣਾ। ਅਗਲਾ ਅੱਧਾ ਘੰਟਾ ਵੀ ਮੈਨੂੰ ਕਵਿਤਾਵਾਂ ਸੁਣਾਉਣੀਆਂ ਪਈਆਂ। ਸੁਖਿੰਦਰ ਪਿਛਲੇ ਤੀਹ ਸਾਲਾਂ ਤੋਂ ਸੰਵਾਦ ਨਾਂ ਦਾ ਦੋ-ਮਾਸਿਕ ਸਾਹਿਤਕ ਰਸਾਲਾ ਪ੍ਰਕਾਸ਼ਤ ਕਰ ਰਿਹਾ ਹੈ। ਭਾਵੇਂ ਇਥੋਂ ਦੇ ਲੇਖਕ ਭਾਈਚਾਰੇ ਵਿਚ ਉਹ ਅਣਗੌਲਿਆ ਵਿਅਕਤੀ ਲੱਗਦਾ ਹੈ, ਪਰ ਉਸ ਦੇ ਕਾਰਜ ਦੀ ਨਿਰੰਤਰਤਾ ਲਈ ਉਸ ਇੱਕਲੇ ਨੰਗੇ ਧੜ ਲੜ ਰਹੇ ਬੰਦੇ ਦੀ ਤਾਰੀਫ਼ ਕਰਨੀ ਬਣਦੀ ਹੈ। ਇਥੋਂ ਦੇ ਲੇਖਕਾਂ ਨੂੰ ਆਪਣੀ ਕਿਤਾਬ ਛਪਵਾਉਣ ਲਈ ਪੰਜਾਬ ਦੇ ਪ੍ਰਕਾਸ਼ਕਾਂ ਕੋਲ ਹੀ ਜਾਣਾ ਪੈਂਦਾ ਹੈ। ਚੇਤਨਾ ਪ੍ਰਕਾਸ਼ਨ ਵਾਲਾ ਸ਼ਤੀਸ਼ ਹਰ ਸਾਲ ਇਥੇ ਇੱਕ ਦੋ ਮਹੀਨੇ ਲਈ ਆਉਂਦਾ ਹੈ। ਉਸ ਦੀਆਂ ਕਿਤਾਬਾਂ ਦੀ ਵਾਹਵਾ ਵਿਕਰੀ ਹੋ ਜਾਂਦੀ ਹੈ। ਆਪਣੀਆਂ ਜੜ੍ਹਾਂ ਨਾਲੋਂ ਟੁੱਟਾ ਬੰਦਾ ਇਨ੍ਹਾਂ ਕਿਤਾਬਾਂ 'ਚੋਂ ਅਪਣੱਤ ਭਾਲਦਾ ਹੈ। ਪਾਤਰ ਇਥੇ ਆ ਜਾਵੇ ਤਾਂ ਟਿਕਟਾਂ ਖਰੀਦ ਕੇ ਉਸ ਨੂੰ ਸੁਣਨ ਵਾਲਿਆਂ ਦੀ ਗਿਣਤੀ ਹਜ਼ਾਰ ਤੋਂ ਟੱਪ ਜਾਂਦੀ ਹੈ। ਕਿਸੇ ਨਾਟਕ ਦਾ

ਸ਼ੋਅ ਹੋਵੇ ਤਾਂ ਵੀ ਹਾਲ ਭਰਿਆ ਹੁੰਦਾ ਹੈ। ਕਿਸੇ ਦਿਨ ਦਿਹਾਰ 'ਤੇ ਗੁਰਦਵਾਰਿਆਂ 'ਚ ਵਹੀਰਾਂ ਘੱਤ ਕੇ ਭਾਈਚਾਰੇ ਦੇ ਲੋਕ ਆਉਂਦੇ ਹਨ। ਪੰਜਾਬੀ ਬੰਦੇ ਨੇ ਸਾਹ ਲੈਣ ਜੋਗੀ ਸਪੇਸ ਆਪਣੇ ਲਈ ਬਣਾ ਰੱਖੀ ਹੈ। ਕੁਝ ਲੋਕਾਂ ਨੂੰ ਕਵਿਤਾ ਨੇ ਵੀ ਇਹ ਸਪੇਸ ਦਿੱਤੀ ਹੈ।

**ਗੁਰੂ ਨਾਨਕ ਬਹਾਨੇ ਸੰਵਾਦ ਤੇ ਕਵੀ ਦਰਬਾਰ**: ਦੁਨੀਆਂ ਨੇ ਹੁਣੇ-ਹੁਣੇ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਪੰਜਾਹਵਾਂ ਗੁਰਪੁਰਬ ਮਨਾਇਆ ਹੈ। ਇਸ ਨਾਲ ਸਬੰਧਤ ਸਮਾਗਮ ਪੰਜਾਬ (ਭਾਰਤ) ਸਮੇਤ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਅਤੇ ਦੁਨੀਆਂ ਦੇ ਹੋਰ ਦੇਸ਼ਾਂ, ਸ਼ਹਿਰਾਂ ਵਿੱਚ ਵੀ ਆਯੋਜਤ ਕੀਤੇ ਗਏ ਹਨ। ਗੁਰੂ ਨਾਨਕ ਕੇਵਲ ਸਿੱਖਾਂ ਦੇ ਹੀ ਗੁਰੂ ਨਾ ਹੋ ਕੇ ਸਮੁੱਚੀ ਲੋਕਾਈ ਦੇ ਸਰਬ-ਸਾਂਝੇ ਰਹਿਬਰ ਤੇ ਰਹਿਨੁਮਾ ਦੇ ਤੌਰ 'ਤੇ ਸਾਹਮਣੇ ਆਏ। ਇਸੇ ਵਿਚਾਰਧਾਰਾ ਨੂੰ ਲੈ ਕੇ ਵਿਸ਼ਵ ਪੰਜਾਬੀ ਕਾਨਫਰੰਸ ਟੋਰਾਂਟੋ ਵੱਲੋਂ ਵੀ ਇਥੇ ਬਰੈਂਪਟਨ ਵਿੱਚ 'ਗੁਰੂ ਨਾਨਕ ਚਿੰਤਨ ਅਤੇ ਫ਼ਲਸਫ਼ੇ ਦੀ ਸਮਕਾਲੀ ਪ੍ਰਸੰਗਿਕਤਾ' ਦੇ ਵਿਸ਼ੇ ਉਪਰ ਦੋ ਦਿਨਾਂ ਕਾਨਫਰੰਸ ਕਰਵਾਈ ਗਈ ਸੀ। ਇਸ ਵਿੱਚ ਭਾਰਤ, ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਇੰਗਲੈਂਡ ਸਮੇਤ ਬਹੁਤ ਸਾਰੇ ਦੇਸ਼ਾਂ ਤੋਂ ਵਿਦਵਾਨ, ਚਿੰਤਕ, ਸਾਹਿਤਕਾਰ, ਸਮਾਜ ਸੇਵੀ ਅਤੇ ਅਧਿਆਪਕ ਸ਼ਾਮਲ ਹੋਏ। ਵਿਸ਼ੇਸ਼ ਗੱਲ ਜਿਸ ਲਈ ਮੈਂ ਇਹ ਪ੍ਰਸੰਗ ਛੋਹਿਆ ਹੈ ਉਹ ਇਹ ਕਿ ਇਸੇ ਵਰ੍ਹੇ ਨਵੰਬਰ ਵਿੱਚ ਫਿਰ ਵਿਸ਼ਵ ਪੰਜਾਬੀ ਕਾਨਫਰੰਸ ਟੋਰਾਂਟੋ ਵੱਲੋਂ ਇੱਕ ਦਿਨਾਂ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਸਾਡੇ ਨੌਜਵਾਨ ਸ਼ਾਇਰ/ਵਿਦਵਾਨ ਡਾ. ਮੋਹਨ ਤਿਆਗੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੈਂ ਵੀ ਇਸ ਸੈਮੀਨਾਰ ਵਿੱਚ ਹਾਜ਼ਰ ਸਾਂ। ਪੰਜਾਬ ਤੋਂ ਕਵਿਤਰੀ ਮਨਜੀਤ ਇੰਦਰਾ ਅਤੇ ਅਮਰੀਕਾ ਤੋਂ ਰਵਿੰਦਰ ਸਹਿਰਾਅ, ਦਿਲਵੀਰ ਦਿਲ ਨਿੱਜਰ ਅਤੇ ਪਾਕਿਸਤਾਨ ਤੋਂ ਲੇਖਕ ਮੁਹੰਮਦ ਖਾਲਿਦ ਸ਼ਾਮਲ ਹੋਏ। ਵਰਿਆਮ ਸਿੰਘ ਸੰਧੂ ਦੀ ਪ੍ਰਧਾਨਗੀ 'ਚ ਹੋਏ ਇਸ ਸੈਮੀਨਾਰ ਦੀ ਵਿਸ਼ੇਸ਼ਤਾ ਇਹ ਰਹੀ ਕਿ ਸੈਮੀਨਾਰ ਵਿੱਚ ਵਿਦਵਾਨਾਂ ਦੁਆਰਾ ਪੜ੍ਹੇ ਗਏ ਪੇਪਰਾਂ ਦਾ ਸੰਗ੍ਰਹਿ ਡਾ.ਮੋਹਨ ਸਿੰਘ ਤਿਆਗੀ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਕੀਤੀ ਪੁਸਤਕ 'ਗੁਰੂ ਨਾਨਕ ਬਾਣੀ ਚਿੰਤਨ ਸਿਧਾਂਤ ਤੇ ਵਿਹਾਰ' ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਦੇ ਸਹਿ ਸੰਪਾਦਕ ਡਾ.ਕੰਵਰ ਜਸਮਿੰਦਰ ਪਾਲ ਸਿੰਘ ਹਨ। ਇਸ ਸੈਮੀਨਾਰ ਦੇ ਦੂਜੇ ਸੈਸ਼ਨ ਵਿੱਚ ਹੋਏ ਕਵੀ ਦਰਬਾਰ ਵਿੱਚ ਮੈਂ ਆਪਣੀ ਕਵਿਤਾ ਵੀ ਪੜ੍ਹੀ ਤੇ ਪ੍ਰਧਾਨਗੀ ਮੰਡਲ ਵਿੱਚ ਵੀ ਸ਼ਾਮਲ ਹੋਇਆ। ਇਸੇ ਸ਼ੈਸ਼ਨ ਦੌਰਾਨ 'ਅੱਖਰ' ਦਾ ਨਵਾਂ ਅੰਕ ਵੀ ਰਿਲੀਜ਼ ਕੀਤਾ ਗਿਆ।

**ਰਾਮਗੜ੍ਹੀਆ ਭਵਨ ਤੇ ਕਵਿਤਾ**: ਗੁਰੂ ਨਾਨਕ ਦੇਵ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਦੇ ਸਬੰਧ 'ਚ ਹੀ ਇਥੇ ਬਰੈਂਪਟਨ ਵਿੱਚ ਹੀ ਰਾਮਗੜ੍ਹੀਆ

ਕਮਿਊਨਿਟੀ ਸੈਂਟਰ ਵੱਲੋਂ ਸਰਬ ਸਾਂਝਾ ਅੰਤਰਰਾਸ਼ਟਰੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਭਾਰਤ ਤੋਂ ਮਨਜੀਤ ਇੰਦਰਾ, ਸਤਨਾਮ ਔਲ਼ਖ, ਅਮਰੀਕਾ ਤੋਂ ਰਵਿੰਦਰ ਸਹਿਰਾਅ, ਉਪਕਾਰਪ੍ਰੀਤ ਸਮੇਤ ਬਹੁਤ ਸਾਰੇ ਸ਼ਾਇਰ ਹਾਜ਼ਰ ਹੋਏ। ਇੱਕ ਵਿਸ਼ਾਲ ਹਾਲ 'ਚ ਕਰਵਾਏ ਇਸ ਕਵੀ ਦਰਬਾਰ ਵਿੱਚ ਪ੍ਰਬੰਧਾਂ ਦੀ ਘਾਟ ਜਰੂਰ ਨਜ਼ਰ ਆਈ ਪਰ ਕੁਲ ਮਿਲਾ ਕੇ ਸਮਾਗਮ ਸਫਲ ਰਿਹਾ। ਬਾਬੇ ਨਾਨਕ ਦੇ ਨਾਂ 'ਤੇ ਕਰਵਾਏ ਗਏ ਇਸ ਕਵੀ ਦਰਬਾਰ ਵਿੱਚ ਪੰਜਾਬ ਤੋਂ ਦੂਰ ਇਥੇ ਕੈਨੇਡਾ ਵਿੱਚ ਕਵਿਤਾਵਾਂ ਸੁਣਨ ਕਹਿਣ ਦੇ ਨਾਲ ਨਾਲ ਮੇਲੇ ਵਰਗਾ ਮਾਹੌਲ ਵੀ ਮਾਨਣ ਨੂੰ ਮਿਲਿਆ। ਉਂਝ ਰਾਮਗੜ੍ਹੀਆ ਭਵਨ ਵਿਚ ਹਰ ਮਹੀਨੇ ਵੀ ਕਵੀ ਦਰਬਾਰ ਕਰਵਾਇਆ ਜਾਂਦਾ ਹੈ। ਸ਼ਾਇਰ ਹਰਦਿਆਲ ਝੀਤਾ, ਡਾ.ਪਰਗਟ ਸਿੰਘ ਬੱਗਾ ਸਮੇਤ ਸੰਸਥਾ ਦੇ ਹੋਰ ਅਹੁੱਦੇਦਾਰ ਵੀ ਹਰ ਸਮਾਗਮ ਨੂੰ ਨੇਪਰੇ ਚਾੜਨ ਲਈ ਬੜੀ ਦਿਲਚਸਪੀ ਨਾਲ ਕੰਮ ਕਰਦੇ ਹਨ।

✿

# ਪਰਵਾਸ ਅਤੇ ਕਿਰਤ ਦੇ ਨਵੇਂ ਰੂਪ, ਸੰਭਾਵਨਾਵਾਂ

ਹਰ ਦਿਨ ਵਿੱਚ ਸੰਭਾਵਨਾਵਾਂ ਪਈਆਂ ਹੁੰਦੀਆਂ। ਵਕਤ ਕਦੀ ਵੀ ਸੰਭਾਵਨਾਵਾਂ ਤੋਂ ਸੱਖਣਾ ਨਹੀਂ ਹੁੰਦਾ। ਕਿਰਤ ਸੰਭਾਵਨਾਵਾਂ ਨੂੰ ਆਕਾਰ ਦਿੰਦੀ ਹੈ। ਕਿਰਤ ਸੁਪਨੇ ਨੂੰ ਸਾਕਾਰ ਕਰਦੀ ਹੈ। ਵਕਤ ਨਾਲ਼ ਕਿਰਤ ਦੇ ਰੂਪ ਵੀ ਬਦਲਦੇ ਹਨ। ਸਮਾਜਿਕ ਵਿਕਾਸ ਵਿੱਚ ਕਿਰਤ ਦੇ ਨਵੇਂ ਰੂਪ ਪਏ ਹੁੰਦੇ ਹਨ। ਉਹ ਵੱਖਰੀ ਗੱਲ ਹੈ ਕਿ ਸਮਾਜਿਕ ਵਿਕਾਸ ਵਿੱਚ ਕਿਰਤੀਆਂ ਦਾ ਸੰਗਠਿਤ ਸੰਘਰਸ਼ ਅਣਗੌਲਿਆ ਰਹਿ ਜਾਂਦਾ ਹੈ। ਇਸ ਤ੍ਰਾਸਦੀ ਦਾ ਇੱਕ ਕਾਰਣ ਕਿਰਤੀ ਵਰਗ ਅੰਦਰ ਹੋਰ ਵਰਗਾਂ ਦਾ ਹੋਂਦ ਵਿੱਚ ਆਉਣਾ ਵੀ ਹੁੰਦਾ। ਇਹ ਵਰਤਾਰਾ ਕਿਰਤੀਆਂ ਨੂੰ ਸੰਗਠਿਤ ਨਾ ਹੋਣ ਦਿੰਦਾ। ਆਪਸੀ ਅੰਤਰ ਵਿਰੋਧ ਕਿਰਤੀਆਂ ਨੂੰ ਧਨਾਡ ਜਮਾਤ ਮੂਹਰੇ ਬੇਵੱਸ ਕਰੀ ਰੱਖਦਾ। ਧਨਾਡਾਂ ਦੀ ਸੱਤਾ ਨਾਲ਼ ਭਾਈਵਾਲੀ ਹੁਣ ਲੁਕਵਾਂ ਏਜੰਡਾ ਨਹੀਂ ਰਿਹਾ। ਧਨਾਡਾਂ ਦੇ ਧੰਨ ਨਾਲ਼ ਕੋਈ ਵਿਸ਼ੇਸ਼ ਵਿਚਾਰਧਾਰਾ ਵਾਲੀ ਰਾਜਨੀਤਕ ਪਾਰਟੀ ਚੋਣ ਜਿੱਤਦੀ ਹੈ। ਆਪਣੀ ਸੱਤਾ ਦੌਰਾਨ ਉਹ ਪਾਰਟੀ ਧਨਾਡਾਂ ਦੇ ਹੱਕ ਵਿੱਚ ਭੁਗਤਦੇ ਕਾਨੂੰਨ ਘੜਦੀ ਹੈ। ਗਰੀਬ ਕਿਰਤੀ, ਛੋਟਾ ਕਿਸਾਨ ਤੇ ਬੇਰੁਜ਼ਗਾਰ ਜਵਾਨੀ ਦੇ ਹੱਥ-ਪੱਲੇ ਸਿਰਫ਼ ਸੰਘਰਸ਼ ਆਉਂਦਾ ਹੈ। ਸੜਕਾਂ 'ਤੇ ਪੁਲਿਸ ਦਾ ਤਸ਼ੱਦਦ ਸਹਿਣਾ ਤੇ ਝੂਠੇ ਕੇਸਾਂ ਵਿੱਚ ਜੇਲ੍ਹ ਜਾਣਾ ਇਨ੍ਹਾਂ ਦਾ ਨਸੀਬ ਬਣਦਾ ਹੈ। ਚੋਣਾਂ ਵੇਲ਼ੇ ਸਰਕਾਰਾਂ ਦੇ ਵਾਅਦੇ ਅਕਸਰ ਜੁਮਲੇ ਬਣ ਕੇ ਰਹਿ ਜਾਂਦੇ ਹਨ। ਧੰਨ ਨਾਲ਼ ਖਰੀਦੀ ਵੋਟ ਸਹਿਮਤੀ ਉਨ੍ਹਾਂ ਦੀਆਂ ਲਗਾਤਾਰ ਜਿੱਤਾਂ ਦਾ ਸਬੱਬ ਬਣਦੀ ਹੈ। ਕਿਸੇ ਘੱਟ ਗਿਣਤੀ ਧਰਮ ਖ਼ਿਲਾਫ਼ ਨਫ਼ਰਤ ਪੈਦਾ ਕਰਕੇ ਦੂਜੇ ਧਰਮ ਦੀਆਂ ਵੋਟਾਂ ਨਾਲ਼ ਬਹੁਮਤ ਹਾਸਲ ਕਰਨਾ ਰਾਜਨੀਤੀ ਦਾ ਆਮ ਵਰਤਿਆ ਜਾਣ ਵਾਲ਼ਾ ਪੈਂਤੜਾ ਹੈ। ਜਦ ਤੱਕ ਅਸੀਂ ਜਾਗਰੂਕ ਨਹੀਂ ਹੁੰਦੇ, ਆਪਣੀਆਂ ਲੋੜਾਂ ਥੁੜਾਂ ਬਾਰੇ ਸਾਂਝਾ ਸੰਘਰਸ਼ ਨਹੀਂ ਵਿੱਢਦੇ, ਲੋਕਤੰਤਰ ਅੰਦਰ ਸਹਿਮਤੀ ਜੁਟਾਉਣ ਲਈ ਵਰਤੇ ਜਾਂਦੇ ਅਮਾਨਵੀ ਢੰਗ ਤਰੀਕਿਆਂ ਖ਼ਿਲਾਫ਼ 'ਇਕੱਠੇ ਨਹੀਂ ਹੁੰਦੇ, ਇਹ ਸੰਤਾਪ ਇੰਝ ਹੀ ਹੰਢਾਉਂਦੇ ਰਹਾਂਗੇ। ਇਹ ਵਿਸ਼ਾ ਵਿਸਥਾਰ ਮੰਗਦਾ ਹੈ। ਗੱਲ ਉਸ ਨਵੇਂ ਵਰਤਾਰੇ ਦੀ ਵੀ ਕਰਨੀ ਬਣਦੀ ਹੈ ਜਿਸ ਵਿੱਚ ਅਸੀਂ ਬਿਨ੍ਹਾਂ ਸਰਕਾਰੀ ਸਹਾਇਤਾ ਉਡੀਕਿਆਂ ਆਪਣਾ ਜੀਵਨ ਨਿਰਬਾਹ ਕਰਨ ਦੇ ਯੋਗ ਹੋ ਸਕਦੇ ਹਾਂ। ਅੱਜ ਦੇ ਵਿਕਸਤ ਸਮਿਆਂ ਅੰਦਰ ਕਿਰਤ ਦੇ ਨਵੇਂ ਨਵੇਂ ਰੂਪ ਹੋਂਦ ਵਿੱਚ ਆ ਰਹੇ ਹਨ। ਕੀ ਅਸੀਂ ਆਪਣੇ ਵਰਗ ਦੇ

ਜਾਤੀ ਹੰਕਾਰ ਕਾਰਣ ਇਸ ਕਿਰਤ ਨੂੰ ਅਪਨਾਉਣ ਤੋਂ ਇਨਕਾਰੀ ਤਾਂ ਨਹੀਂ? ਇਸ ਬਾਰੇ ਸੰਖੇਪ ਵਿੱਚ ਗੱਲ ਕਰਦੇ ਹਾਂ।

ਕਦੀ ਪਿੰਡਾਂ ਵਿੱਚ ਕਿਸਾਨੀ ਨੂੰ ਆਰਥਿਕਤਾ ਦਾ ਆਧਾਰ ਮੰਨਿਆਂ ਜਾਂਦਾ ਸੀ। ਬਹੁਤ ਸਾਰੇ ਕਿਰਤੀ ਵਰਗ ਨੂੰ ਇਸ ਧੰਦੇ ਵਿੱਚ ਰੁਜ਼ਗਾਰ ਮਿਲ ਜਾਂਦਾ ਸੀ। ਆਪਣੇ ਟੱਬਰ ਨੂੰ ਪਾਲਣ ਤੇ ਘਰ ਦਾ ਗੁਜ਼ਾਰਾ ਕਰਨ ਲਈ ਉਨ੍ਹਾਂ ਨੂੰ ਘਰੋਂ ਬਾਹਰ ਦੂਰ-ਦੁਰਾਡੇ ਸ਼ਹਿਰਾਂ ਵਿੱਚ ਨਹੀਂ ਸੀ ਜਾਣਾ ਪੈਂਦਾ। ਜੀਵਨ ਸਾਦਾ ਸੀ ਅਤੇ ਜਿਊਣ ਲਈ ਲੋੜਾਂ ਸੀਮਤ ਸਨ। ਪਿੰਡਾਂ ਦੀ ਬਹੁਤੀ ਵੱਸੋਂ ਅਨਪੜ੍ਹ ਹੁੰਦੀ ਸੀ। ਵਕਤ ਨਾਲ਼ ਮਸ਼ੀਨੀਕਰਣ ਦੇ ਵਿਕਸਤ ਰੂਪ ਨੇ ਕਿਸਾਨੀ ਦਾ ਬਹੁਤਾ ਕੰਮ ਮਸ਼ੀਨਾਂ ਨੇ ਸਾਂਭ ਲਿਆ। ਮਹੀਨਿਆਂ ਵਿੱਚ ਹੋਣ ਵਾਲਾ ਕੰਮ ਦਿਨਾਂ ਵਿੱਚ ਹੋਣ ਲੱਗ ਪਿਆ। ਪਿੰਡ-ਪਿੰਡ ਸਕੂਲ ਖੁੱਲ੍ਹਣ ਨਾਲ਼ ਲੋਕ ਪੜ੍ਹ-ਲਿਖ ਗਏ। ਉਨ੍ਹਾਂ ਦੀ ਸੋਚ ਥੋੜ੍ਹੀ ਜਾਗਰਿਤ ਹੋਈ। ਜ਼ਿਮੀਦਾਰਾ ਨਿਜ਼ਾਮ ਅੰਦਰ ਬੰਧੂਆ ਮਜ਼ਦੂਰੀ ਕਰਨ ਨਾਲੋਂ ਉਹ ਪਿੰਡੋਂ ਬਾਹਰ ਹੋਰ ਕਿੱਤਿਆਂ ਵਿੱਚ ਆਹਰ ਲੱਭਣ ਲੱਗ ਪਏ। ਕੁਝ ਪੜ੍ਹ-ਲਿਖ ਕੇ ਫ਼ੌਜ, ਪੁਲਿਸ, ਅਧਿਆਪਨ ਅਤੇ ਹੋਰ ਕਿੱਤਿਆਂ ਵੱਲ ਚਲੇ ਗਏ। ਇਹ ਸਮਾਜਿਕ ਪਰਿਵਰਤਨ ਵਿੱਚ ਆ ਰਿਹਾ ਸਹਿਜ ਬਦਲਾਅ ਸੀ। ਪਰ ਫਿਰ ਅਚਾਨਕ ਵਿਕਾਸ ਦੀ ਰਫ਼ਤਾਰ ਮਨੁੱਖੀ ਸਮਰੱਥਾ ਤੋਂ ਬਹੁਤ ਅਗਾਂਹ ਨਿਕਲ ਗਈ। ਮਨੁੱਖ ਡੌਰ ਭੌਰਾ ਹੋਇਆ ਲੜਖੜਾ ਗਿਆ। ਉਸ ਦਾ ਸਹਿਜ ਵਿਗੜ ਗਿਆ। ਰਿਸ਼ਤਿਆਂ ਵਿਚਲੀ ਆਗਿਆਕਾਰੀ ਬਿਰਤੀ ਪਿਤਰੀ ਸੱਤਾ ਵਾਲੇ ਨਿਜ਼ਾਮ ਨੂੰ ਉਲੰਘਣ ਲੱਗੀ। ਸਾਂਝੇ ਪਰਿਵਾਰਾਂ ਦਾ ਟੁੱਟਣਾ ਆਮ ਵਰਤਾਰਾ ਬਣ ਗਿਆ। ਪਿੰਡਾਂ ਵਿਚੋਂ ਪਰਵਾਸ ਕਰਕੇ ਲੋਕ ਨੇੜੇ ਦੇ ਕਸਬੇ, ਸ਼ਹਿਰ ਵੱਲ ਜਾਣ ਲੱਗ ਪਏ। ਸ਼ਹਿਰ ਬਾਹਰ ਪਿੰਡਾਂ ਵੱਲ ਫੈਲਣ ਲੱਗ ਪਏ। ਨੇੜਲੇ ਪਿੰਡ ਸ਼ਹਿਰਾਂ ਨੇ ਨਿਗਲ ਲਏ। ਪਰ ਸ਼ਹਿਰਾਂ ਅੰਦਰ ਖਪਤ ਹੋ ਗਏ ਪਿੰਡਾਂ ਦੀ ਜ਼ਮੀਨ ਜਾਇਦਾਦ ਦੀ ਕੀਮਤ ਕਈ ਗੁਣਾ ਹੋ ਗਈ। ਸੜਕਾਂ, ਪੁਲਾਂ ਅਤੇ ਬਾਈਪਾਸ 'ਤੇ ਉੱਸਰੇ ਹਾਈਵੇਅ ਨੇ ਬਹੁਤ ਸਾਰੀ ਜ਼ਮੀਨ ਹੜੱਪ ਲਈ। ਹਾਈਵੇ ਦੇ ਕਿਨਾਰਿਆਂ 'ਤੇ ਰਿਜ਼ੋਰਟ, ਪਲਾਜ਼ੇ, ਰੈਸਟੋਰੈਂਟ ਸਮੇਤ ਬਹੁਤ ਕੁਝ ਅਜਿਹਾ ਉਸਰ ਗਿਆ ਕਿ ਵਿਦੇਸ਼ਾਂ ਦੇ ਵਸਨੀਕ ਬਣ ਚੁੱਕੇ ਪੰਜਾਬੀਆਂ ਅਤੇ ਸ਼ਹਿਰੀਕਰਣ ਦੇ ਇਸ ਫੈਲਾਅ ਹੇਠ ਆਈਆਂ ਜ਼ਮੀਨਾਂ ਵੇਚ ਕੇ ਧਨਾਡ ਬਣੇ ਲੋਕਾਂ ਇੱਕ ਨਵੀਂ ਜੀਵਨ ਜਾਚ ਨੂੰ ਜਨਮ ਦਿੱਤਾ। ਗੱਲ ਹੁਣ ਧੇਲੀ ਪੌਲੀ ਦੀ ਨਾ ਰਹੀ। ਲੱਖ ਵੀ ਕੱਖਾਂ ਵਰਗੇ ਹੋ ਗਏ। ਕਰੋੜਾਂ ਦੀਆਂ ਕਾਰਾਂ ਵਿਹੜਿਆਂ ਦਾ ਸ਼ਿੰਗਾਰ ਬਣ ਗਈਆਂ। ਵਿਆਹਾਂ ਦੀਆਂ ਅੱਧੀ ਦਰਜਨ ਰਸਮਾਂ 'ਤੇ ਲੱਖਾਂ ਨਹੀਂ ਕਰੋੜਾਂ ਖਰਚ ਹੋਣ ਲੱਗ ਪਏ। ਇਹ ਇਸ ਵਿਕਸਤ ਸਮਾਜ ਦਾ ਇੱਕ ਪੱਖ ਹੈ। ਇਸ ਦੇ ਵਿਪਰੀਤ ਕਿਰਤੀ ਸਮਾਜ ਜਿਊਣ ਜੋਗੇ ਸਾਹਾਂ ਲਈ ਸੰਘਰਸ਼ ਕਰਦਾ ਨਵੇਂ-ਨਵੇਂ ਕਿੱਤਿਆਂ ਨੂੰ ਅਪਨਾਉਣ ਲੱਗਾ। ਕਿਹੜੇ ਹਨ ਇਹ

ਨਵੇਂ ਕਿੱਤੇ ? ਕੀ ਸੰਭਾਵਨਾਵਾਂ ਹਨ ? ਮਨੁੱਖ ਦੀਆਂ ਲੋੜਾਂ ਥੁੜਾਂ ਲਈ ਜਿੰਨੇ ਕੁ ਸਹਾਇਕ ਹਨ ਇਹ ਕਿੱਤੇ ? ਸੰਖੇਪ ਵਿੱਚ ਗੱਲ ਕਰਦੇ ਹਾਂ:

ਸ਼ਹਿਰਾਂ, ਕਸਬਿਆਂ ਦੇ ਨੇੜਲੇ ਪਿੰਡਾਂ ਵਿਚੋਂ ਬਹੁਤ ਸਾਰੀਆਂ ਔਰਤਾਂ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਜਾਂਦੀਆਂ ਹਨ। ਕੁਝ ਦੁਰਾਡੇ ਪਿੰਡਾਂ ਵਾਲੀਆਂ ਬੱਸਾਂ ਰਾਹੀਂ ਵੀ ਜਾਂਦੀਆਂ ਹਨ। ਪੰਜਾਂ ਸੱਤਾਂ ਘਰਾਂ 'ਚ ਕੰਮ ਕਰਕੇ ਉਹ ਆਪਣੇ ਪਰਿਵਾਰ ਦੇ ਗੁਜ਼ਾਰੇ ਜੋਗਾ ਕਮਾ ਲੈਂਦੀਆਂ ਹਨ। ਕੋਠੀਆਂ ਵਿੱਚ ਕੰਮ ਕਰਦਿਆਂ ਉਹ ਕਈ ਕੁਝ ਨਵਾਂ ਵੀ ਸਿੱਖ ਲੈਂਦੀਆਂ ਹਨ। ਬੱਚਿਆਂ ਨੂੰ ਪੜ੍ਹਾਉਣ ਦੀ ਸੋਝੀ ਵੀ ਉਹਨਾਂ ਨੂੰ ਇਨ੍ਹਾਂ ਘਰਾਂ ਕੋਲੋਂ ਮਿਲ ਜਾਂਦੀ ਹੈ। ਇੰਝ ਉਹ ਕਮਾਈ ਕਰਨ ਦੇ ਨਾਲ਼ ਜੀਵਨ ਜਿਉਣ ਦੀ ਸੁਥਰੀ ਜਾਚ ਵੀ ਸਿੱਖ ਜਾਂਦੀਆਂ ਹਨ। ਇਨ੍ਹਾਂ ਪਰਿਵਾਰਾਂ ਦੇ ਜਵਾਨ ਲੜਕੇ ਸਵੇਰੇ ਪੰਜਾਂ ਸੱਤਾਂ ਘਰਾਂ ਦੀਆਂ ਕਾਰਾਂ ਧੋਣ ਦਾ ਕੰਮ ਕਰਦੇ ਹਨ। ਸਵੇਰੇ ਦੋ ਢਾਈ ਘੰਟੇ ਲਾ ਕੇ ਉਹ ਅੱਠ ਦਸ ਹਜ਼ਾਰ ਮਹੀਨੇ ਦਾ ਕਮਾ ਲੈਂਦੇ ਹਨ। ਬਾਕੀ ਸਾਰਾ ਦਿਨ ਉਹ ਕੋਈ ਹੋਰ ਕੰਮ ਕਰਦੇ ਹਨ। ਕਿਸੇ ਵੀ ਗਲ਼ੀ ਮੁਹੱਲੇ ਵਿਚੋਂ ਗੁਜ਼ਰਦਿਆਂ ਵੇਖਦੇ ਹਾਂ ਕਿ ਬਹੁਤ ਸਾਰੇ ਘਰਾਂ, ਪਲਾਟਾਂ ਵਿੱਚ ਉਸਾਰੀ ਦਾ ਕੰਮ ਚੱਲ ਰਿਹਾ ਹੁੰਦਾ ਹੈ। ਉਸਾਰੀ ਦੇ ਇਸ ਕੰਮ ਵਿੱਚ ਬਹੁਤ ਸਾਰੇ ਕਿੱਤਿਆਂ ਨਾਲ਼ ਸਬੰਧਤ ਲੇਬਰ ਦੀ ਲੋੜ ਪੈਂਦੀ ਹੈ। ਰਾਜ ਮਿਸਤਰੀ, ਕਾਰਪੇਂਟਰ, ਪਲੰਬਰ, ਬਿਜਲੀ ਦਾ ਕੰਮ ਕਰਨ ਵਾਲ਼ੇ, ਪੀ.ਓ.ਪੀ. ਅਤੇ ਪੇਂਟ ਕਰਨ ਵਾਲੇ, ਲੋਹੇ ਦੇ ਗੇਟ, ਗਰਿਲਾਂ ਬਣਾਉਣ ਵਾਲੇ, ਘਰ ਦੀ ਅੰਦਰੂਨੀ ਸਜਾਵਟ ਕਰਨ ਵਾਲੇ, ਪੱਥਰ ਤੇ ਟਾਈਲਾਂ ਲਾਉਣ ਵਾਲੇ, ਫਰਨੀਚਰ ਤਿਆਰ ਕਰਨ ਵਾਲੇ, ਆਟੋ ਮਕੈਨਿਕ, ਬਾਰਬਰ ਅਤੇ ਕਈ ਹੋਰ। ਇਨ੍ਹਾਂ ਕਿੱਤਿਆਂ ਨੂੰ ਕਰਨ ਵਾਲੇ ਜੇਕਰ ਬਹੁਤੇ ਪਰਵਾਸੀ ਮਜ਼ਦੂਰ ਹਨ ਤਾਂ ਸਥਾਨਕ ਲੇਬਰ ਦੀ ਅਖੌਤੀ ਅਭਿਮਾਨੀ ਮਾਨਸਿਕਤਾ ਨੂੰ ਸਮਝਣ ਦੀ ਲੋੜ ਹੈ। ਇਹ ਸਾਰੇ ਕਿੱਤੇ ਅਸੀਂ ਵਿਦੇਸ਼ਾਂ ਵਿੱਚ ਜਾ ਕੇ ਬੜੇ ਉਤਸ਼ਾਹ ਨਾਲ਼ ਕਰਦੇ ਹਾਂ। ਅਸੀਂ ਗੁਰੂ ਨਾਨਕ ਦੇ ਪੈਰੋਕਾਰ ਉਸਦੇ ਕਿਰਤ ਕਰਨ ਦੇ ਫ਼ਲਸਫੇ ਨੂੰ ਵਿਸਾਰੀ ਕਿਉਂ ਬੈਠੇ ਹਾਂ ? ਕੋਰੀਅਰ ਸਰਵਿਸ ਵਿੱਚ ਸੈਂਕੜੇ ਮੁੰਡੇ, ਕੁੜੀਆਂ ਆਹਰੇ ਲੱਗੇ ਹਨ। ਪਾਰਸਲ ਡਲਿਵਰ ਕਰਨ ਦਾ ਧੰਦਾ ਵੀ ਬਹੁਤ ਸਾਰੇ ਨੌਜਵਾਨਾਂ ਨੇ ਅਪਣਾਇਆ ਹੈ। ਘਰਾਂ ਵਿੱਚ ਫੁੱਲਾਂ ਬੂਟਿਆਂ ਦੀ ਸਾਂਭ ਸੰਭਾਲ ਲਈ ਮਾਲੀ, ਰੇਹੜਿਆਂ ਤੇ ਗਲੀਆਂ ਬਜ਼ਾਰਾਂ ਵਿੱਚ ਜਾ ਕੇ ਸਬਜ਼ੀਆਂ ਵੇਚਣ ਦਾ ਕੰਮ, ਫਲਾਂ ਦੀਆਂ ਰੇੜ੍ਹੀਆਂ ਲਾਉਣੀਆਂ, ਮੂੰਗਫਲੀ, ਗੋਲ ਗੱਪੇ, ਟਿੱਕੀਆਂ, ਕੁਲਚੇ-ਛੋਲੇ ਦੀ ਰੇੜ੍ਹੀ, ਸਮੋਸੇ, ਪਕੌੜੇ ਆਦਿ ਬਹੁਤ ਸਾਰੇ ਧੰਦੇ ਹਨ ਜਿਹਨਾਂ ਤੋਂ ਇੱਕ ਵਰਗ ਕਮਾਈ ਕਰਕੇ ਚੰਗੀ ਜ਼ਿੰਦਗੀ ਜੀਅ ਰਿਹਾ ਹੈ। ਡਿਜ਼ੀਟਲ ਯੁੱਗ ਵਿੱਚ ਵੱਖ-ਵੱਖ ਕੰਪਨੀਆਂ ਦੇ ਮੁਲਾਜ਼ਮ ਬਣਕੇ ਨੌਜਵਾਨ ਮੁੰਡੇ ਕੁੜੀਆਂ ਰੋਟੀ-ਰੋਜ਼ੀ ਕਮਾ ਰਹੇ ਹਨ। ਵਾਈ ਫਾਈ ਨਾਲ਼ ਸਬੰਧਤ ਕੰਮ, ਕੰਪਿਊਟਰ, ਲੈਪਟੌਪ, ਫ਼ਰਿੱਜ, ਏ.ਸੀ. ਪੱਖੇ, ਗੀਜ਼ਰ ਅਤੇ ਆਰ.ਓ

ਦੇ ਮਕੈਨਿਕ ਚੰਗੀ ਕਮਾਈ ਕਰ ਰਹੇ ਹਨ। ਕਹਿਣ ਤੋਂ ਭਾਵ ਹੈ ਕਿ ਅੱਜ ਦੇ ਇਸ ਡਿਜ਼ੀਟਲ ਸਮਿਆਂ ਅੰਦਰ ਬਹੁਤ ਸਾਰੇ ਨਵੇਂ ਕਿੱਤੇ ਹੋਂਦ ਵਿੱਚ ਆ ਗਏ ਹਨ। ਅਸੀਂ ਸਕੂਲਾਂ ਕਾਲਜਾਂ ਤੋਂ ਬਾਹਰ ਨਿੱਜੀ ਮਲਕੀਅਤ ਵਾਲੀਆਂ ਦੁਕਾਨਾਂ, ਕੰਪਨੀਆਂ ਤੋਂ ਕਿਸੇ ਕਿੱਤੇ ਨੂੰ ਸਿੱਖਣ ਦਾ ਉਪਰਾਲਾ ਕਰ ਸਕਦੇ ਹਾਂ। ਲੋੜ ਕੋਈ ਇੱਕ ਕਿੱਤਾ ਅਪਨਾਉਣ ਦੀ, ਮਿਹਨਤ ਮੁਸ਼ੱਕਤ ਕਰਨ ਦੀ, ਸੁਹਿਰਦਤਾ ਤੇ ਈਮਾਨਦਾਰੀ ਦੀ, ਲਗਨ ਦੀ ਤੇ ਆਪਣੇ ਕਿੱਤੇ ਵਿੱਚ ਹੋਰ ਹੋਰ ਸਿੱਖਣ ਦੀ ਹੋਣੀ ਚਾਹੀਦੀ ਹੈ। ਕੁਦਰਤ ਵਲੋਂ ਬਖ਼ਸ਼ੇ ਅੰਦਰ ਪਏ ਕਿਸੇ ਹੁਨਰ ਨੂੰ ਅਪਨਾਉਣ ਤੇ ਸਿੱਖਣ ਦੀ ਲੋੜ ਹੁੰਦੀ ਹੈ। ਅਧਿਆਪਕਾਂ ਅਤੇ ਮਾਪਿਆਂ ਨੂੰ ਵੀ ਬੱਚੇ ਦੀ ਰੁਚੀ ਵੇਖ ਕੇ ਉਸਦੇ ਕੰਮ ਦੀ ਚੋਣ ਕਰਨੀ ਚਾਹੀਦੀ ਹੈ। ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਰਗੇ ਵਿਕਸਤ ਦੇਸ਼ਾਂ ਵਿੱਚ ਹੱਥੀਂ ਕਿਰਤ ਕਰਨ ਵਾਲ਼ੇ ਡਾਕਟਰਾਂ, ਇੰਨਜੀਨੀਅਰਾਂ ਨਾਲੋਂ ਵੱਧ ਕਮਾਅ ਰਹੇ ਹਨ। ਕਈ ਤਾਂ ਆਪਣੀ ਚੰਗੀ ਭਲੀ ਨੌਕਰੀ ਛੱਡ ਕੇ ਹੱਥੀਂ ਕੰਮ ਕਰਨ ਵਾਲੇ ਕਿੱਤਿਆਂ ਵੱਲ ਆ ਰਹੇ ਹਨ। ਅੰਤਮ ਨਿਰਣਾ ਇਹ ਹੈ ਕਿ ਕੋਸ਼ਿਸ਼ ਕਰਾਂਗੇ, ਤੁਰਾਂਗੇ ਤਾਂ ਰਾਹ ਬਣਨਗੇ। ਵਿਹਲੜਾਂ, ਨਿਕੰਮਿਆਂ ਤੇ ਜਾਤ, ਧਰਮ ਚੁੱਕੀ ਫਿਰਦੇ ਫੋਕੀ ਆਕੜ ਵਾਲਿਆਂ ਲਈ ਸਾਰੇ ਰਾਹ ਬੰਦ ਹਨ। ਆਮਦਨ ਦੇ ਸੀਮਤ ਸਾਧਨਾ ਵਾਲੇ ਪਰਿਵਾਰਾਂ ਨੂੰ ਅਜਿਹੇ ਕਿੱਤੇ ਅਪਨਾਉਣ ਦੀ ਲੋੜ ਹੈ। ਸੁਰਜੀਤ ਪਾਤਰ ਦਾ ਸ਼ੇਅਰ ਮੈਂ ਰਾਹਾਂ 'ਤੇ ਨਹੀਂ ਤੁਰਦਾ ਦੇ ਅੰਤਰੀਵ ਭਾਵ ਨੂੰ ਸਮਝਣ ਦੀ ਲੋੜ ਹੈ। ਆਪਣੇ ਰਾਹ ਖ਼ੁਦ ਬਣਾਉਣੇ ਪੈਣੇ ਹਨ। ਨਿਰਾਸਤਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੁੰਦੀ। ਮੁਸ਼ੱਕਤ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਕਰ ਦਿੰਦੀ ਹੈ। ਕੈਨੇਡਾ ਸਮੇਤ ਬਾਹਰਲੇ ਦੇਸ਼ਾਂ ਵਿੱਚ ਸਟੱਡੀ ਵੀਜ਼ੇ, ਵਰਕ ਪਰਮਿਟ ਜਾਂ ਕਿਸੇ ਹੋਰ ਸਟੇਟਸ ਅਧੀਨ ਗਏ ਨੌਜਵਾਨ ਮੁੰਡੇ ਕੁੜੀਆਂ ਉਥੇ ਮਿਲਦੀ ਹਰ ਜੌਬ ਨੂੰ ਬਿਨ੍ਹਾਂ ਕਿਸੇ ਹਿਚਕਚਾਹਟ ਦੇ ਕਰਦੇ ਹਨ। ਹੁਣ ਜਦੋਂ ਉਥੇ ਮੰਦੀ ਦਾ ਦੌਰ ਚੱਲ ਰਿਹਾ ਹੈ, ਕੰਮ ਲੱਭਣਾ ਇੱਕ ਵੱਡੀ ਸਮੱਸਿਆ ਬਣ ਗਈ ਹੈ। ਔਰਤਾਂ ਉਥੇ ਘਰਾਂ ਦੀ ਸਫਾਈ ਕਰਨ ਅਤੇ ਪੋਚੇ ਲਾਉਣ ਦਾ ਕੰਮ ਵੀ ਕਰਦੀਆਂ ਹਨ। ਰੈਸਟੋਰੈਂਟਾਂ ਵਿੱਚ ਵੇਟਰ ਦਾ ਕੰਮ ਮਿਲਣਾ ਤਾਂ ਜਿਵੇਂ ਲਾਟਰੀ ਨਿਕਲਣ ਵਾਂਗ ਹੋਵੇ। ਕਹਿਣ ਦਾ ਭਾਵ ਇਹ ਹੈ ਕਿ ਕੰਮ ਕੋਈ ਵੀ ਮਾੜਾ ਨਹੀਂ ਹੈ। ਬਦਲਦੇ ਸਮਿਆਂ ਅੰਦਰ ਨਵੇਂ ਕਿੱਤਿਆਂ ਨੂੰ ਅਪਨਾਉਣਾ ਨਵੇਂ ਸੁਪਨਿਆਂ ਨੂੰ ਸਾਕਾਰ ਕਰਨ ਵਾਂਗ ਹੈ। ਪਰਵਾਸ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਕਿਰਤ ਕਰਨ ਦੇ ਮਹੱਤਵ ਨੂੰ ਸਮਝਾਇਆ ਹੈ। ਬਾਬੇ ਨਾਨਕ ਦੇ ਕਿਰਤ ਕਰਨ ਦੇ ਫ਼ਲਸਫੇ ਨੂੰ ਸਮਝਣ ਤੇ ਅਪਣਾਉਣ ਦੀ ਲੋੜ ਹੈ।

ਕਿਰਤ ਕਰਦਿਆਂ ਸੰਘਰਸ਼ ਕਰਨ ਅਤੇ ਰਾਜਨੀਤਕ ਤੌਰ ਤੇ ਜਾਗਰੂਕ ਹੋਣ ਲਈ ਕਿਸੇ ਵਾਧੂ ਸਮੇਂ ਦੀ ਲੋੜ ਨਹੀਂ ਪੈਂਦੀ। ਪ੍ਰਸਥਿਤੀਆਂ ਨੂੰ ਅਣਗੌਲਿਆਂ ਕਰਕੇ ਜਿਉਣਾ ਹਾਰੇ ਹੋਏ ਜੀਵਨ ਦੀ ਨਿਰਾਸਤਾ ਹੰਢਾਉਣ ਵਾਂਗ ਹੁੰਦਾ ਹੈ।

ਜੀਵਨ ਵਿੱਚ ਜਿਉਣ ਵਰਗਾ ਕੁਝ ਹੋਵੇ ਤਾਂ ਹੀ ਜੀਵਨ ਦੀ ਸਮਝ ਪੈਂਦੀ ਹੈ। ਸਮਕਾਲ ਦੀਆਂ ਪੇਚੀਦਗੀਆਂ ਨੂੰ ਸਮਝਣ, ਜਾਣਨ ਦੀ ਜਗਿਆਸਾ ਨਾਲ਼ ਹੀ ਅਸੀਂ ਉਤਸ਼ਾਹ ਭਰਪੂਰ ਜੀਵਨ ਜੀਅ ਸਕਦੇ ਹਾਂ। ਸੱਤਾ ਦੀਆਂ ਅਮਾਨਵੀ ਚਾਲਾਂ ਦੇ ਵਿਰੋਧ ਵਿੱਚ ਸੜਕਾਂ 'ਤੇ ਨਿਕਲਦੇ ਲੋਕਾਂ ਦਾ ਹਿੱਸਾ ਬਣਨਾ ਸਾਡੀ ਜੀਵਨ ਜਾਚ ਦਾ ਹਿੱਸਾ ਹੋਣਾ ਚਾਹੀਦਾ ਹੈ। ਇਹ ਛੋਟੀਆਂ ਗੱਲਾਂ ਹਨ ਪਰ ਇਨ੍ਹਾਂ ਦੇ ਨਤੀਜੇ ਵੱਡੇ ਅਰਥਾਂ ਵਾਲ਼ੇ ਹਨ। ਸਮਕਾਲ ਦੇ ਨਕਸ਼ਾਂ ਨੂੰ ਸਮਝਣ ਅਤੇ ਅਪਨਾਉਣ ਦੀ ਲੋੜ ਹੈ।